Space for Available for Advertising

WWW.PREETNEWS.COM

WWW.PREETNAMA.COM

preetnamausa@gmail.com

ਨਿਊਯਾਰਕ

ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ

Preetnamausa@gmail.com

ਸਾਲ 4, ਅੰਕ 256, ਮਿਤੀ : 07 ਜੂਨ ਤੋਂ 13 ਜੂਨ 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਭਾਰਤ ਦੀਆਂ ਲੋਕ ਸਭਾ ਚੋਣਾਂ 2024

## ਮੋਦੀ ਨੂੰ ਗੱਠਜੋੜ ਵਾਲੀ ਸਰਕਾਰ ਚਲਾਉਣ ਵਿੱਚ ਕੀ ਦਿੱਕਤਾਂ ਆ ਸਕਦੀਆਂ ਹਨ, ਕਿਹੜੇ ਫੈਸਲੇ ਲੈਣੇ ਹੁਣ ਸੌਖੇ ਨਹੀਂ ਹੋਣੇ



ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਬਣ ਕੇ ਇਤਿਹਾਸ ਰਚਣ ਜਾ ਰਹੇ ਹਨ। ਉਨ੍ਹਾਂ ਤੋਂ ਪਹਿਲਾਂ ਅਜਿਹਾ ਸਿਰਫ ਇੱਕ ਵਾਰ ਹੋਇਆ ਸੀ, ਜਦੋਂ ਬ੍ਰਿਟਿਸ਼ ਰਾਜ ਤੋਂ ਆਜ਼ਾਦੀ ਮਿਲਣ ਤੋਂ ਬਾਅਦ ਜਵਾਹਰ ਲਾਲ ਨਹਿਰੂ 16 ਸਾਲ ਤੱਕ ਆਜ਼ਾਦ ਭਾਰਤ ਦੇ ਪ੍ਰਧਾਨ ਮੰਤਰੀ ਰਹੇ ਸਨ। ਲੇਕਿਨ ਮੋਦੀ ਦੀ ਜਿੱਤ ਵਿੱਚ ਉਨ੍ਹਾਂ ਦੀ ਪਾਰਟੀ ਦੀ 63 ਸੀਟਾਂ ਉੱਤੇ ਹਾਰ ਵੀ ਸ਼ਾਮਿਲ ਹੈ। ਆਪਣੇ ਦਮ ਉੱਤੇ ਸਰਕਾਰ ਨਾ ਬਣਾ ਸਕਣ ਦੀ ਸੂਰਤ ਵਿੱਚ ਤਾਂ ਉਹ ਪੂਰੀ ਤਰ੍ਹਾਂ ਆਪਣੇ ਸਹਿਯੋਗੀਆਂ @ਤੇ ਨਿਰਭਰ ਹਨ। ਆਪਣੇ ਲੰਬੇ ਸਿਆਸੀ ਜੀਵਨ ਵਿੱਚ, ਨਰਿੰਦਰ ਮੋਦੀ ਨੇ ਕਦੇ ਵੀ ਗੱਠਜੋੜ ਸਰਕਾਰ ਦੀ ਅਗਵਾਈ ਨਹੀਂ ਕੀਤੀ – ਨਾ ਤਾਂ ਗੁਜਰਾਤ ਵਿੱਚ ਮੁੱਖ ਮੰਤਰੀ ਵਜੋਂ, ਨਾ ਹੀ ਕੇਂਦਰ ਵਿੱਚ ਪਿਛਲੇ ਦੋ ਕਾਰਜਕਾਲਾਂ ਦੌਰਾਨ। ਦੂਜੇ ਪਾਸੇ ਕਾਂਗਰਸ ਦੀ ਅਗਵਾਈ ਵਾਲੇ ਭਾਰਤ ਗਠਜੋੜ ਨੂੰ ਉਮੀਦ ਤੋਂ ਵੱਧ ਸੀਟਾਂ ਮਿਲੀਆਂ ਹਨ।ਮਜ਼ਬੂਤ ਵਿਰੋਧੀ ਧਿਰ ਦੇ ਸਾਹਮਣੇ ਭਾਜਪਾ ਦੀ ਕਮਜ਼ੋਰ ਸਥਿਤੀ ਦੇ ਮੱਦੇਨਜ਼ਰ, ਮੋਦੀ ਲਈ ਪਾਰਟੀ ਦੇ ਅੰਦਰ ਅਤੇ ਸਥਿਰਤਾ ਨਾਲ ਸਰਕਾਰ ਚਲਾਉਣਾ ਇੱਕ ਖਾਸ ਚੁਣੌਤੀ ਹੋਵੇਗੀ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਚੋਣ ਨਤੀਜਿਆਂ ਨੂੰ ਪ੍ਰਧਾਨ ਮੰਤਰੀ ਦੀ ਨੈਤਿਕ ਹਾਰ ਦੱਸਿਆ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ਦੇਸ ਨੇ ਮੋਦੀ ਜੀ ਨੂੰ ਕਹਿ ਦਿੱਤਾ ਹੈ ਕਿ ਸਾਨੂੰ ਤੁਸੀਂ, ਨਹੀਂ ਚਾਹੁੰਦੇ। ਸਾਲ 2014 ਅਤੇ 2019 ਦੀਆਂ ਆਮ ਚੋਣਾਂ ਵਾਂਗ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਚੋਣਾਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ @ਤੇ ਲੜੀਆਂ ਸਨ। ਇਲਾਕੇ ਦੇ ਉਮੀਦਵਾਰ ਦਾ ਜ਼ਿਕਰ ਹੋਵੇ ਜਾਂ ਨਾ ਹੋਵੇ, ਹਰ ਪੋਸਟਰ ਉੱਤੇ ਮੋਦੀ ਦਾ ਚਿਹਰਾ ਸੀ।ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੇ ਹਰ ਰੈਲੀ ਵਿੱਚ 'ਮੋਦੀ ਦੀ ਗਾਰੰਟੀ' ਦਾ ਨਾਅਰਾ ਦੁਹਰਾਇਆ। ਵਾਅਦਾ ਕੀਤਾ ਕਿ ਉਹ ਖ਼ੁਦ ਇਹ ਯਕੀਨੀ ਬਣਾਉਣਗੇ ਕਿ ਪਿਛਲੇ ਦਹਾਕੇ ਦੌਰਾਨ ਉਨ੍ਹਾਂ ਦੀ ਸਰਕਾਰ ਵੱਲੋਂ ਲਿਆਂਦੀਆਂ ਗਈਆਂ ਨੀਤੀਆਂ ਨੂੰ ਲਾਗੂ ਹੋਣ।ਇਸ ਲਈ ਇਨ੍ਹਾਂ ਨਤੀਜਿਆਂ ਨੂੰ ਉਸ ਦੇ ਸਿਆਸੀ ਰੁਤਬੇ ਨੂੰ ਘਟਾਉਣ ਵਾਲਾ ਮੰਨਿਆ ਜਾ ਰਿਹਾ ਹੈ।ਨਿਊਜ਼ ਵੈੱਬਸਾਈਟ ਦਿ ਵਾਇਰ ਦੀ ਸੰਪਾਦਕ ਸੀਮਾ ਚਿਸ਼ਤੀ ਨੇ ਬੀਬੀਸੀ ਨੂੰ ਦੱਸਿਆ, ਪ੍ਰਧਾਨ ਮੰਤਰੀ ਮੋਦੀ ਦੇ ਅਕਸ ਨੂੰ ਭਾਰੀ ਸੱਟ ਵੱਜੀ ਹੈ। ਹੁਣ ਤੱਕ ਲੋਕਾਂ ਦੀਆਂ ਬਹੁਮਤ ਵਿੱਚ ਵੋਟਾਂ ਮਿਲਣ ਕਰਕੇ ਭਾਜਪਾ ਦੇ ਹਿੰਦੂਤਵ ਪ੍ਰੋਜੈਕਟ ਨੂੰ ਮਾਨਤਾ ਮਿਲ ਰਹੀ ਸੀ। ਇਸ ਲਈ ਹੁਣ ਪਾਰਟੀ ਆਪਣੇ ਦਮ ਉੱਤੇ ਸਰਕਾਰ ਨਹੀਂ ਬਣਾ ਸਕਦੀ, ਇਹ ਬਹੁਤ ਵੱਡਾ ਬਦਲਾਅ ਹੈ।ਭਾਜਪਾ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਉਸ ਉੱਤੇ ਮੀਡੀਆ ਨੂੰ ਦਬਾਉਣ ਅਤੇ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਇਲਜ਼ਾਮ ਲੱਗੇ ਸਨ।ਮੋਦੀ ਸਰਕਾਰ ਉੱਤੇ ਮੁਸਲਮਾਨ ਵਿਰੋਧੀ ਮੰਨੇ ਜਾਣ ਵਾਲੇ ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਵਿਆਪਕ ਮੁਜ਼ਾਹਰੇ ਹੋਏ ਅਤੇ ਕਿਸਾਨ ਅੰਦੋਲਨ ਤੋਂ ਬਾਅਦ ਸਰਕਾਰ ਨੂੰ ਖੇਤੀਬਾੜੀ ਕਾਨੂੰਨ ਨੂੰ ਵੀ ਵਾਪਸ ਲੈਣਾ ਪਿਆ।ਇਕ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਸਿਆਸੀ ਵਿਸ਼ਲੇਸ਼ਕ ਯੋਗੇਂਦਰ ਯਾਦਵ ਨੇ ਚੋਣ ਨਤੀਜਿਆਂ ਨੂੰ @ਪ੍ਰਣਾਲੀ ਤੇ ਲੋਕਾਂ ਦੀ ਜਿੱਤ ਕਰਾਰ ਦਿੱਤਾ।

**ਮੋਦੀ ਅਜਿੱਤ ਨਹੀਂ ਹਨ**

ਇਸ ਸਭ ਦੇ ਬਾਵਜੂਦ ਜਦੋਂ ਨਰਿੰਦਰ ਮੋਦੀ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਨ ਲਈ ਭਾਜਪਾ ਦਫ਼ਤਰ ਪੁੱਜੇ ਤਾਂ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਫੁੱਲਾਂ ਦੀ ਵਰਖਾ ਹੋਈ ਅਤੇ 'ਜੈ ਸ਼੍ਰੀ ਰਾਮ' ਦੇ ਨਾਅਰੇ ਗੂੰਜੇ। ਜੇਕਰ ਉਨ੍ਹਾਂ ਦੇ ਆਉਣ ਵਾਲੇ ਕਾਰਜਕਾਲ ਨੂੰ ਲੈ ਕੇ ਉਨ੍ਹਾਂ ਦੇ ਮਨ ਚ ਕੋਈ ਚਿੰਤਾ ਹੈ ਵੀ ਤਾਂ ਇਹ ਜ਼ਾਹਰ ਨਹੀਂ ਹੋਈ।ਉਨ੍ਹਾਂ ਨੇ ਇਸ ਨੂੰ ਦੁਨੀਆ ਦੀ ਸਭ ਤੋਂ ਵੱਡੀ ਜਿੱਤ ਦੱਸਿਆ ਅਤੇ ਕਿਹਾ, ਇਹ ਮੈਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ।ਆਉਣ ਵਾਲਾ ਸਮਾਂ ਨਰਿੰਦਰ ਮੋਦੀ ਲਈ ਨਵਾਂ ਅਤੇ ਔਖਾ ਹੋ ਸਕਦਾ ਹੈ ਅਤੇ ਪਹਿਲੀ ਵਾਰ ਗੱਠਜੋੜ ਦੀ ਸਰਕਾਰ ਚਲਾਉਣ ਲਈ ਹੋਰ ਮਿਹਨਤ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਇਸ ਚੋਣ ਤੋਂ ਪਹਿਲਾਂ ਭਾਜਪਾ ਨੇ ਆਪਣਾ ਸਭ ਤੋਂ ਪੁਰਾਣਾ ਸਹਿਯੋਗੀ ਅਕਾਲੀ ਦਲ ਗੁਆ ਦਿੱਤਾ ਅਤੇ ਆਪਣੀ ਦੂਜੀ ਪੁਰਾਣੀ ਸਹਿਯੋਗੀ ਸ਼ਿਵ ਸੈਨਾ ਨੂੰ ਦੋ ਹਿੱਸਿਆਂ ਵਿੱਚ ਤੋੜ ਦਿੱਤਾ।ਇਸ ਨੇ ਆਪਣੇ ਛੋਟੇ ਸਹਿਯੋਗੀਆਂ ਪ੍ਰਤੀ ਪਾਰਟੀ ਦੇ ਰਵੱਈਏ ਦੀ ਇੱਕ ਬੁਰੀ ਮਿਸਾਲ ਕਾਇਮ ਕੀਤੀ।ਅੰਗਰੇਜ਼ੀ ਅਖਬਾਰ ਦ ਹਿੰਦੂ ਬਿਜ਼ਨਸ ਲਾਈਨ ਦੀ ਸਿਆਸੀ ਸੰਪਾਦਕ ਪੂਰਨਿਮਾ ਜੋਸ਼ੀ ਨੇ ਬੀਬੀਸੀ ਨੂੰ ਦੱਸਿਆ, ਨਰਿੰਦਰ ਮੋਦੀ ਦੀ ਸਿਆਸੀ ਸਾਖ ਕਾਫ਼ੀ ਘੱਟ ਗਈ ਹੈ ਅਤੇ ਹੁਣ ਉਹ ਪਿਛਲੇ ਦੋ ਕਾਰਜਕਾਲਾਂ ਵਾਂਗ ਇੱਕ ਪਾਸੜ ਨੀਤੀਆਂ ਬਣਾਉਣ ਅਤੇ ਫ਼ੈਸਲੇ ਲੈਣ ਦੀ ਸਥਿਤੀ ਵਿੱਚ ਨਹੀਂ ਹੋਣਗੇ।ਜੋਸ਼ੀ ਅਨੁਸਾਰ ਗਠਜੋੜ ਦੇ ਦੌਰ ਵਿੱਚ ਭਾਜਪਾ ਵੱਲੋਂ ਪਿਛਲੇ ਦਸ ਸਾਲਾਂ ਵਿੱਚ ਮੁਸਲਿਮ ਭਾਈਚਾਰੇ ਖ਼ਿਲਾਫ਼ ਖੁੱਲ੍ਹੇਆਮ ਨਫ਼ਰਤ ਭਰੇ ਬਿਆਨ ਦੇਣ ਦੇ ਰੁਝਾਨ ਨੂੰ ਵੀ ਠੱਲ੍ਹ ਪੈ ਸਕਦੀ ਹੈ।

**ਘੱਟ ਗਿਣਤੀ ਮੁਸਲਮਾਨ**

ਸਾਲ 2024 ਦੇ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਮੋਦੀ ਕਈ ਵਾਰ ਮੁਸਲਿਮ ਭਾਈਚਾਰੇ ਵਿਰੁੱਧ ਬੋਲੇ ਹਨ ਅਤੇ ਉਨ੍ਹਾਂ ਨੂੰ ਘੁਸਪੈਠੀਏ ਤੱਕ ਕਹਿ ਦਿੱਤਾ।ਇੱਕ ਰੈਲੀ ਵਿੱਚ ਲੋਕਾਂ ਨੂੰ ਕਿਹਾ ਕਿ ਹੁਣ ਉਨ੍ਹਾਂ ਨੂੰ 'ਵੋਟ ਜਹਾਦ' ਅਤੇ 'ਰਾਮ ਰਾਜ' ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ।ਇੱਕ ਮੁਸਲਿਮ ਔਰਤ ਨੇ ਬੀਬੀਸੀ ਨੂੰ ਦੱਸਿਆ, ÷ਹੁਣ ਕੁਝ ਵੀ ਲੁਕਵਾਂ ਨਹੀਂ ਹੈ, ਸਭ ਕੁਝ ਸਾਹਮਣੇ ਬਿਨਾਂ ਲਾਗ-ਲਪੇਟ ਦੇ ਕਿਹਾ ਜਾ ਰਿਹਾ ਹੈ।ਲੇਕਿਨ ਹਿੰਦੀ ਪੱਟੀ ਕਹੇ ਜਾਣ ਵਾਲੇ ਉੱਤਰੀ ਭਾਰਤ ਦੇ ਇਲਾਕਿਆਂ, ਮੰਦਿਰ ਲਹਿਰ ਦੇ ਕੇਂਦਰ ਅਯੁੱਧਿਆ-ਫੈਜ਼ਾਬਾਦ ਅਤੇ ਵਿੱਚ ਭਾਜਪਾ ਹਾਰ ਗਈ।ਪਾਰਟੀ ਦੀ ਧਾਰਮਿਕ ਧਰੁਵੀਕਰਨ ਦੀ ਮੁਹਿੰਮ ਨੇ ਵਿਰੋਧੀ ਸਮਰਥਕਾਂ ਨੂੰ ਇਕਜੁੱਟ ਕੀਤਾ, ਅਤੇ ਲੋਕਾਂ ਨੇ ਧਰਮ ਨਿਰਪੱਖ ਭਾਰਤ ਲਈ ਸੰਵਿਧਾਨ ਨੂੰ ਬਚਾਉਣ ਲਈ ਇਸ ਦੀ ਅਪੀਲ ਲਈ ਵੋਟ ਦਿੱਤੀ।

ਸੀਮਾ ਚਿਸ਼ਤੀ ਨੂੰ ਉਮੀਦ ਹੈ, 2014 ਦੀਆਂ ਚੋਣਾਂ ਉਨ੍ਹਾਂ ਨੇ ਭਲੇ ਦਿਨਾਂ ਦੇ ਵਾਅਦੇ ਤੇ ਲੜੀਆਂ, 2019 ਦੀਆਂ ਚੋਣਾਂ ਬਾਲਾਕੋਟ ਹਮਲੇ ਰਾਹੀਂ ਪਾਕਿਸਤਾਨ ਨੂੰ ਮਾਰੀ ਸੱਟ ਉੱਤੇ ਅਤੇ 2024 ਦੀਆਂ ਮੰਗਲਸੂਤਰ, ਮੁਸਲਿਮ, ਮਟਨ ਦੇ ਨਾਂ ਉੱਤੇ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਲੜੀਆਂ। ਲੋਕਾਂ ਲਈ ਉਸ ਨੂੰ ਠੁਕਰਾਉਣਾ ਵੱਡੀ ਗੱਲ ਹੈ। ਰਾਮ ਮੰਦਰ ਅਤੇ ਧਾਰਾ 370 ਤੋਂ ਬਾਅਦ ਭਾਜਪਾ ਦਾ ਤੀਜਾ ਅਹਿਮ ਮੁੱਦਾ ਸਾਰੇ ਧਰਮਾਂ ਦੇ ਲੋਕਾਂ ਲਈ ਸਾਂਝਾ ਸਿਵਲ ਕੋਡ ਜਾਂ ਯੂਨੀਫਾਰਮ ਸਿਵਲ ਕੋਡ (ਯੂਸੀਸੀ) ਲਿਆਉਣਾ ਹੈ। ਲਿੰਗ ਸਮਾਨਤਾ ਦਾ ਵਾਅਦਾ ਕਰਨ ਵਾਲੇ ਯੂਸੀਸੀ ਬਾਰੇ ਘੱਟ ਗਿਣਤੀ ਭਾਈਚਾਰਿਆਂ ਵਿੱਚ ਕਾਫ਼ੀ ਸੰਦੇਹ ਹੈ, ਕਿ ਇਹ ਉਨ੍ਹਾਂ ਦੀਆਂ ਰਹੁ-ਰੀਤਾਂ ਅਤੇ ਜੀਵਨ ਢੰਗ ਨੂੰ ਪੂਰੀ ਤਰ੍ਹਾਂ ਬਦਲ ਦੇਵੇਗਾ।ਇਸ ਤੀਜੇ ਕਾਰਜਕਾਲ ਵਿੱਚ ਯੂਸੀਸੀ ਸਮੇਤ ਕੋਈ ਵੀ ਨੀਤੀ ਲਿਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਸਹਿਯੋਗੀਆਂ ਦੇ ਸਮਾਜਿਕ-ਆਰਥਿਕ ਏਜੰਡੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਹਿਮਤੀ ਬਣਾਉਣੀ ਪਵੇਗੀ।ਖਾਸ ਕਰਕੇ ਜਨਤਾ ਦਲ ਯੂਨਾਈਟਿਡ ਦੀ ਸਮਾਜਵਾਦੀ ਵਿਚਾਰਧਾਰਾ ਕਾਰਨ ਮੋਦੀ ਸਰਕਾਰ ਲਈ ਵੱਡੇ ਉਦਯੋਗਪਤੀਆਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਨੂੰ ਲਾਗੂ ਕਰਨਾ ਔਖਾ ਹੋ ਸਕਦਾ ਹੈ।ਇਸ ਸਮੇਂ ਭਾਰਤ ਵਿੱਚ ਲੋਕਾਂ ਦੀ ਆਮਦਨ ਵਿੱਚ ਗੈਰਬਰਾਬਰੀ ਆਪਣੇ ਸਿਖਰ 'ਤੇ ਹੈ ਅਤੇ ਦੇਸ ਦੀ ਜ਼ਿਆਦਾਤਰ ਦੌਲਤ ਕੁਝ ਕੁ ਲੋਕਾਂ ਕੋਲ ਸੀਮਤ ਹੋ ਚੁੱਕੀ ਹੈ।

## ਸਿਆਸੀ ਸਥਿਰਤਾ

ਸਿਰਫ ਗਠਜੋੜ ਦੇ ਭਾਈਵਾਲ ਹੀ ਨਹੀਂ, ਨਰਿੰਦਰ ਮੋਦੀ ਨੂੰ ਵੀ ਆਪਣੀ ਪਾਰਟੀ ਦੇ ਅੰਦਰੋਂ ਉੱਠ ਰਹੀਆਂ ਆਵਾਜ਼ਾਂ ਨੂੰ ਸੁਣਨਾ ਪੈ ਸਕਦਾ ਹੈ। ਪੂਰਨਿਮਾ ਜੋਸ਼ੀ ਦਾ ਕਹਿਣਾ ਹੈ, ਪਹਿਲਾਂ ਮੋਦੀ ਨੇ ਚੋਣਾਂ ਵਿੱਚ ਮਿਲੇ ਜ਼ਬਰਦਸਤ ਸਮਰਥਨ ਦੇ ਆਧਾਰ ਤੇ ਇੱਕਪਾਸੜ ਫੈਸਲੇ ਲਏ, ਪਾਰਟੀ ਦੇ ਸੀਨੀਅਰ ਆਗੂਆਂ ਨੂੰ ਲਾਂਭੇ ਕਰ ਦਿੱਤਾ ਅਤੇ ਪਾਰਟੀ ਨੂੰ ਉਨ੍ਹਾਂ ਦੇ ਮਗਰ ਇਵੇਂ ਤੁਰਨਾ ਪਿਆ ਜਿਵੇਂ ਫੌਜ ਦੇ ਜਨਰਲ ਦੇ ਮਗਰ ਫੌਜ ਹੋਵੇ ਪਰ ਹੁਣ ਇਹ ਅਨੁਸ਼ਾਸਨ ਨਹੀਂ ਰਹੇਗਾ।ਅਗਲੇ ਸਾਲ ਮੋਦੀ 75 ਸਾਲ ਦੇ ਹੋ ਜਾਣਗੇ, ਜਿਸ ਨੂੰ ਉਨ੍ਹਾਂ ਨੇ ਖੁਦ ਭਾਜਪਾ ਚ ਸੇਵਾਮੁਕਤੀ ਦੀ ਉਮਰ ਦੱਸਿਆ ਸੀ। ਹਾਲਾਂਕਿ ਹੁਣ ਉਹ ਇਸ ਬਿਆਨ ਤੋਂ ਪਲਟ ਚੁੱਕੇ ਹਨ। ਹਾਲ ਹੀ ਵਿੱਚ ਹੋਈਆਂ ਚੋਣ ਰੈਲੀਆਂ ਵਿੱਚ ਕਹਿ ਚੁੱਕੇ ਹਨ ਕਿ ਉਨ੍ਹਾਂ ਨੂੰ 'ਰੱਬ ਨੇ ਭੇਜਿਆ ਹੈ'। ਲੇਕਿਨ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਾਰਟੀ ਵਿੱਚ ਉਨ੍ਹਾਂ ਦੇ ਸਿਖਰਲੇ ਅਹੁਦੇ ਉੱਤੇ ਬਣੇ ਰਹਿਣ 'ਤੇ ਸਵਾਲ ਚੁੱਕੇ ਜਾਣ।ਚੋਣ ਨਤੀਜਿਆਂ ਵਿੱਚ ਮੁੱਖ ਵਿਰੋਧੀ ਪਾਰਟੀ ਕਾਂਗਰਸ ਪਿਛਲੀਆਂ ਆਮ ਚੋਣਾਂ ਵਿੱਚ 53 ਸੀਟਾਂ ਉੱਤੇ ਜਿੱਤ ਲਗਭਗ ਦੁੱਗਣੀ ਕਰਨ ਵਿੱਚ ਸਫਲ ਹੋਈ ਹੈ।ਨਤੀਜਿਆਂ ਤੋਂ ਬਾਅਦ ਕੀਤੀ ਪ੍ਰੈਸ ਕਾਨਫਰੰਸ ਵਿੱਚ ਰਾਹੁਲ ਗਾਂਧੀ ਨੇ ਆਪਣੇ ਹੱਥ ਵਿੱਚ ਸੰਵਿਧਾਨ ਦੀ ਕਾਪੀ ਫੜੀ ਅਤੇ ਕਿਹਾ ਕਿ ਦੇਸ ਦੇ ਸਭ ਤੋਂ ਗਰੀਬ ਅਤੇ ਸਭ ਤੋਂ ਪਿਛੜੇ ਨਾਗਰਿਕਾਂ ਨੇ ਇਸ ਨੂੰ ਬਚਾਉਣ ਲਈ ਵਿਰੋਧੀ ਧਿਰ ਨੂੰ ਵੋਟ ਦਿੱਤੀ ਹੈ।ਇੰਡੀਆਤ ਗਠਜੋੜ ਦੀ ਸਭ ਤੋਂ ਵੱਡੀ ਪਾਰਟੀ ਹੋਣ ਦੇ ਨਾਤੇ ਹੁਣ ਸੰਸਦ ਵਿੱਚ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦੀ ਆਵਾਜ਼ ਬੁਲੰਦ ਹੋਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਭਾਜਪਾ ਉੱਤੇ ਸੂਬਿਆਂ ਵਿੱਚ ਉਨ੍ਹਾਂ ਦੀਆਂ ਸਰਕਾਰਾਂ ਨੂੰ ਵਿੱਤੀ ਸਹਾਇਤਾ ਰੋਕਣ ਦਾ ਇਲਜ਼ਾਮ ਲਾਇਆ ਹੈ।ਚੋਣ ਨਤੀਜਿਆਂ ਵਿੱਚ ਮਜ਼ਬੂਤ ਸਥਿਤੀ ਵਿੱਚ ਆਉਣ ਤੋਂ ਬਾਅਦ ਹੁਣ ਉਨ੍ਹਾਂ ਨੂੰ ਦੇਸ ਦਾ ਸੰਘੀ ਢਾਂਚਾ ਹੋਰ ਮਜ਼ਬੂਤ ਹੋਣ ਦੀ ਆਸ ਹੈ।ਭਾਜਪਾ ਉੱਤੇ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰਨ, ਮੀਡੀਆ ਉੱਤੇ ਦਬਾਅ ਬਣਾਉਣ ਅਤੇ ਸਿਆਸਤਦਾਨਾਂ ਨੂੰ ਉੱਤੇ ਪੈਸੇ ਦੇ ਲਾਲਚ ਅਤੇ ਜਾਂਚ ਦਾ ਡਰਾਬਾ ਦੇ ਕੇ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਦਾ ਇਲਜ਼ਾਮ ਲਾਇਆ ਗਿਆ ਹੈ।ਸੀਮਾ ਚਿਸ਼ਤੀ ਦਾ ਕਹਿਣਾ ਹੈ, ਇਸ ਸਭ ਦੇ ਬਾਵਜੂਦ ਜੇਕਰ ਵਿਰੋਧੀ ਧਿਰ ਇੰਨਾ ਕੁਝ ਕਰ ਸਕੀ ਹੈ, ਤਾਂ ਮੈਂ ਉਮੀਦ ਕਰਦੀ ਹਾਂ ਕਿ ਇਹ ਟੁਕੜੇ-ਟੁਕੜੇ ਹੋਏ ਭਾਰਤੀ ਸਮਾਜ ਨੂੰ ਇਕੱਜੁੱਟ ਕਰਨ ਦਾ ਮਾਹੌਲ ਸਿਰਜੇਗੀ।

# ਟਰੰਪ ਦੋਸ਼ੀ ਕਰਾਰ, ਕੀ ਉਹ ਹੁਣ ਚੋਣ ਲੜ ਸਕਣਗੇ ?



ਡੋਨਾਲਡ ਟਰੰਪ ਨੂੰ ਨਿਊਯਾਰਕ ਵਿੱਚ ਆਪਣੇ ਇਤਿਹਾਸਕ ਅਪਰਾਧਿਕ ਮੁਕੱਦਮੇ ਵਿੱਚ ਝੂਠੇ ਕਾਰੋਬਾਰੀ ਰਿਕਾਰਡਾਂ ਦੇ ਸਾਰੇ 34 ਮਾਮਲਿਆਂ ਵਿੱਚ ਦੋਸ਼ੀ ਕਰਾਰ ਦੇ ਦਿੱਤਾ ਗਿਆ ਹੈ। ਅਮਰੀਕੀ ਇਤਿਹਾਸ ਵਿੱਚ ਇਹ ਇੱਕ ਲਾਮਿਸਾਲ ਮਾਮਲਾ ਹੈ ਜਦੋਂ ਕਿਸੇ ਸਾਬਕਾ ਜਾਂ ਮੌਜੂਦਾ ਅਮਰੀਕੀ ਰਾਸ਼ਟਰਪਤੀ ਨੂੰ ਕਿਸੇ ਅਪਰਾਧ ਲਈ ਦੋਸ਼ੀ ਕਰਾਰ ਦਿੱਤਾ ਗਿਆ ਹੈ।ਉਸਨੂੰ 11 ਜੁਲਾਈ ਨੂੰ ਸਜ਼ਾ ਸੁਣਾਈ ਜਾਵੇਗੀ – ਸਾਬਕਾ ਰਾਸ਼ਟਰਪਤੀ ਨੂੰ ਜੇਲ੍ਹ ਜਾਣਾ ਪੈ ਸਕਦਾ ਹੈ, ਪਰ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਜੁਰਮਾਨਾ ਹੋਣ ਦੀ ਵਧੇਰੇ ਸੰਭਾਵਨਾ ਹੈ।ਟਰੰਪ ਨੇ ਫੈਸਲੇ ਨੂੰ ਅਪਮਾਨ ਕਿਹਾ ਹੈ ਅਤੇ ਕੇਸ ਦੀ ਪ੍ਰਧਾਨਗੀ ਕਰਨ ਵਾਲੇ ਜੱਜ ਮਰਚਨ ਉੱਤੇ ਹਮਲਾ ਕੀਤਾ।ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਉਹ ਨਵੰਬਰ ਦੀਆਂ ਚੋਣਾਂ ਵਿੱਚ ਜੋ ਬਾਇਡੇਨ ਨੂੰ ਹਰਾਉਣ ਅਤੇ ਵ੍ਹਾਈਟ ਹਾਊਸ ਵਾਪਸ ਜਾਣ ਲਈ ਮੁਹਿੰਮ ਚਲਾ ਰਹੇ ਹਨ।ਅਦਾਲਤ ਨੇ ਸਟੌਰਮੀ ਡੇਨੀਅਲਸ ਸਮੇਤ 22 ਗਵਾਹਾਂ ਤੋਂ ਛੇ ਹਫ਼ਤਿਆਂ ਵਿੱਚ ਸੁਣਵਾਈ ਕੀਤੀ, ਜਿਨ੍ਹਾਂ ਨਾਲ ਟਰੰਪ ਦੇ ਕਥਿਤ ਜਿਨਸੀ ਸੰਬੰਧ ਇਸ ਕੇਸ ਦੇ ਕੇਂਦਰ ਵਿੱਚ ਸੀ।ਟਰੰਪ ਉੱਤੇ 2016 ਦੀਆਂ ਚੋਣਾਂ ਤੋਂ ਥੋੜ੍ਹੀ ਦੇਰ ਪਹਿਲਾਂ ਸਾਬਕਾ ਅਡਲਟ ਫਿਲਮ ਅਦਾਕਾਰ ਦੀ ਚੁੱਪ ਖਰੀਦਣ ਲਈ ਆਪਣੇ ਸਾਬਕਾ ਵਕੀਲ ਦੁਆਰਾ ਕੀਤੀ ਗਈ ਅਦਾਇਗੀ ਨੂੰ ਲੁਕਾਉਣ ਦਾ ਇਲਜ਼ਾਮ ਹੈ।ਸਰਬਸੰਮਤੀ ਨਾਲ ਫੈਸਲੇ ’ਤੇ ਪਹੁੰਚਣ ਲਈ 12 ਜੱਜਾਂ ਨੇ ਦੋ ਦਿਨ ਵਿਚਾਰ-ਵਟਾਂਦਰਾ ਕੀਤਾ।

**ਹੁਣ ਕੀ ਉਹ ਚੋਣਾਂ ਲੜ ਸਕਣਗੇ**

ਅਦਾਲਤ ਦਾ ਫੈਸਲਾ ਅਜਿਹੇ ਸਮੇਂ ਉੱਤੇ ਆਇਆ ਹੈ ਜਦੋਂ ਟਰੰਪ ਇੱਕ ਵਾਰ ਫਿਰ ਰਾਸ਼ਟਰਪਤੀ ਬਣਨ ਅਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੂੰ ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਟੱਕਰ ਦੇਣ ਦੀ ਤਿਆਰੀ ਕਰ ਰਹੇ ਸਨ।ਜਦੋਂ ਕੁਝ ਵੀ ਵੱਡਾ ਹੁੰਦਾ ਹੈ ਤਾਂ ਅਸੀਂ ਅਕਸਰ ਇਤਿਹਾਸ ਵਿੱਚ ਉਸਦੀ ਮਿਸਾਲ ਦੇਖਦੇ ਹਾਂ ਅਤੇ ਅੰਦਜ਼ਾ ਲਗਾਉਂਦੇ ਹਾਂ ਕਿ ਅੱਗੇ ਕੀ ਹੋ ਸਕਦਾ ਹੈ।ਜੈਨੀਫਰੀ ਐਂਜੇਲ ਜੋ ਕਿ ਸਦਰਨ ਮੈਥੋਡੈਸਿਟ ਯੂਨੀਵਰਸਿਟੀ ਵਿੱਚ ਸੈਂਟਰ ਫਾਰ ਪਰੈਜ਼ੀਡੈਂਸ਼ੀਅਲ ਹਿਸਟਰੀ ਦੇ ਨਿਰਦੇਸ਼ਕ ਹਨ।ਉਹ ਕਹਿੰਦੇ ਹਨ, ਅੱਗੇ ਕੀ ਹੋਣ ਜਾ ਰਿਹਾ ਹੈ ਇਸਦਾ ਇਸ਼ਾਰਾ ਲੈਣ ਲਈ ਅਸੀਂ ਅਕਸਰ ਇਤਿਹਾਸ ਵੱਲ ਦੇਖਦੇ ਹਾਂ ਪਰ ਇਸ ਮਾਮਲੇ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜੋ ਇਸਦੇ ਨੇੜੇ ਵੀ ਪਹੁੰਚਦਾ ਹੋਵੇ।ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਕਿ ਅਮਰੀਕਾ ਦੇ ਕਿਸੇ ਸਾਬਕਾ ਜਾਂ ਮੌਜੂਦਾ ਰਾਸ਼ਟਰਪਤੀ ਨੂੰ ਕਿਸੇ ਅਪਰਾਧਿਕ ਕੇਸ ਵਿੱਚ ਮੁਜਰਮ ਕਰਾਰ ਦਿੱਤਾ ਗਿਆ ਹੋਵੇ।ਓਪੀਨੀਅਨ ਪੋਲ ਦਰਸਾਉਂਦੇ ਹਨ ਕਿ ਟਰੰਪ ਚੋਣਾਂ ਦੇ ਮਾਮਲੇ ਵਿੱਚ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਤੋਂ ਅੱਗੇ ਹਨ।ਹਾਲਾਂਕਿ ਇਸ ਫੈਸਲੇ ਤੋਂ ਬਾਅਦ ਵੋਟਰ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਵੀ ਕਰ ਸਕਦੇ ਹਨ।ਟਰੰਪ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਬਣਾਇਆ ਗਿਆ ਸੀ ਅਤੇ ਜਿਸ ਦਿਨ ਸਜ਼ਾ ਸੁਣਾਈ ਜਾਣੀ ਹੈ ਉਸ ਤੋਂ ਕੁਝ ਦਿਨ ਬਾਅਦ ਹੀ ਪਾਰਟੀ ਦੀ ਕਨਵੈਨਸ਼ਨ ਵਿੱਚ ਉਨ੍ਹਾਂ ਦੀ ਤਾਜਪੋਸ਼ੀ ਕੀਤੀ ਜਾਣੀ ਸੀ।ਟਰੰਪ ਦੀ ਪਾਰਟੀ ਨੇ ਉਨ੍ਹਾਂ ਉੱਪਰ ਲੱਗੇ ਦੋ ਮਹਾਂਦੋਸ਼ ਅਤੇ ਉਨ੍ਹਾਂ ਦੇ ਕਾਰਜਕਾਲ ਦੇ ਖਤਮ ਹੋਣ ਤੋਂਣ ਬਾਅਦ ਜਦੋਂ ਉਨ੍ਹਾਂ ਦੇ ਹਮਾਇਤੀ ਕੈਪੀਟਲ ਹਿੱਲ ਵਿੱਚ ਦਾਖਲ ਹੋ ਗਏ ਸਨ, ਉਨ੍ਹਾਂ ਦਾ ਸਾਥ ਦਿੱਤਾ ਹੈ।ਹਾਲਾਂਕਿ ਉਹ ਅਗਲੇ ਰਾਸ਼ਟਰਪਤੀ ਬਣਦੇ ਹਨ ਜਾਂ ਨਹੀਂ ਇਹ ਤਾਂ ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਹੀ ਤੈਅ ਕਰਨਗੀਆਂ।

**ਨਿਆਂ ਪ੍ਰਣਾਲੀ ਦੀ ਜਿੱਤ**

ਇੱਕ ਸਾਬਕਾ ਪ੍ਰੌਸੀਕਿਊਟਰ ਨੇ ਇਸ ਫੈਸਲੇ ਨੂੰ ਨਿਆਂ ਪ੍ਰਸ਼ਾਸਨ ਦੀ ਵੱਡੀ ਜਿੱਤ ਦੱਸਿਆ ਹੈ।ਮੈਨਹਟਨ ਦੇ ਸਾਬਕਾ ਪ੍ਰੌਸੀਕਿਊਟਰ ਡੰਕਨ ਲਿਊਇਨ ਨੇ ਕਿਹਾ ਕਿ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਨੇ ਇੱਕ ਮੁਕੰਮਲ ਕੇਸ ਪੇਸ਼ ਕੀਤਾ। ਜਿਸ ਨੇ ਬਿਨਾਂ ਸ਼ੱਕ ਸਾਬਤ ਕੀਤਾ ਕਿ ਟਰੰਪ ਨੇ ਖਾਮੋਸ਼ੀ ਖ਼ਰੀਦਣ ਲਈ ਪੈਸੇ ਦਿੱਤੇ ਅਤੇ ਫਿਰ ਇਸ ਭੁਗਤਾਨ ਨੂੰ ਛੁਪਾਉਣ ਲਈ ਕਾਰੋਬਾਰੀ ਰਿਕਾਰਡ ਵਿੱਚ ਹੇਰ-ਫੇਰ ਕੀਤੀ।ਕੇਸ ਦੇ ਪੱਖ ਵਿੱਚ ਗਵਾਹੀਆਂ ਸਨ ਜੋ ਕਿਸੇ ਇੱਕ ਵਿਅਕਤੀ ਦੇ ਦੁਆਲੇ ਨਹੀਂ ਸਗੋਂ ਲਿਖਤੀ ਸਮੱਗਰੀ, ਈਮੇਲ ਅਤੇ ਫੋਨ ਰਿਕਾਰਡ ਉੱਪਰ ਅਧਾਰਿਤ ਸਨ, ਪੇਸ਼ ਕੀਤੀਆਂ ਗਈਆਂ।ਸਰਕਾਰੀ ਪੱਖ ਦਾ ਕੇਸ ਵਿਧੀ ਨਾਲ ਤਿਆਰ ਕੀਤਾ ਗਿਆ ਸੀ ਅਤੇ ਜੱਜਾਂ ਨੇ ਇਸ ਵੱਲ ਧਿਆਨ ਦਿੱਤਾ।ਉਨ੍ਹਾਂ ਨੇ ਕਿਹਾ, ਆਪਣੀ ਸ਼ਕਤੀ ਨਾਲ ਇਸ ਨਿਆਂ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਲਈ ਜੋ ਕੁਝ ਵੀ ਕਰ ਸਕਦੇ ਸਨ, ਉਨ੍ਹਾਂ ਨੇ ਕੀਤਾ। ਫਿਰ ਵੀ ਸਿਸਟਮ ਨੇ ਉਨ੍ਹਾਂ ਨੂੰ ਇੱਕ ਸੁਣਵਾਈ ਦਿੱਤੀ ਜੋ ਕਿ ਬੁਨਿਆਦੀ ਤੌਰ ਉੱਤੇ ਇੱਕ ਨਿਰਪੱਖ ਸੀ।ਉੱਧਰ ਮੌਜੂਦਾ ਅਤੇ ਸਾਬਕਾ ਰਾਸ਼ਟਰਪਤੀਆਂ ਦੀ ਸੁਰੱਖਿਆ ਲਈ ਜ਼ਿਮੇਵਾਰ ਖੁਫੀਆ ਸੇਵਾ ਨੇ ਇਸ ਫੈਸਲੇ ਤੋਂ ਬਾਅਦ ਇੱਕ ਸੰਖੇਪ ਬਿਆਨ ਜਾਰੀ ਕੀਤਾ ਹੈ।ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਫੈਸਲੇ ਤੋਂ ਬਾਅਦ ਟਰੰਪ ਨੂੰ ਮੁਹੱਈਆ ਕਰਵਾਈ ਗਈ ਸੁਰੱਖਿਆ ਵਿੱਚ ਕੋਈ ਕਮੀ ਨਹੀਂ ਆਵੇਗੀ।ਹਾਲਾਂਕਿ ਕਰਾਊਡ ਫੰਡਿੰਗ ਰਾਹੀਂ ਟਰੰਪ ਲਈ ਚੰਗਾ ਇਕੱਠਾ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਫੈਸਲੇ ਤੋਂ ਬਾਅਦ ਦਾਨੀਆਂ ਵਿੱਚ ਵਾਧਾ ਹੋਇਆ ਹੈ।

**ਟਰੰਪ ਨੇ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਕੀ ਕਿਹਾ**

ਟਰੰਪ ਨੇ ਅਦਾਲਤ ਦੇ ਫ਼ੈਸਲੇ ਨੂੰ ਇੱਕ ‘ਧਾਂਦਲੀ ?’ ਦੱਸਿਆ। ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨਾਲ ਜੱਜ ਦਾ ਵਿਵਹਾਰ ਇਨਸਾਫ਼ਕੁੰਨ ਨਹੀਂ ਸੀ।ਉਨ੍ਹਾਂ ਕਿਹਾ, ਅਸੀਂ ਸਥਾਨ ਬਦਲਣਾ ਚਾਹੁੰਦੇ ਸੀ, ਇਨਕਾਰ ਕਰ ਦਿੱਤਾ ਗਿਆ... ਅਸੀਂ ਜੱਜ ਬਦਲਣਾ ਚਾਹੁੰਦੇ ਸੀ, ਸਾਨੂੰ ਇਨਕਾਰ ਕਰ ਦਿੱਤਾ ਗਿਆ।ਡਿਸਟ੍ਰਿਕਟ ਅਟਾਰਨੀ ਮੈਨਹਟਨ ਨੂੰ ‘ਭ੍ਰਿਸ਼ਟ’ ਦੱਸਦਿਆਂ ਟਰੰਪ ਨੇ ਨਿਊਯਾਰਕ ਵਿੱਚ ਇੱਕ ਮੈਕਡੋਨਲਡਜ਼ ਹਾਲ ਉੱਤੇ ਹੋਏ ਹਮਲੇ ਦਾ ਜ਼ਿਕਰ ਕੀਤਾ।ਟਰੰਪ ਨੇ ਕਿਹਾ ਕਿ ਜਸਟਿਸ ਜੌਹਨ ਵੱਲੋਂ ਉਨ੍ਹਾਂ ਨੂੰ ਗੈਗ ਆਰਡਰ ਦਿੱਤੇ ਗਿਆ ਅਤੇ, ÷ਮੈਨੂੰ ਹਜ਼ਾਰਾਂ ਡਾਲਰ ਜੁਰਮਾਨੇ ਅਤੇ ਜੁਰਮਾਨੇ ਵਜੋਂ ਅਦਾ ਕਰਨੇ ਪਏ ਹਨ।ਉਨ੍ਹਾਂ ਨੇ ਜਸਟਿਸ ਜੌਹਨ ਮਰਚਨ ਦਾ ਹਵਾਲਾ ਦਿੰਦੇ ਹੋਏ ਕਹਿੰਦਾ ਹੈ, ਮੈਂ ਰਾਸ਼ਟਰਪਤੀ ਲਈ ਮੋਹਰੀ ਵਿਅਕਤੀ ਹਾਂ ਅਤੇ ਮੈਂ ਇੱਕ ਅਜਿਹੇ ਵਿਅਕਤੀ ਦੁਆਰਾ ਗੈਗ ਆਰਡਰ ਦੇ ਅਧੀਨ ਹਾਂ ਜੋ ਦੋ ਵਾਕਾਂ ਇੱਕਠੇ ਨਹੀਂ ਬੋਲ ਸਕਦਾ।ਗੈਗ ਆਰਡਰ ਅਧੀਨ ਜੱਜ ਨੇ ਟਰੰਪ ਨੂੰ ਮਰਚਨ ਦੇ ਪਰਿਵਾਰ ਸਮੇਤ ਕਈ ਤਰ੍ਹਾਂ ਦੇ ਲੋਕਾਂ ਬਾਰੇ ਗੱਲ ਕਰਨ ਤੋਂ ਰੋਕ ਦਿੱਤਾ ਸੀ।ਪਰ ਮਰਚਨ ਬਾਰੇ ਗੱਲ ਕਰਨ ’ਤੇ ਗੈਗ ਆਰਡਰ ਲਾਗੂ ਨਹੀਂ ਹੋਇਆ।ਉਨ੍ਹਾਂ ਕਿਹਾ, ਜੇ ਮੇਰੇ ਨਾਲ ਅਜਿਹਾ ਕੀਤਾ ਜਾ ਸਕਦਾ ਹੈ ਤਾਂ ਕਿਸੇ ਨਾਲ ਵੀ ਅਜਿਹਾ ਕੀਤਾ ਜਾ ਸਕਦਾ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਅਪੀਲ ਕਰਨਗੇ।

**ਕੀ ਚੁੱਪ ਰਹਿਣ ਲਈ ਪੈਸਾ ਦੇਣਾ ਕਾਨੂੰਨੀ ਹੈ ?**

ਉਜਾਗਰ ਨਾ ਕਰਨ ਦੇ ਸਮਝੌਤੇ ਦੇ ਬਦਲੇ ਵਿੱਚ ਕਿਸੇ ਨੂੰ ਪੈਸੇ ਦੇਣਾ ਗੈਰ-ਕਾਨੂੰਨੀ ਨਹੀਂ ਹੈ।ਸਰਕਾਰੀ ਵਕੀਲਾਂ ਨੇ ਤਾਂ ਆਪਣਾ ਧਿਆਨ ਇਸ ਗੱਲ ਉੱਤੇ ਦਿੱਤਾ ਹੈ ਕਿ ਇਹ ਪੈਸਾ ਟਰੰਪ ਦੇ ਕਾਰੋਬਾਰ ਵਿੱਚ ਕਿਵੇਂ ਦਰਜ ਕੀਤਾ ਗਿਆ।ਉਨ੍ਹਾਂ ਉੱਪਰ ਇਲਜ਼ਾਮ ਹੈ ਕਿ ਉਨ੍ਹਾਂ ਨੇ ਇਹ ਪੈਸਾ ਕਾਨੂੰਨੀ ਫੀਸ ਵਜੋਂ ਦਿੱਤਾ ਹੋਣਾ ਦਰਸਾਇਆ।ਪੈਸਾ ਰਾਸ਼ਟਰਪਤੀ ਚੋਣਾਂ ਤੋਂ ਮਹਿਜ਼ ਕੁਝ ਦਿਨ ਪਹਿਲਾਂ ਦੀ ਵਾਇਰ ਟ੍ਰਾਂਸਫਰ ਕੀਤਾ ਗਿਆ।ਡਿਸਟ੍ਰਿਕਟ ਅਟਾਰਨੀ ਐਲਵਿਨ ਬਰੈਗ ਦਾ ਇਲਜ਼ਾਮ ਹੈ ਕਿ ਟਰੰਪ ਨੇ ਉਹ ਅਪਰਾਧ ਛੁਪਾਉਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਨੇ ਵੋਟ ਕਰ ਰਹੀ ਜਨਤਾ ਤੋਂ ਨੁਕਸਾਨਦਾਇਕ ਜਾਣਕਾਰੀ ਲਕੋਈ। ਸਾਲ 2018 ਵਿੱਚ ਮਾਈਕਲ ਕੋਹਨ ਨੂੰ ਟੈਕਸ ਚੋਰੀ, ਡੇਨੀਅਲ ਅਤੇ ਟਰੰਪ ਦੀ ਇੱਕ ਹੋਰ ਕਥਿਤ ਪ੍ਰੇਮਿਕਾ ਨੂੰ ਕੀਤੇ ਭੁਗਤਾਨ ਵਿੱਚ ਆਪਣੀ ਸ਼ਮੂਲੀਅਤ ਅਤੇ ਪ੍ਰਚਾਰ ਦੇ ਪੈਸੇ ਸੰਬੰਧੀ ਨਿਯਮਾਂ ਨੂੰ ਤੋੜਨ ਦੇ ਮਾਮਲਿਆਂ ਵਿੱਚ ਕੈਦ ਸੁਣਾਈ ਗਈ ਸੀ।ਪਹਿਲਾਂ ਤਾਂ ਕੋਹਨ ਨੇ ਕਿਹਾ ਸੀ ਕਿ ਇਸ ਭੁਗਤਾਨ ਵਿੱਚ ਟਰੰਪ ਦਾ ਕੋਈ ਲੈਣ-ਦੇਣ ਨਹੀ ਸੀ।ਹਾਲਾਂਕਿ ਬਾਅਦ ਵਿੱਚ ਸਹੁੰ ਖਾ ਕੇ ਕਿਹਾ ਕਿ ਇੱਕ ਲੱਖ ਤੀਹ ਹਜ਼ਾਰ ਡਾਲਰ ਦੇਣ ਲਈ ਟਰੰਪ ਨੇ ਹੀ ਉਨ੍ਹਾਂ ਨੂੰ ਕਿਹਾ ਸੀ ਅਤੇ ਬਾਅਦ ਵਿੱਚ ਉਹ ਪੈਸੇ ਟਰੰਪ ਨੇ ਉਨ੍ਹਾਂ ਨੂੰ ਦੇ ਵੀ ਦਿੱਤੇ ਸਨ।

## ਸਟੋਰਮੀ ਡੇਨੀਅਲਸ ਕੌਣ ਹੈ ?

ਟਰੰਪ ਦੇ ਪੂਰੇ ਕੇਸ ਵਿੱਚ ਇੱਕ ਨਾਮ ਸਭ ਦੀ ਚਰਚਾ ਦਾ ਵਿਸ਼ਾ ਹੈ, 45 ਸਾਲਾ ਸਾਬਕਾ ਅਡਲਟ ਫਿਲਮ ਅਦਾਕਾਰ ਸਟੋਰਮੀ ਡੇਨੀਅਲਸ ਹੈ।ਲੂਸੀਆਨਾ ਵਿੱਚ ਜਨਮੀ ਸਟੋਰਮੀ ਦਾ ਅਸਲੀ ਨਾਮ ਸਟਿਫ਼ਨੀ ਕਲਿਫੋਰਡ ਹੈ। ਫਿਲਮਾਂ ਵਿੱਚ ਆਪਣੇ ਕੰਮ ਲਈ ਉਨ੍ਹਾਂ ਨੇ ਕਈ ਇਨਾਮ ਵੀ ਹਾਸਲ ਕੀਤੇ ਹਨ।ਅਡਲਟ ਫਿਲਮਾਂ ਤੋਂ ਇਲਾਵਾ ਉਨ੍ਹਾਂ ਨੇ ਹਾਲੀਵੁੱਡ ਦੀਆਂ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ, ਜਿਵੇਂ ਦਿ 40-ਈਰਸ-ਓਲਡ-ਵਰਜਿਨ ਅਤੇ ਨੌਕਡ ਅਪ।ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਸਿਆਸਤ ਕਰਨਗੇ ਅਤੇ ਆਪਣੇ-ਆਪ ਨੂੰ ਟਰੰਪ ਦੀ ਹੀ ਰਿਪਬਲਿਕਨ ਪਾਰਟੀ ਦੀ ਹਮਾਇਤੀ ਘੋਸ਼ਿਤ ਕਰ ਦਿੱਤਾ।ਕੇਸ ਦੀ ਸੁਣਵਾਈ ਦੌਰਾਨ ਡੇਨੀਅਲ ਨੇ ਅਦਾਲਤ ਦੇ ਸਾਹਮਣੇ ਟਰੰਪ ਨਾਲ ਆਪਣੇ ਉਨ੍ਹਾਂ ਕਥਿਤ ਸਰੀਰਕ ਸੰਬੰਧਾਂ ਦੇ ਕਈ ਅਸ਼ਲੀਲ ਵੇਰਵੇ ਸਾਂਝੇ ਕੀਤੇ, ਜਿਨ੍ਹਾਂ ਬਾਰੇ ਚੁੱਪ ਰਹਿਣ ਲਈ ਟਰੰਪ ਵੱਲੋਂ ਉਨ੍ਹਾਂ ਨੂੰ ਪੈਸੇ ਦਿੱਤੇ ਗਏ।ਅਦਾਲਤ ਵਿੱਚ ਡੇਨੀਅਲ ਨੇ ਦਾਅਵਾ ਕੀਤਾ ਕਿ ਟਰੰਪ ਨਾਲ ਉਨ੍ਹਾਂ ਦੇ ਪਹਿਲੇ ਸੰਬੰਧ ਸਾਲ ਜੁਲਾਈ 2006 ਵਿੱਚ ਇੱਕ ਗੌਲਫ਼ ਟੂਰਨਾਮੈਂਟ ਦੌਰਾਨ ਬਣੇ ਸਨ।ਟਰੰਪ ਨੇ ਉਨ੍ਹਾਂ ਨੂੰ ਖਾਣੇ ਲਈ ਪੁੱਛਿਆ, ਉਹ ਜਾਣਾ ਨਹੀਂ ਚਾਹੁੰਦੇ ਸਨ ਪਰ ਉਨ੍ਹਾਂ ਦੇ ਪ੍ਰਚਾਰਕ ਨੇ ਕਿਹਾ ਕਿਹਾ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ।ਡੇਨੀਅਲ ਮੁਤਾਬਕ ਉਸ ਸਮੇਂ ਟਰੰਪ ਦੀ ਪਤਨੀ ਮਲੇਨੀਆ ਉਸ ਸਮੇਂ ਉੱਥੇ ਮੌਜੂਦ ਨਹੀਂ ਸਨ ਅਤੇ ਹਾਲ ਹੀ ਵਿੱਚ ਇੱਕ ਬੱਚੇ ਨੂੰ ਜਨਮ ਦਿੱਤਾ ਸੀ।ਡੇਨੀਅਲ ਨੇ ਕਿਹਾ ਕਿ ਫਿਰ ਉਹ ਰਾਤ ਦੇ ਖਾਣੇ ਲਈ ਕੈਲੀਫੋਰਨੀਆ ਅਤੇ ਨਵੇਦਾ ਦੇ ਵਿਚਕਾਰ ਇੱਕ ਰਿਜ਼ੋਰਟ ਇਲਾਕੇ ਵਿੱਚ ਟਰੰਪ ਦੇ ਸੂਇਟ ਵਿੱਚ ਗਏ।ਜਿੱਥੇ ਉਨ੍ਹਾਂ ਨੇ ਆਪਸੀ ਸਹਿਮਤੀ ਨਾਲ ਸੰਬੰਧ ਬਣਾਏ ਪਰ ਉਸ ਤੋਂ ਬਾਅਦ ਮਾਨਸਿਕ ਰੂਪ ਵਿੱਚ ਪ੍ਰੇਸ਼ਾਨ ਹੋ ਗਏ।ਡੇਨੀਅਲ ਦਾ ਦਾਅਵਾ ਹੈ ਕਿ ਸਾਲ 2016 ਦੀਆਂ ਚੋਣਾਂ ਤੋਂ ਪਹਿਲਾਂ ਕੋਹਨ ਨੇ ਉਨ੍ਹਾਂ ਨੂੰ 1,30,000 ਅਮਰੀਕੀ ਡਾਲਰ ਇਸ ਮਾਮਲੇ ਵਿੱਚ ਚੁੱਪ ਰਹਿਣ ਲਈ ਦਿੱਤੇ।ਉਨ੍ਹਾਂ ਕਿਹਾ ਕਿ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਫਿਕਰਮੰਦ ਸਨ, ਇਸ ਲਈ ਉਨ੍ਹਾਂ ਨੇ ਇਹ ਪੈਸੇ ਲੈ ਲਏ। ਉਨ੍ਹਾਂ ਨੂੰ ਕਾਨੂੰਨੀ ਅਤੇ ਸਰੀਰਕ ਰੂਪ ਵਿੱਚ ਧਮਕਾਇਆ ਗਿਆ।ਸਾਲ 2018 ਵਿੱਚ ਜਦੋਂ ਉਹ ਇੱਕ ਪਾਰਕਿੰਗ ਵਿੱਚ ਆਪਣੀ ਛੋਟੀ ਬੱਚੀ ਨਾਲ ਸਨ ਤਾਂ ਪਾਰਕਿੰਗ ਵਿੱਚ ਇੱਕ ਅਣਪਛਾਤਾ ਵਿਅਕਤੀ ਉਨ੍ਹਾਂ ਕੋਲ ਆਇਆ ਅਤੇ ਟਰੰਪ ਨੂੰ ਇਕੱਲਾ ਛੱਡ ਦੇਣ ਲਈ ਕਿਹਾ।ਇਹ ਘਟਨਾ ਜਦੋਂ ਉਹ ਟੱਚ ਰਸਾਲੇ ਨੂੰ ਟਰੰਪ ਨਾਲ ਆਪਣੇ ਰਿਸ਼ਤਿਆਂ ਬਾਰੇ ਇੱਕ ਇੰਟਰਵਿਊ ਦੇਣ ਲਈ ਸਹਿਮਤ ਹੋਏ ਹਨ, ਉਸ ਤੋਂ ਤੁਰੰਤ ਬਾਅਦ ਹੋਈ ਸੀ।ਜਦੋਂ ਉਨ੍ਹਾਂ ਦੀ ਇੰਟਰਵਿਊ ਨਸ਼ਰ ਹੋਈ ਤਾਂ ਕੋਹਨ ਨੇ ਡੇਨੀਅਲ ਉੱਪਰ ਦੋ ਕਰੋੜ ਡਾਲਰ ਦਾ ਮੁਕੱਦਮਾ ਦਾਇਰ ਕਰਨ ਲਈ ਧਮਕਾਇਆ ਕਿ ਉਨ੍ਹਾਂ ਨੇ ਚੁੱਪ ਰਹਿਣ ਲਈ ਕੀਤਾ ਕਰਾਰ ਤੋੜਿਆ ਹੈ।ਹਾਲਾਂਕਿ ਉਨ੍ਹਾਂ ਨੇ ਸੀਬੀਸ ਦੇ ਪ੍ਰੋਗਰਾਮ ਵਿੱਚ ਕਿਹਾ ਕਿ ਕੌਮੀ ਟੀਵੀ ਉੱਤੇ ਬੋਲ ਕੇ ਉਹ ਵੱਡੇ ਜ਼ੁਰਮਾਨੇ ਦਾ ਖ਼ਤਰਾ ਚੁੱਕ ਰਹੇ ਹਨ ਪਰ ਉਨ੍ਹਾਂ ਲਈ ਬੋਲਣਾ ਜ਼ਰੂਰੀ ਸੀ।



# ਕੈਨੇਡੀਅਨ ਨਾਗਰਿਕਾਂ ਦੇ ਵਿਦੇਸ਼ਾਂ ’ਚ ਪੈਦਾ ਹੋਏ ਬੱਚਿਆਂ ਨੂੰ ਮਿਲੇਗੀ ‘ਸਿਟੀਜ਼ਨਸ਼ਿਪ’

ਓਟਾਵਾ: ਕੈਨੇਡਾ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਅਹਿਮ ਐਲਾਨ ਕੀਤਾ ਹੈ। ਐਲਾਨ ਮੁਤਾਬਕ ਕੈਨੇਡੀਅਨ ਨਾਗਰਿਕਾਂ ਦੇ ਵਿਦੇਸ਼ਾਂ ਵਿਚ ਜੰਮੇ ਬੱਚਿਆਂ ਨੂੰ ਮੁੜ ਸਥਾਨਕ ਸਿਟੀਜ਼ਨਸ਼ਿਪ ਦਾ ਹੱਕ ਦਿੱਤਾ ਜਾ ਰਿਹਾ ਹੈ ਜੋ 2009 ਵਿਚ ਸਟੀਫਨ ਹਾਰਪਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਨੇ ਖੋਹ ਲਿਆ ਸੀ। ਹਾਊਸ ਆਫ ਕਾਮਨਜ਼ ਵਿਚ ਬਿੱਲ ਪੇਸ਼ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡਾ ਹਮੇਸ਼ਾ ਤੋਂ ਮਨੁੱਖੀ ਹੱਕਾਂ, ਬਰਾਬਰੀ ਅਤੇ ਸਭਨਾਂ ਦੇ ਸਤਿਕਾਰ ਦੀ ਕਦਰ ਕਰਦਾ ਆਇਆ ਹੈ ਅਤੇ ਇਸ ਦੇ ਤਹਿਤ ਉਨ੍ਹਾਂ ਬੱਚਿਆਂ ਨੂੰ ਕੈਨੇਡੀਅਨ ਨਾਗਰਿਕ ਬਣਨ ਦਾ ਹੱਕ ਹੈ ਜੋ 2009 ਤੋਂ ਬਾਅਦ ਵਿਦੇਸ਼ਾਂ ਵਿਚ ਪੈਦਾ ਹੋਏ।

**2009 ’ਚ ਕੰਜ਼ਰਵੇਟਿਵ ਸਰਕਾਰ ਵੱਲੋਂ ਲਿਆਂਦਾ ਕਾਨੂੰਨ ਹੋਵੇਗਾ ਰੱਦ**

ਕੈਨੇਡੀਅਨ ਨਾਗਰਿਕ ਬਣ ਚੁੱਕੇ ਪਰ ਵਿਦੇਸ਼ਾਂ ਵਿਚ ਜੰਮੇ ਮਾਪਿਆਂ ਲਈ ਲਾਜ਼ਮੀ ਹੋਵੇਗਾ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਨੇ ਘੱਟੋ-ਘੱਟ ਤਿੰਨ ਸਾਲ ਕੈਨੇਡਾ ਵਿਚ ਗੁਜ਼ਾਰੇ ਹੋਣ। ਫੈਡਰਲ ਸਰਕਾਰ ਨੂੰ ਫਿਲਹਾਲ ਕੋਈ ਅੰਦਾਜ਼ਾ ਨਹੀਂ ਕਿ ਸਿਟੀਜ਼ਨਸ਼ਿਪ ਦਾ ਨਵਾਂ ਕਾਨੂੰਨ ਪਾਸ ਹੋਣ ਮਗਰੋਂ ਕਿੰਨੇ ਜਣੇ ਕੈਨੇਡੀਅਨ ਨਾਗਰਿਕ ਬਣ ਜਾਣਗੇ। ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਨਵਾਂ ਕਾਨੂੰਨ ਲਾਗੂ ਹੋਣ ਮਗਰੋਂ ਵਿਦੇਸ਼ਾਂ ਵਿਚ ਪੈਦਾ ਹੋਣ ਵਾਲੇ ਬੱਚਿਆਂ ਲਈ ਇਕ ਟੈਸਟ ਰੱਖਿਆ ਜਾਵੇਗਾ। ਇਥੇ ਦੱਸਣਾ ਬਣਦਾ ਹੈ ਕਿ 2009 ਵਿਚ ਕੰਜ਼ਰਵੇਟਿਵ ਸਰਕਾਰ ਨੇ ਕਾਨੂੰਨ ਵਿਚ ਤਬਦੀਲੀ ਕਰਦਿਆਂ ਕੈਨੇਡੀਅਨ ਨਾਗਰਿਕਾਂ ਦਾ ਬੱਚਾ ਵਿਦੇਸ਼ ਵਿਚ ਪੈਦਾ ਹੋਣ ’ਤੇ ਉਸ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਕਰ ਦਿੱਤਾ। ਕਾਨੂੰਨ ਵਿਚ ਕੀਤੀ ਸੋਧ ਨੂੰ ‘ਲੌਸਟ ਕੈਨੇਡੀਅਨਜ਼’ ਵਜੋਂ ਜਾਣਿਆ ਗਿਆ ਪਰ ਕੁਝ ਜਥੇਬੰਦੀਆਂ ਨੇ ਇਸ ਦਾ ਵਿਰੋਧ ਕਰਦਿਆਂ ਅਦਾਲਤ ਵਿਚ ਅਪੀਲ ਦਾਇਰ ਕਰ ਦਿਤੀ। ਪਿਛਲੇ ਸਾਲ ਓਂਟਾਰੀਓ ਦੀ ਸੁਪੀਰੀਅਰ ਕੋਰਟ ਨੇ ਕੰਜ਼ਰਵੇਟਿਵ ਸਰਕਾਰ ਦੇ ਕਦਮ ਨੂੰ ਗੈਰਸੰਵਿਧਾਨਕ ਕਰਾਰ ਦਿੰਦਿਆਂ ਕਿਹਾ ਕਿ ਇਸ ਤਰੀਕੇ ਨਾਲ ਕੈਨੇਡੀਅਨ ਨਾਗਰਿਕ ਦੋ ਵਰਗਾਂ ਵਿਚ ਵੰਡੇ ਜਾਣਗੇ।



**ਇਮੀਗ੍ਰੇਸ਼ਨ ਮੰਤਰੀ ਨੇ ਪੇਸ਼ ਕੀਤਾ ਨਵਾਂ ਬਿੱਲ**

ਅਦਾਲਤ ਨੇ ਫੈਡਰਲ ਸਰਕਾਰ ਨੂੰ ਮਸਲਾ ਹੱਲ ਕਰਨ ਲਈ 19 ਜੂਨ, 2024 ਤੱਕ ਦਾ ਸਮਾਂ ਦਿੱਤਾ, ਜਿਸ ਦੇ ਮੱਦੇਨਜ਼ਰ ਲਿਬਰਲ ਸਰਕਾਰ ਵੱਲੋਂ ਨਵਾਂ ਬਿੱਲ ਪੇਸ਼ ਕੀਤਾ ਗਿਆ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਬਿਨਾਂ ਸ਼ੱਕ ਕੈਨੇਡੀਅਨ ਸਿਟੀਜ਼ਨਸ਼ਿਪ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ ਅਤੇ ਪੂਰੀ ਦੁਨੀਆ ਇਸ ਨੂੰ ਮੰਨਦੀ ਹੈ। ਲਿਬਰਲ ਸਰਕਾਰ ਚਾਹੁੰਦੀ ਹੈ ਕਿ ਸਿਟੀਜ਼ਨਸ਼ਿਪ ਹਾਸਲ ਕਰਨ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਹੋਵੇ। ਕੰਜ਼ਰਵੇਟਿਵ ਪਾਰਟੀ ਨੂੰ ਘੇਰਦਿਆਂ ਉਨ੍ਹਾਂ ਆਖਿਆ ਕਿ ਟੋਰੀਆਂ ਨੇ ਕੈਨੇਡਾ ਵਾਸੀਆਂ ਦੇ ਹੱਕ ਖੋਹਣ ਦੀ ਮਿਸਾਲ ਪੇਸ਼ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਦਿਲ ਦੇ ਟੁਕੜਿਆਂ ਤੋਂ ਦੂਰ ਕਰ ਦਿੱਤਾ। ਇਸੇ ਦੌਰਾਨ ਐਨ.ਡੀ.ਪੀ. ਦੀ ਇਮੀਗ੍ਰੇਸ਼ਨ ਮਾਮਲਿਆਂ ਬਾਰੇ ਆਲੋਚਕ ਜੈਨੀ ਕਵੈਨ ਨੇ ਕਿਹਾ ਕਿ 2009 ਵਿਚ ਹੋਈਆਂ ਤਬਦੀਲੀਆਂ ਦਾ ਪਰਿਵਾਰਾਂ ’ਤੇ ਵੱਡਾ ਅਸਾਰ ਪਿਆ। ਉਨ੍ਹਾਂ ਪਰਿਵਾਰਾਂ ਦਾ ਦਰਦ ਸਮਝਣਾ ਮੁਸ਼ਕਲ ਹੈ ਜਿਨ੍ਹਾਂ ਨੂੰ ਆਪਣੇ ਬੱਚਿਆਂ ਤੋਂ ਵੱਖ ਹੋਣਾ ਪਿਆ ਪਰ ਹੁਣ 15 ਸਾਲ ਬਾਅਦ ਆਸ ਦੀ ਨਵੀਂ ਕਿਰਨ ਨਜ਼ਰ ਆ ਰਹੀ ਹੈ। ਜੈਨੀ ਕਵੈਨ ਨੇ ਦੱਸਿਆ ਕਿ ਨਵੇਂ ਬਿੱਲ ਦਾ ਖਰੜਾ ਤਿਆਰ ਕਰਨ ਵਿਚ ਉਨ੍ਹਾਂ ਵੱਲੋਂ ਲਿਬਰਲ ਪਾਰਟੀ ਦੀ ਮਦਦ ਕੀਤੀ ਗਈ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਵੱਲੋਂ ਤਾਜ਼ਾ ਘਟਨਾਕ੍ਰਮ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ। ਦੱਸ ਦੇਈਏ ਕਿ ਫੈਡਰਲ ਸਰਕਾਰ ਨਵਾਂ ਬਿੱਲ ਲਿਆਉਣ ਲਈ ਅਦਾਲਤ ਤੋਂ ਹੋਰ ਸਮਾਂ ਮੰਗ ਸਕਦੀ ਸੀ ਪਰ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਉਹ ਪ੍ਰਭਾਵਤ ਪਰਿਵਾਰਾਂ ਨੂੰ ਹੋਰ ਜ਼ਿਆਦਾ ਉਡੀਕ ਨਹੀਂ ਕਰਵਾਉਣਾ ਚਾਹੁੰਦੇ।

# ਪੰਜਾਬੀ ਟਰੱਕ ਡਰਾਈਵਰ ਜੋ 16 ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਹੈ, ਉਸ ਨੂੰ ਭਾਰਤ ਭੇਜਣ ਦੇ ਹੁਕਮ, ਕੀ ਹੈ ਪੂਰਾ ਮਾਮਲਾ





ਪੰਜਾਬੀ ਮੂਲ ਦੇ ਕੈਨੇਡੀਆਈ ਟਰੱਕ ਡਰਾਈਵਰ ਜਸਕੀਰਤ ਸਿੰਘ ਸਿੱਧੂ ਕੈਨੇਡਾ ਨੂੰ ਇੱਕ ਅਦਾਲਤ ਨੇ ਡਿਪੋਰਟ ਕਰਨ ਦੇ ਹੁਕਮ ਦਿੱਤੇ ਹਨ।ਉਨ੍ਹਾਂ ਦੇ ਟਰੱਕ ਕਾਰਨ ਹੋਈ ਦੁਰਘਟਨਾ ਵਿੱਚ 16 ਜਣਿਆਂ ਦੀ ਮੌਤ ਹੋ ਗਈ ਸੀ ਅਤੇ 13 ਲੋਕ ਜ਼ਖ਼ਮੀ ਹੋਏ ਸਨ।ਅਪ੍ਰੈਲ 2018 ਵਿੱਚ ਵਾਪਰੇ ਇਸ ਹਾਦਸੇ ਦਾ ਦ੍ਰਿਸ਼ ਬਹੁਤ ਹੌਲਨਾਕ ਸੀ। ਹਾਦਸਾ ਸਸਕੈਚਵੈੱਨ ਨੂੰ ਜਾਂਦੀ ਪੇਂਡੂ ਸੜਕ ਉੱਤੇ ਵਾਪਰਿਆ ਸੀ।ਜਿਸ ਬੱਸ ਨਾਲ ਟਰੱਕ ਦੀ ਟੱਕਰ ਹੋਈ ਸੀ ਉਸ ਵਿੱਚ ਆਈਸ ਹਾਕੀ ਦੀ ਟੀਮ ਬੈਠੀ ਹੋਈ ਸੀ ਅਤੇ ਖਿਡਾਰੀਆਂ ਦੀ ਮੌਤ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ।ਜਸਕੀਰਤ ਸਿੰਘ ਸਿੱਧੂ ਨੂੰ ਇਸ ਮਾਮਲੇ ਵਿੱਚ ਅੱਠ ਸਾਲ ਦੀ ਸਜ਼ਾ ਸੁਣਾਈ ਗਈ ਸੀ ਅਤੇ ਪਿਛਲੇ ਸਾਲ ਉਨ੍ਹਾਂ ਨੂੰ ਮੁਕੰਮਲ ਪੈਰੋਲ ਦਿੱਤੀ ਗਈ ਸੀ।

**ਸਿੱਧੂ ਦੇ ਵਕੀਲ ਨੇ ਕੀ ਦੱਸਿਆ** ਜਸਕੀਰਨ ਸਿੰਘ ਸਿੱਧੂ ਦੇ ਵਕੀਲ ਨੇ ਬੀਬੀਸੀ ਨੂੰ ਦੱਸਿਆ ਕਿ ਉਹ ਡਿਪੋਰਟ ਦੇ ਫੈਸਲੇ ਖ਼ਿਲਾਫ਼ ਲੜਨਗੇ।ਵਕੀਲ ਮਾਈਕਲ ਗ੍ਰੀਨ ਨੇ ਕਿਹਾ ਕਿ ਕਿਉਂਕਿ ਸਿੱਧੂ ਕੈਨੇਡਾ ਦੇ ਨਾਗਰਿਕ ਨਹੀਂ ਹਨ ਇਸ ਲਈ ਉਨ੍ਹਾਂ ਨੂੰ ਡਿਪੋਰਟ ਕਰਨ ਦੇ ਫ਼ੈਸਲੇ ਉੱਤੇ ਹੈਰਾਨੀ ਨਹੀਂ ਹੋਈ। ਸਿੱਧੂ ਦੇ ਮਾਮਲੇ ਦੀ ਸੁਣਵਾਈ ਕੈਲਗਰੀ ਦੇ ਇਮੀਗ੍ਰੇਸ਼ਨ ਤੇ ਰਫ਼ਿਊਜੀ ਬੋਰਡ ਵੱਲੋਂ ਕੀਤੀ ਜਾ ਰਹੀ ਸੀ।ਸਿੱਧੂ ਪੰਜਾਬ ਦੇ ਇੱਕ ਕਿਸਾਨੀ ਪਰਿਵਾਰ ਨਾਲ ਸਬੰਧਿਤ ਹਨ ਅਤੇ 2013 ਵਿੱਚ ਕੈਨੇਡਾ ਗਏ ਸਨ।ਗ੍ਰੀਨ ਨੇ ਕਿਹਾ, ਉਹ ਇੱਕ ਸਥਾਈ ਨਾਗਰਿਕ (ਪੀਆਰ ਹਾਸਿਲ) ਹੈ ਜਿਸ ਖ਼ਿਲਾਫ਼ ਗੰਭੀਰ ਇਲਜ਼ਾਮ ਹਨ। ਪਰ ਉਨ੍ਹਾਂ ਨੇ ਕਿਹਾ ਕਿ ਉਹ ਸਿੱਧੂ ਨੂੰ ਮਨੁੱਖੀ ਅਤੇ ਤਰਸ ਦੇ ਆਧਾਰ ਉੱਤੇ ਕੈਨੇਡਾ ਵਿੱਚ ਰੱਖਣ ਲਈ ਲੜਾਈ ਜਾਰੀ ਰੱਖਣਗੇ।ਵਕੀਲ ਨੇ ਕਿਹਾ, ਉਨ੍ਹਾਂ ਨੂੰ ਮੌਜੂਦਾ ਸਥਿਤੀ ਦੇ ਮੁਕਾਬਲੇ ਹੋਰ ਪਛਤਾਵਾ ਨਹੀਂ ਹੋ ਸਕਦਾ। ਉਨ੍ਹਾਂ ਨੇ ਹਾਦਸੇ ਤੋਂ ਬਾਅਦ ਆਪਣੀ ਜ਼ਿੰਦਗੀ ਦੇ ਹਰ ਦਿਨ ਨੂੰ ਦੁੱਖ ਵਿੱਚ ਹੀ ਬਿਤਾਇਆ ਹੈ। ਆਈਸ ਹਾਕੀ ਟੀਮ ਦੇ ਜਿਨ੍ਹਾਂ ਖਿਡਾਰੀਆਂ ਦੀ ਮੌਤ ਹੋਈ ਉਹ 16 ਤੋਂ 21 ਸਾਲ ਦੀ ਉਮਰ ਦੇ ਸਨ। ਬੱਸ ਵਿੱਚ ਖਿਡਾਰੀਆਂ ਦਾ ਸਪੋਰਟ ਸਟਾਫ਼ ਵੀ ਸੀ ਅਤੇ ਨਾਲ ਹੀ ਟੀਮ ਦਾ ਕਪਤਾਨ ਤੇ ਕੋਚ ਸਨ ਜਿਨ੍ਹਾਂ ਦੀ ਮੌਤ ਹੋ ਗਈ।ਕਈ ਖਿਡਾਰੀਆਂ ਦੀ ਜ਼ਿੰਦਗੀ ਤਾਂ ਇਸ ਹਾਦਸੇ ਵਿੱਚ ਬਚ ਗਈ ਸੀ ਪਰ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ।

**ਡਿਪੋਰਟ ਕਰਨ ਦੀ ਮੰਗ** 2019 ਵਿੱਚ ਸਿੱਧੂ ਨੂੰ ਟਰੱਕ ਨਾਲ ਇੱਕ ਘਾਤਕ ਹਾਦਸਾ ਕਰਨ ਲਈ ਦੋਸ਼ੀ ਕਰਾਰ ਦਿੱਤਾ ਗਿਆ।ਕੈਲਗਰੀ ਦੇ ਰਹਿਣ ਵਾਲੇ ਜਸਕੀਰਤ ਸਿੰਘ ਸਿੱਧੂ ਨੇ ਉਸ ਵੇਲੇ ਨਵਾਂ-ਨਵਾਂ ਟਰੱਕ ਚਲਾਉਣਾ ਸ਼ੁਰੂ ਕੀਤਾ ਸੀ।ਜਾਂਚ ਵਿੱਚ ਪਤਾ ਲੱਗਿਆ ਕਿ ਸਿੱਧੂ ਬੱਸ ਨਾਲ ਟਕਰਾਉਣ ਤੋਂ ਪਹਿਲਾਂ ਇੱਕ ਸਟਾਪ ਸਾਈਨ ਨੂੰ ਰੁਕੇ ਬਿਨ੍ਹਾਂ ਕਰਾਸ ਕਰ ਗਏ ਸਨ।ਕੁਝ ਪੀੜਤ ਪਰਿਵਾਰਾਂ ਨੇ ਸਿੱਧੂ ਨੂੰ ਡਿਪੋਰਟ ਕਰਨ ਦੀ ਮੰਗ ਕੀਤੀ ਸੀ।ਸ਼ੁੱਕਰਵਾਰ ਨੂੰ ਕੈਲਗਰੀ ਵਿੱਚ ਸੀਟੀਵੀ ਨਿਊਜ਼ ਨੂੰ ਦਿੱਤੇ ਇੱਕ ਬਿਆਨ ਵਿੱਚ, ਟੋਬੀ ਬੁਲੇਟ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਸਿੱਧੂ ਨੂੰ ਡਿਪੋਰਟ ਕਰਨ ਦੇ ਫੈਸਲੇ ਲਈ ਧੰਨਵਾਦੀ ਹਨ।ਟੋਨੀ ਦੇ ਪੁੱਤ ਲੋਗਨ ਦੀ ਹਾਦਸੇ ਵਿੱਚ ਮੌਤ ਹੋ ਗਈ ਸੀ।ਹਾਲਾਂਕਿ ਬਾਕੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਸਿੱਧੂ ਨੂੰ ਮੁਆਫ਼ ਕਰ ਦਿੱਤਾ ਹੈ।ਹਾਦਸੇ ਵਿੱਚ ਬਚੇ ਹਾਕੀ ਖਿਡਾਰੀਆਂ ਵਿੱਚੋਂ ਇੱਕ ਰਿਆਨ ਸਟ੍ਰਾਸਚਿਨਿਟਜ਼ਕੀ ਨੇ ਸ਼ੁੱਕਰਵਾਰ ਨੂੰ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਹੁਣ ਉਹ ਸਿੱਧੂ ਪ੍ਰਤੀ 'ਕੋਈ ਨਕਾਰਾਤਮਕ ਭਾਵਨਾਵਾਂ' ਨਹੀਂ ਰੱਖਦੇ।ਉਨ੍ਹਾਂ ਨੇ ਕਿਹਾ, ਇਹ ਮੇਰੇ ਹੱਥੋਂ ਬਾਹਰ ਹੈ, ਇਹ ਅਸਲ ਵਿੱਚ ਮੇਰੀ ਜ਼ਿੰਮੇਵਾਰੀ ਨਹੀਂ ਹੈ, ਪਰ ਸਪੱਸ਼ਟ ਤੌਰ 'ਤੇ ਤੁਸੀਂ ਕਿਸੇ ਲਈ ਵੀ ਸਭ ਤੋਂ ਵਧੀਆ ਚਾਹੁੰਦੇ ਹੋ ਅਤੇ ਖ਼ਾਸ ਕਰ ਇੱਕ ਮਨੁੱਖ ਲਈ ਸਭ ਤੋਂ ਵਧੀਆ।

**ਡਿਪੋਰਟ ਖ਼ਿਲਾਫ਼ ਅਪੀਲ ਦਾ ਆਧਾਰ** ਸਿੱਧੂ ਦੇ ਵਕੀਲ ਗ੍ਰੀਨ ਨੇ ਕਿਹਾ ਕਿ ਮਨੁੱਖਤਾਵਾਦੀ ਅਤੇ ਹਮਦਰਦੀ ਦੇ ਆਧਾਰ 'ਤੇ ਸਿੱਧੂ ਦੀ ਅਰਜ਼ੀ ਇਸ ਗੱਲ 'ਤੇ ਕੇਂਦਰਿਤ ਹੋਵੇਗੀ ਕਿ ਉਹ ਆਪਣੀ ਪਤਨੀ ਅਤੇ ਇਕ ਸਾਲ ਦੇ ਪੁੱਤ ਕੋਲ ਰਹਿ ਸਕਣ। ਉਨ੍ਹਾਂ ਦੀ ਪਤਨੀ ਅਤੇ ਪੁੱਤ ਦੋਵੇਂ ਕੈਨੇਡੀਅਨ ਨਾਗਰਿਕਾਂ ਹਨ।ਜੇਕਰ ਸਿੱਧੂ ਨੂੰ ਡਿਪੋਰਟ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਪਤਨੀ ਅਤੇ ਪੁੱਤਰ ਸੰਭਾਵਤ ਤੌਰ 'ਤੇ ਭਾਰਤ ਨਹੀਂ ਆ ਸਕਣਗੇ ਕਿਉਂਕਿ ਬੱਚੇ ਨੂੰ ਦਿਲ ਅਤੇ ਫੇਫੜਿਆਂ ਦੀਆਂ ਗੰਭੀਰ ਸਮੱਸਿਆਵਾਂ ਲਈ ਗੰਭੀਰ ਡਾਕਟਰੀ ਇਲਾਜ ਦੀ ਲੋੜ ਹੈ।ਸਿੱਧੂ ਦੀ ਅਪੀਲ 'ਤੇ ਅੰਤਿਮ ਫ਼ੈਸਲਾ ਆਉਣ 'ਚ ਦੋ ਤੋਂ ਤਿੰਨ ਸਾਲ ਦਾ ਸਮਾਂ ਲੱਗ ਸਕਦਾ ਹੈ ਅਤੇ ਇਹ ਵੀ ਸਪਸ਼ਟ ਨਹੀਂ ਹੈ ਕਿ ਅਰਜ਼ੀ 'ਤੇ ਸੁਣਵਾਈ ਹੋਣ ਤੱਕ ਉਹ ਕੈਨੇਡਾ 'ਚ ਰਹਿ ਸਕਣਗੇ ਜਾਂ ਨਹੀਂ।ਗ੍ਰੀਨ ਦਾ ਕਹਿਣਾ ਹੈ ਕਿ ਇਹ ਸਭ ਕੈਨੇਡਾ ਸਰਕਾਰ ਦੇ ਹੱਥ ਹੈ।

**ਕਿਵੇਂ ਹੋਇਆ ਸੀ ਹਾਦਸਾ**

ਜਸਕੀਰਤ ਦਾ ਇਸ ਹਾਦਸੇ ਤੋਂ ਕੁਝ ਸਮਾਂ ਪਹਿਲਾਂ ਹੀ ਵਿਆਹ ਹੋਇਆ ਸੀ। ਉਹ ਕੈਨੇਡਾ ਵਿੱਚ ਪੀਆਰ (ਪਰਮਾਨੈਂਟ ਰੈਜ਼ੀਡੈਂਟ) ਸੀ। ਜਸਕੀਰਤ ਨੇ ਪੇਂਡੂ ਇਲਾਕੇ 'ਚ ਪੈਂਦੇ ਇੱਕ ਚੌਰਾਹੇ ਉੱਤੇ 'ਰੁਕਣ' ਦੇ ਸਾਈਨਬੋਰਡ ਦੀ ਪਰਵਾਹ ਨਾ ਕਰਦਿਆਂ ਆਪਣਾ ਟਰੱਕ ਵਾੜ ਦਿੱਤਾ।ਇਹ ਟਰੱਕ ਇੱਕ ਬੱਸ ਅੱਗੇ ਆ ਗਿਆ ਜਿਹੜੀ ਜੂਨੀਅਰ ਹਾਕੀ ਟੀਮ ਨੂੰ ਖੇਡ ਮੈਦਾਨ ਵੱਲ ਲੈ ਕੇ ਜਾ ਰਹੀ ਸੀ। ਇਸ ਜੂਨੀਅਰ ਹਾਕੀ ਟੀਮ ਦਾ ਨਾਂ ਹਮਬੋਲਡਟ ਬ੍ਰੋਨਕੋਸ ਸੀ।ਇਹ ਦੁਰਘਟਨਾ ਸਸਕੈਚਵੈੱਨ ਦੇ ਟਿਸਡੇਲ ਨੇੜੇ ਵਾਪਰੀ ਸੀ।

# ਕੈਨੇਡਾ ਵਿੱਚ ਮਹਿੰਗਾਈ ਦਰ ਘਟ ਰਹੀ ਪਰ ਕਰਿਆਨੇ ਦੀਆਂ ਕੀਮਤਾਂ ਪਹਿਲਾਂ ਨਾਲੋਂ ਵੱਧ




## ਕਰਿਆਨੇ ਦੀਆਂ ਕੀਮਤਾਂ ਤਿੰਨ ਸਾਲ ਪਹਿਲਾਂ ਦੇ ਮੁਕਾਬਲੇ ਇਸ ਸਮੇਂ 21.4% ਵੱਧ : ਸਟੈਟਿਸਟਿਕਸ ਕੈਨੇਡਾ

ਟੋਰਾਂਟੋ : ਸਰਕਾਰੀ ਅੰਕੜਿਆਂ ਅਨੁਸਾਰ ਕੈਨੇਡਾ ਭਰ ਵਿੱਚ ਮਹਿੰਗਾਈ ਦਰ ਲਗਾਤਾਰ ਹੇਠਾਂ ਆ ਰਹੀ ਹੈ ਪਰ ਪਰ ਕਰਿਆਨੇ ਦੀ ਦੁਕਾਨ 'ਤੇ ਰੋਜ਼ਾਨਾ ਵਰਤੋਂ 'ਚ ਆਉਣ ਵਾਲੇ ਸਮਾਨ ਦੀਆਂ ਕੀਮਤਾਂ ਅਜੇ ਵੀ ਕੁਝ ਸਾਲ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹਨ। ਸਟੈਟਿਸਟਿਕਸ ਕੈਨੇਡਾ ਦੇ ਅਨੁਸਾਰ ਕਰਿਆਨੇ ਦੀਆਂ ਕੀਮਤਾਂ ਤਿੰਨ ਸਾਲ ਪਹਿਲਾਂ ਦੇ ਮੁਕਾਬਲੇ ਇਸ ਸਮੇਂ 21.4 ਪ੍ਰਤੀਸ਼ਤ ਵੱਧ ਹਨ, ਭਾਵੇਂ ਕਿ ਸਰਕਾਰੀ ਅੰਕੜਿਆਂ ਮੁਤਾਬਕ ਵਾਰ ਵਾਰ ਇਹ ਦੁਹਰਾਇਆ ਜਾ ਰਿਹਾ ਹੈ ਦੇਸ਼ ਵਿਆਪਕ ਮਹਿੰਗਾਈ ਦਰ ਹੇਠਾਂ ਆ ਰਹੀ ਹੈ। ਸਰਕਾਰੀ ਏਜੰਸੀ ਅਨੁਸਾਰ ਅਪ੍ਰੈਲ 'ਚ ਕਰਿਆਨੇ 'ਤੇ ਮਹਿੰਗਾਈ ਸਿਰਫ 1.4 ਫੀਸਦੀ ਸੀ। ਮੀਟ, ਫਲ, ਸਮੁੰਦਰੀ ਭੋਜਨ ਅਤੇ ਗੈਰ-ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ 'ਤੇ ਸਮੁੱਚੀ ਮਹਿੰਗਾਈ ਦਰ ਅਪ੍ਰੈਲ ਦੇ 2.9 ਫੀਸਦੀ ਤੋਂ ਘੱਟ ਕੇ 2.7 ਫੀਸਦੀ 'ਤੇ ਪਹੁੰਚ ਗਈ। ਹਾਲਾਂਕਿ, ਮਹਿੰਗਾਈ ਘਟਣ ਦਾ ਇਹ ਮਤਲਬ ਨਹੀਂ ਹੈ ਕਿ ਪਿਛਲੇ ਕਈ ਸਾਲਾਂ ਦੀ ਕੀਮਤ ਵਾਧੇ ਨੂੰ ਮਿਟਾਇਆ ਜਾ ਰਿਹਾ ਹੈ।ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਅਪ੍ਰੈਲ 2021 ਅਤੇ ਅਪ੍ਰੈਲ 2024 ਦੇ ਵਿਚਕਾਰ, ਕਰਿਆਨੇ ਦੀਆਂ ਕੀਮਤਾਂ ਵਿੱਚ 21.4 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।ਲੋਕ ਅਜੇ ਵੀ ਕੀਮਤਾਂ ਵਿੱਚ ਮਹੱਤਵਪੂਰਨ ਵਾਧੇ ਨਾਲ ਜੂਝ ਰਹੇ ਹਨ, ਆਰਬੀਸੀ ਵਿਸ਼ਲੇਸ਼ਕ ਆਇਰੀਨ ਨੈਲ ਨੇ ਇੱਕ ਨੋਟ ਵਿੱਚ ਕਿਹਾ।ਇਸਦੇ ਕਾਰਨ, ਖਰੀਦਦਾਰ ਸੰਭਾਵਤ ਤੌਰ 'ਤੇ ਛੂਟ ਸਟੋਰਾਂ, ਪ੍ਰਮੋਸ਼ਨਾਂ ਅਤੇ ਪ੍ਰਾਈਵੇਟ-ਲੇਬਲ ਉਤਪਾਦਾਂ ਦੁਆਰਾ ਘੱਟ ਕੀਮਤਾਂ ਦੀ ਭਾਲ ਕਰਦੇ ਹਨ।ਭੋਜਨ ਦੀਆਂ ਉੱਚੀਆਂ ਕੀਮਤਾਂ ਨੇ ਬਹੁਤ ਸਾਰੇ ਖਰੀਦਦਾਰਾਂ ਨੂੰ ਆਪਣੀਆਂ ਆਦਤਾਂ ਬਦਲਣ, ਕਰਿਆਨੇ ਲਈ ਛੂਟ ਵਾਲੇ ਸਟੋਰਾਂ 'ਤੇ ਜਾਣ ਅਤੇ ਵਿਕਰੀ ਜਾਂ ਸਟੋਰ-ਬ੍ਰਾਂਡ ਉਤਪਾਦਾਂ ਦੀ ਭਾਲ ਕਰਨ ਲਈ ਪ੍ਰੇਰਿਤ ਕੀਤਾ ਹੈ।ਸਟੈਟਿਸਟਿਕਸ ਕੈਨੇਡਾ ਦੇ ਅਨੁਸਾਰ, ਕੁਝ ਭੋਜਨ ਉਤਪਾਦਾਂ ਦੀਆਂ ਕੀਮਤਾਂ ਸਾਲ ਦਰ ਸਾਲ ਘਟਦੀਆਂ ਹਨ, ਜਿਵੇਂ ਕਿ ਸਮੁੰਦਰੀ ਭੋਜਨ, ਰੋਟੀ, ਤਾਜ਼ੇ ਫਲ । ਇਸ ਦੌਰਾਨ, ਕੁਝ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ, ਜਿਵੇਂ ਕਿ ਖੰਡ ਅਤੇ ਸ਼ਰਬਤ, ਅੰਗੂਰ, ਗਾਜਰ ਅਤੇ ਪਿਆਜ਼।ਰੈਸਟੋਰੈਂਟ ਦੀਆਂ ਕੀਮਤਾਂ 'ਤੇ ਮਹਿੰਗਾਈ ਵੀ ਅਪ੍ਰੈਲ ਵਿਚ ਘੱਟੀ, ਮਾਰਚ ਵਿਚ 5.1 ਫੀਸਦੀ ਤੋਂ ਘਟ ਕੇ 4.3 ਫੀਸਦੀ ਦਰਜ ਕੀਤੀ ਗਈ।ਮੁੱਖ ਕਰਿਆਨੇ 'ਤੇ ਰਾਜਨੀਤਿਕ ਅਤੇ ਜਨਤਕ ਦਬਾਅ ਵਧ ਰਿਹਾ ਹੈ ਕਿਉਂਕਿ ਖਪਤਕਾਰ ਭੋਜਨ ਦੀਆਂ ਉੱਚੀਆਂ ਕੀਮਤਾਂ ਦੇ ਪ੍ਰਭਾਵ ਨਾਲ ਜੂਝ ਰਹੇ ਹਨ। ਸਰਕਾਰ ਨੇ ਕਰਿਆਨੇ ਦੇ ਦੁਕਾਨਦਾਰਾਂ ਨੂੰ ਕੀਮਤਾਂ ਨੂੰ ਸਥਿਰ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣ ਲਈ ਕਿਹਾ ਹੈ, ਅਤੇ ਇਸ ਮਹੀਨੇ ਲੋਕਾਂ ਦਾ ਇੱਕ ਵੱਡਾ ਸਮੂਹ ਲੋਬਲਾ ਦੀ ਮਲਕੀਅਤ ਵਾਲੇ ਸਟੋਰਾਂ ਦਾ ਬਾਈਕਾਟ ਕਰ ਰਿਹਾ ਹੈ। ਜੋ ਕਿ ਹੌਲੀ ਹੌਲੀ ਹੁਣ ਪੂਰੇ ਕੈਨੇਡਾ ਭਰ ਵਿੱਚ ਫੈਲਣ ਲੱਗਾ ਹੈ। ਮਹਿੰਗਾਈ ਨੇ ਕੈਨੇਡਾ ਵਿੱਚ ਭੋਜਨ ਦੀ ਅਸੁਰੱਖਿਆ ਦੇ ਉੱਚ ਪੱਧਰਾਂ ਦਾ ਕਾਰਨ ਵੀ ਬਣਾਇਆ ਹੈ। 2022 ਵਿੱਚ, ਕੈਨੇਡਾ ਵਿੱਚ 18 ਪ੍ਰਤੀਸ਼ਤ ਪਰਿਵਾਰਾਂ ਨੇ ਪਿਛਲੇ 12 ਮਹੀਨਿਆਂ ਵਿੱਚ ਭੋਜਨ ਦੀ ਅਸੁਰੱਖਿਆ ਦਾ ਅਨੁਭਵ ਕੀਤਾ, ਜੋ ਕਿ 2021 ਵਿੱਚ 16 ਪ੍ਰਤੀਸ਼ਤ ਪਰਿਵਾਰਾਂ ਤੋਂ ਵੱਧ ਹੈ।ਬਜ਼ਾਰ 'ਤੇ ਨਜ਼ਰ ਰੱਖਣ ਵਾਲੇ ਬੈਂਕ ਆਫ ਕੈਨੇਡਾ ਤੋਂ ਸੰਭਾਵਿਤ ਵਿਆਜ ਦਰਾਂ 'ਚ ਕਟੌਤੀ ਲਈ ਜੂਨ 'ਤੇ ਨਜ਼ਰ ਰੱਖ ਰਹੇ ਹਨ ਕਿਉਂਕਿ ਸਰਕਾਰੀ ਅੰਕੜਿਆਂ ਅਨੁਸਾਰ ਮਹਿੰਗਾਈ ਘਟ ਰਹੀ ਹੈ ਅਤੇ ਕਈ ਵਾਰ ਵਿਆਜ ਦਰਾਂ 'ਚ ਕਟੌਤੀ ਕੀਤੇ ਜਾਣ ਦਾ ਜ਼ਿਕਰ ਵੀ ਕੀਤਾ ਗਿਆ ਹੈ।ਸਟੈਟਿਸਟਿਕਸ ਕੈਨੇਡਾ ਅਨੁਸਾਰ ਵਿੱਚ, ਕੈਨੇਡਾ ਵਿੱਚ 18 ਪ੍ਰਤੀਸ਼ਤ ਪਰਿਵਾਰਾਂ ਨੇ ਪਿਛਲੇ 12 ਮਹੀਨਿਆਂ ਵਿੱਚ ਭੋਜਨ ਦੀ ਅਸੁਰੱਖਿਆ ਦਾ ਅਨੁਭਵ ਕੀਤਾ ? 2021 ਵਿੱਚ 16 ਪ੍ਰਤੀਸ਼ਤ ਤੋਂ ਵੱਧ ਨੇ ਇਹ ਅਨੁਭਵ ਕੀਤਾ ਕਿ ਉਨ੍ਹਾਂ ਨੂੰ ਜਿੰਨੇ ਖਾਣੇ ਦੀ ਜ਼ਰੂਰਤ ਹੈ ਉਨਾ ਉਹ ਨਹੀਂ ਖਰੀਦ ਪਾ ਰਹੇ ।ਅਧਿਐਨ ਵਿੱਚ ਕਿਹਾ ਗਿਆ ਹੈ ਕਿ ਮਹਿੰਗਾਈ ਕਾਰਨ ਖਾਣ-ਪੀਣ ਦੇ ਸਮਾਨ ਦੀਆਂ ਕੀਮਤਾਂ ਵਿੱਚ ਕਈ ਗੁਣਾ ਵਾਧਾ ਹੋਇਆ ਹੈ ਅਤੇ ਜਿਸ ਕਾਰਨ ਖਪਤਕਾਰਾਂ ਦੀ ਖਰੀਦ ਸ਼ਕਤੀ ਨੂੰ ਘਟੀ ਹੈ ਅਤੇ ਖਰਚੇ ਪੂਰੇ ਕਰਨ ਲਈ ਲੋਕ ਜ਼ਰੂਰਤ ਨਾਲੋਂ ਘੱਟ ਖਰੀਦਦਾਰੀ ਕਰ ਰਹੇ ਹਨ।

# ਲੋਕ ਸਭਾ ਚੋਣਾਂ ਦੇ ਨਤੀਜੇ : ਪੰਜਾਬ ਨੇ 13 ਸੀਟਾਂ ਦੇ ਨਤੀਜਿਆਂ ਰਾਹੀਂ ਕੀ ਸੰਦੇਸ਼ ਦਿੱਤਾ ਹੈ





ਭਾਰਤੀ ਦੀ 18ਵੀਂ ਲੋਕ ਸਭਾ ਦੀਆਂ ਆਮ ਚੋਣਾਂ ਵਿੱਚ ਫਤਵਾ ਕੌਮੀ ਜਮਹੂਰੀ (ਐੱਨਡੀਏ) ਗਠਜੋੜ ਦੇ ਪੱਖ ਵਿੱਚ ਆਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਭਾਰਤੀ ਜਨਤਾ ਪਾਰਟੀ 240 ਸੀਟਾਂ ਉੱਤੇ ਅੱਗੇ ਚੱਲ ਰਹੀ ਹੈ ਅਤੇ 198 ਸੀਟਾਂ ਉੱਤੇ ਜਿੱਤ ਹਾਸਲ ਕਰ ਲਈ ਹੈ। ਸੱਤਾ ਵਿਰੋਧੀ ਗਠਜੋੜ 'ਇੰਡੀਆ' ਨੇ 233 ਸੀਟਾਂ ਹਾਸਲ ਕੀਤੀਆਂ ਹਨ ਅਤੇ 18 ਸੀਟਾਂ ਹੋਰਾਂ ਨੂੰ ਹਾਸਲ ਹੋਈਆਂ ਹਨ। ਚੋਣਾਂ ਦੇ ਕੇਂਦਰੀ ਫ਼ਤਵੇ ਨੂੰ ਲੈ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਲੈ ਕੇ ਚਰਚਾ ਜ਼ੋਰਾਂ ਉੱਤੇ ਹੈ। ਪਰ ਅਸੀਂ ਇਸ ਰਿਪੋਰਟ ਰਾਹੀਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਫ਼ਤਵੇ ਅਤੇ ਨਵੇਂ ਉੱਭਰੇ ਸਿਆਸੀ ਸਮੀਕਰਨਾਂ ਦੇ ਕਾਰਨਾਂ ਅਤੇ ਮਾਅਨਿਆਂ ਦੀ ਚਰਚਾ ਕਰਾਂਗੇ।

**ਕੀ ਹੈ ਪੰਜਾਬ ਦੇ ਲੋਕਾਂ ਦਾ ਫਤਵਾ**

ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿੱਚੋਂ ਕਾਂਗਰਸ ਪਾਰਟੀ 7 ਸੀਟਾਂ ਹਾਸਲ ਕਰਕੇ ਸੂਬੇ ਦੀ ਸਭ ਤੋਂ ਵੱਡੀ ਸਿਆਸੀ ਧਿਰ ਬਣ ਕੇ ਉੱਭਰੀ ਹੈ। ਜਦਕਿ 2022 ਦੀਆਂ ਸੂਬਾਈ ਵਿਧਾਨ ਸਭਾ ਚੋਣਾਂ ਵਿੱਚ 42 ਫੀਸਦ ਵੋਟ ਸ਼ੇਅਰ ਨਾਲ 92 ਸੀਟਾਂ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ 3 ਲੋਕ ਸਭਾ ਸੀਟਾਂ ਉੱਤੇ ਸਿਮਟ ਗਈ ਹੈ। 2019 ਵਿੱਚ ਪਾਰਟੀ ਨੇ ਲੋਕ ਸਭਾ ਦੀ ਇੱਕ ਹੀ ਸੀਟ ਜਿੱਤੀ ਸੀ, ਉਸ ਹਿਸਾਬ ਨਾਲ ਪਾਰਟੀ ਦੀ ਸੰਸਦ ਵਿੱਚ ਹਾਜ਼ਰੀ ਵਧੀ ਹੈ। ਪਰ ਵਿਧਾਨ ਸਭਾ ਚੋਣ ਨਤੀਜੇ ਦੇ ਹਿਸਾਬ ਨਾਲ ਇਹ ਪਾਰਟੀ ਲਈ ਕਾਫੀ ਵੱਡਾ ਝਟਕਾ ਹੈ, ਕਿਉਂਕਿ ਪਾਰਟੀ ਦਾ ਵੋਟਾਂ ਦਾ ਅੰਕੜਾ 26 ਫੀਸਦ ਉੱਤੇ ਆ ਗਿਆ ਹੈ।ਰੋਚਕ ਗੱਲ ਇਹ ਹੈ ਕਿ ਕਾਂਗਰਸ 26.30 ਫੀਸਦ ਦੇ ਵੋਟ ਸ਼ੇਅਰ ਨਾਲ ਸੱਤ ਸੀਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੀ। ਪੰਜਾਬ ਦੇ ਸਿੱਖਾਂ ਜਾਂ ਘੱਟ ਗਿਣਤੀ ਭਾਈਚਾਰੇ ਦੀ ਨੁਮਾਇੰਦਾ ਜਮਾਤ ਹੋਣ ਦਾ ਦਾਅਵਾ ਕਰਨ ਵਾਲੀ ਪਾਰਟੀ ਅਕਾਲੀ ਦਲ ਦਾ ਵੋਟ ਸ਼ੇਅਰ ਅਤੇ ਸੀਟਾਂ ਦੋਵੇਂ ਘਟੀਆਂ ਹਨ। ਅਕਾਲੀ ਦਲ ਨੂੰ 13.42 ਫੀਸਦ ਵੋਟ ਹਾਸਲ ਹੋਏ, ਪਰ ਪਾਰਟੀ ਆਪਣੀ ਰਵਾਇਤੀ ਬਠਿੰਡਾ ਸੀਟ ਬਚਾਉਣ ਵਿੱਚ ਕਾਮਯਾਬ ਰਹੀ। 2019 ਦੀਆਂ ਚੋਣਾਂ ਵਿੱਚ ਭਾਜਪਾ ਲਈ ਸਨੀ ਦਿਓਲ ਅਤੇ ਸੋਮ ਪ੍ਰਕਾਸ਼ ਨੇ ਲੜੀਵਾਰ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹਲਕੇ ਜਿੱਤੇ ਸਨ। ਇਸ ਵਾਰ ਭਾਜਪਾ ਇਹ ਦੋਵੇਂ ਹਲਕੇ ਹਾਰ ਗਈ। ਹੁਸ਼ਿਆਰਪੁਰ ਵਿੱਚ ਮੌਜੂਦਾ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਤੀਜੇ ਸਥਾਨ ਉੱਤੇ ਰਹੇ।ਪਰ 2019 ਵਿੱਚ ਸਨੀ ਦਿਓਲ ਹੱਥੋਂ ਹਾਰਨ ਵਾਲੇ ਕਾਂਗਰਸੀ ਆਗੂ ਸੁਨੀਲ ਜਾਖ਼ੜ, ਜੋ ਹੁਣ ਪੰਜਾਬ ਭਾਜਪਾ ਦੇ ਪ੍ਰਧਾਨ ਹਨ, ਪਾਰਟੀ ਨੂੰ 18.56 ਫੀਸਦ ਵੋਟਾਂ ਮਿਲਣ ਨੂੰ ਵੱਡੀ ਉਪਲਬਧੀ ਮੰਨ ਰਹੀ ਹੈ।ਪਾਰਟੀ ਦੇ ਆਗੂ 2027 ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਆਪਣਾ ਨਿਸ਼ਾਨਾ ਦੱਸ ਰਹੇ ਹਨ।ਜਿੱਤ ਹਾਰ ਦੇ ਹਿਸਾਬ ਨਾਲ ਖਡੂਰ ਸਾਹਿਬ ਹਲਕੇ ਤੋਂ ਖਾਲਿਸਤਾਨ ਸਮਰਥਕ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਐੱਨਐੱਸਏ ਤਹਿਤ ਬੰਦ ਅਮ੍ਰਿਤਪਾਲ ਸਿੰਘ ਦੀ 1 ਲੱਖ 97 ਹਜ਼ਾਰ ਤੋਂ ਵੱਧ ਵੋਟਾਂ ਨਾਲ ਅਤੇ ਫਰੀਦਕੋਟ ਹਲਕੇ ਤੋਂ ਸਰਬਜੀਤ ਸਿੰਘ ਖਾਲਸਾ ਦੀ ਜਿੱਤ ਸਭ ਤੋਂ ਰੋਚਕ ਘਟਨਾਕ੍ਰਮ ਹਨ।ਸਰਬਜੀਤ ਸਿੰਘ ਖਾਲਸਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀ ਬੇਅੰਤ ਸਿੰਘ ਦੇ ਪੁੱਤਰ ਹਨ।ਉਹ ਵੀ 73 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੇ ਹਨ।

**ਕੀ ਕਹਿੰਦੇ ਹਨ ਪੰਜਾਬ ਦੇ ਨਤੀਜੇ**

ਚੋਣ ਨਤੀਜਿਆਂ ਮਗਰੋਂ ਇਹ ਸਵਾਲ ਖੜ੍ਹੇ ਹੋਏ ਹਨ ਕਿ ਕੀ ਪੰਜਾਬ ਆਪਣੇ ਸਵਾਲਾਂ ਦੇ ਜਵਾਬ ਲੱਭ ਰਿਹਾ ਹੈ, ਕੀ ਪੰਜਾਬ ਨੇ ਆਮ ਆਦਮੀ ਪਾਰਟੀ ਨੂੰ ਵੀ ਰਵਾਇਤੀ ਪਾਰਟੀ ਮੰਨ ਲਿਆ ਹੈ।ਪੰਜਾਬ ਵਿੱਚ ਵੋਟਰਾਂ ਨੇ ਆਮ ਆਦਮੀ ਪਾਰਟੀ ਨੂੰ ਉਸ ਤਰ੍ਹਾਂ ਦਾ ਹੁੰਗਾਰਾ ਨਹੀਂ ਦਿੱਤਾ ਹੈ, ਜਿਸ ਤਰ੍ਹਾਂ ਦੇ ਉਹ ਦਾਅਵਾ ਕਰ ਰਹੀ ਸੀ।ਸਿਆਸੀ ਮਾਹਰ ਮੰਨਦੇ ਹਨ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਸਭ ਤੋਂ ਵੱਡੀ ਧਿਰ ਵਜੋਂ ਮੁੜ ਪ੍ਰਵਾਨ ਕੀਤਾ ਹੈ ਅਤੇ ਨਾਲ ਹੀ ਗਰਮ ਸੁਰ ਵਾਲੀ ਪੰਥਕ ਸਿਆਸਤ ਨੂੰ ਵੀ ਹੁਲ਼ਾਰਾ ਦਿੱਤਾ ਹੈ।ਪਰ ਆਮ ਆਦਮੀ ਪਾਰਟੀ ਅਜੇ ਵੀ ਇੱਕ ਧਿਰ ਬਣੀ ਹੋਈ ਹੈ।ਭਾਜਪਾ ਨੇ ਕਾਂਗਰਸ ਵਿੱਚੋਂ ਕੱਦਾਵਰ ਆਗੂ ਪਾਰਟੀ ਵਿੱਚ ਸ਼ਾਮਲ ਕਰਕੇ ਪਾਸਾ ਪਲਟਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਜ਼ਿਆਦਾ ਕਾਮਯਾਬ ਹੁੰਦੀ ਨਜ਼ਰ ਨਹੀਂ ਆਈ।

**ਕੀ ਇਹ ਗਰਮ ਦਲ ਦੀ ਸਿਆਸਤ ਦਾ ਉਭਾਰ ਹੈ**

ਲੋਕ ਸਭਾ ਲਈ ਹੋਈਆਂ ਚੋਣਾਂ ਵਿੱਚ ਪੰਜਾਬ ਦੇ ਨਤੀਜਿਆਂ ਬਾਰੇ ਬੀਬੀਸੀ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਨੇ ਸਿਆਸੀ ਮਾਹਰ ਡਾ ਪ੍ਰਮੋਦ ਕੁਮਾਰ ਨਾਲ ਗੱਲ਼ ਕੀਤੀ।ਡਾਕਟਰ ਪ੍ਰਮੋਦ ਕਹਿੰਦੇ ਹਨ, "ਪੰਜਾਬ ਵਿੱਚ ਵੱਖਵਾਦੀ ਸਿਆਸਤ ਹਮੇਸ਼ਾ ਤੋਂ ਰਹੀ ਹੈ। ਜਦੋਂ ਲੋਕਾਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਰਵਾਇਤੀ ਸਿਆਸਤ ਤੋਂ ਨਹੀਂ ਮਿਲਣਗੇ ਤਾਂ ਉਹ ਇਸ ਪਾਸੇ ਵੱਲ ਮੁੜਨਗੇ ਅਤੇ ਉਹ ਮੁੜ ਰਹੇ ਹਨ। ਉਹ ਕਹਿੰਦੇ ਹਨ, ਅਜਿਹਾ ਲੋਕਤੰਤਰੀ ਪ੍ਰਣਾਲੀ ਨਾਲ ਹੋ ਰਿਹਾ ਇਹ ਇੱਕ ਚੰਗਾ ਸੰਕੇਤ ਹੈ ਪਰ ਸਿਆਸੀ ਪਾਰਟੀਆਂ ਲਈ ਇੱਕ ਅਗੇਤੀ ਚੇਤਾਵਨੀ ਹੈ। ਉਹ ਕਹਿੰਦੇ ਹਨ ਕਿ ਖ਼ਡੂਰ ਸਾਹਿਬ ਅਤੇ ਫਰੀਦਕੋਟ ਵਿੱਚ ਇਹੀ ਨਜ਼ਰ ਆਇਆ ਹੈ।ਅਮ੍ਰਿਤਪਾਲ ਅਤੇ ਸਰਬਜੀਤ ਸਿੰਘ ਦੇ ਚੋਣ ਲੜਨ ਦਾ ਫ਼ੈਸਲਾ ਬਹੁਤ ਲੇਟ ਹੋਇਆ ਅਤੇ ਸਥਾਨਕ ਸਿਆਸਤ ਨੇ ਉਸੇ ਮੁਤਾਬਕ ਪਾਸਾ ਪਰਤ ਲਿਆ।ਸੀਨੀਅਰ ਪੱਤਰਕਾਰ ਅਤੁਲ ਸੰਗਰ ਨੇ ਦੱਸਿਆ, ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਅਤੇ ਦੂਜਾ ਪੰਜਾਬ ਨਸ਼ੇ ਦੇ ਮੁੱਦੇ ਦਾ ਰਵਾਇਤੀ ਪਾਰਟੀਆਂ ਹੱਲ ਨਹੀਂ ਕੱਢਿਆ ਜਾ ਰਿਹਾ।"ਅਤੁਲ ਸੰਗਰ ਕਹਿੰਦੇ ਹਨ ਕਿ 1980ਵਿਆਂ ਦੇ ਦੌਰਾਨ ਹੋਈ ਹਿੰਸਾ ਸਬੰਧੀ ਅਣਸੁਲਝੇ ਮੁੱਦੇ, ਬੇਅਦਬੀ ਮਾਮਲਿਆਂ ਵਿੱਚ ਨਿਆਂ ਨਾ ਮਿਲਣ ਜਿਹੇ ਮੁੱਦਿਆਂ ਦਾ ਕੋਈ ਸਪਸ਼ਟ ਜਵਾਬ ਨਹੀਂ ਮਿਲਿਆ ਹੈ।ਉਹ ਕਹਿੰਦੇ ਹਨ, ਇਸੇ ਲਈ ਲੋਕਾਂ ਨੇ ਪੰਥਕ ਸਿਆਸਤ ਦੀ ਖਾਲੀ ਪਈ ਸਪੇਸ ਨੂੰ ਗਰਮ ਸੁਰ ਵਾਲੇ ਪੰਥਕ ਆਗੂਆਂ ਰਾਹੀਂ ਭਰਨ ਦੀ ਕੋਸ਼ਿਸ਼ ਕੀਤੀ ਹੈ। ਡਾਕਟਰ ਪ੍ਰਮੋਦ ਮੰਨਦੇ ਹਨ ਕਿ ਆਮ ਆਦਮੀ ਪਾਰਟੀ ਇੱਕ ਬਦਲਾਅ ਲੈ ਕੇ ਆਈ ਸੀ ਪਰ ਹੁਣ ਉਹ ਵੀ ਰਵਾਇਤੀ ਪਾਰਟੀ ਬਣ ਗਈ ਹੈ।ਉਹ ਕਹਿੰਦੇ ਹਨ, ਲੋਕਾਂ ਨੂੰ 'ਆਪ' ਵਿੱਚੋਂ ਵੀ ਆਪਣੇ ਸਵਾਲਾਂ ਦੇ ਹੱਲ ਨਹੀਂ ਮਿਲੇ ਹਨ ਉਹ ਹੁਣ ਇੱਕ ਹੋਰ ਤਰ੍ਹਾਂ ਦੀ ਸਿਆਸਤ ਵੱਲ ਦੇਖ ਰਹੇ ਹਨ।"

**ਆਮ ਆਦਮੀ ਪਾਰਟੀ ਦਾ ਆਸ ਮੁਤਾਬਕ ਸੀਟਾਂ ਨਾ ਜਿੱਤਣਾ**

ਮਾਹਰ ਮੰਨਦੇ ਹਨ ਕਿ ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਦੀ ਸਿਆਸਤ ਕੌਮੀ ਪੱਧਰ ਉੱਤੇ ਕੀਤੀ, ਠੀਕ ਉਸੇ ਤਰ੍ਹਾਂ ਦੀ ਸਿਆਸਤ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਕੀਤੀ ਹੈ।ਮਾਹਰ ਕਹਿੰਦੇ ਹਨ ਕਿ ਜੇ ਮੋਦੀ ਨੇ ਕਿਹਾ ਕਿ ਚਾਰ ਸੌ ਪਾਰ ਤਾਂ ਭਗਵੰਤ ਮਾਨ ਨੇ ਨਾਅਰਾ ਦਿੱਤਾ '13-00', ਜੇ ਉਨ੍ਹਾਂ ਨੇ ਜੈ ਸ਼੍ਰੀ ਰਾਮ ਕਿਹਾ ਤਾਂ ਕੇਜਰੀਵਾਲ ਨੇ ਹਨੂੰਮਾਨ ਚਾਲੀਸਾ ਪੜ੍ਹਿਆ ਅਤੇ ਹਨੂੰਮਾਨ ਦੇ ਜੈਕਾਰੇ ਗੁੰਜਾਏ।ਡਾਕਟਰ ਪ੍ਰਮੋਦ ਕਹਿੰਦੇ ਹਨ, ਪੰਜਾਬ ਇੱਕ ਨਹੀਂ ਹੈ, ਇਹ ਡਾਇਸਪੋਰਾ ਵਿੱਚ ਵੀ ਹੈ, ਪੱਛਮੀ ਪਾਕਿਸਤਾਨ ਦਾ ਵੀ ਹੈ। ਇੱਥੇ ਸਿਰਫ਼ ਫਰੀਬੀਜ਼ ਨਾਲ ਨਹੀਂ ਚੱਲ ਸਕਦੀਆਂ। ਤੁਸੀਂ ਸਕੂਲ ਵਧੀਆ ਬਣਾ ਦਿੱਤੇ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ, ਫਰੀਬੀਜ਼ ਦੀ ਗੱਲ ਕਰਦੇ ਹੋ ਪਰ ਪੰਜਾਬ ਵਿੱਚ ਹੋਰ ਵੀ ਮਸਲੇ ਹਨ ਜਿਨ੍ਹਾਂ ਨੂੰ ਤੁਸੀਂ ਅਡਰੈਸ ਨਹੀਂ ਕਰਦੇ।"ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਪ੍ਰੋਫੈਸਰ ਸਤਨਾਮ ਸਿੰਘ ਦਿਓਲ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਕਿਹਾ, ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਵਿੱਚ 92 ਸੀਟਾਂ ਮੁਫ਼ਤ ਸਹੂਲਤਾਂ ਲਈ ਨਹੀਂ ਦਿੱਤੀਆਂ ਸਨ। ਇਹ ਤਾਂ ਅਕਾਲੀ ਦਲ ਤੇ ਕਾਂਗਰਸ ਦੇ ਹੀ ਰਹੇ ਸਨ।ਉਹ ਕਹਿੰਦੇ ਹਨ, ਪੰਜਾਬ ਦੇ ਲੋਕਾਂ ਨੇ ਕੇਜਰੀਵਾਲ ਦੀ ਪੰਜਾਬ ਨੂੰ ਕਰਜ਼ ਮੁਕਤ ਕਰਨ, ਬੇਅਦਬੀ ਦੇ ਕੇਸਾਂ ਵਿੱਚ ਨਿਆਂ ਦੁਆਉਣ, ਡਰੱਗਜ਼ ਤੋਂ ਛੁਟਕਾਰਾ ਦੁਆਉਣ ਅਤੇ ਭ੍ਰਿਸ਼ਟਾਚਾਰ ਰੋਕਣ ਦੀ ਗਰੰਟੀ ਤੋਂ ਪ੍ਰਭਾਵਿਤ ਹੋਕੇ ਦਿੱਤੀਆਂ ਸਨ।"ਅਤੁਲ ਸੰਗਰ ਕਹਿੰਦੇ ਹਨ ਕਿ ਇਹ ਚੋਣ ਨਤੀਜੇ ਆਮ ਆਦਮੀ ਪਾਰਟੀ ਦੀ 2 ਸਾਲ ਦੀ ਸਰਕਾਰ ਦੇ ਕੰਮਕਾਜ ਉੱਤੇ ਲੋਕ ਫਤਵਾ ਵੀ ਹੈ। ਭਗਵੰਤ ਮਾਨ ਤੇ ਆਪ ਲੀਡਰਸ਼ਿਪ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਦੋ ਸਾਲ ਵਿੱਚ ਹੀ ਲੋਕਾਂ ਦਾ ਮੋਹ ਭੰਗ ਕਿਉਂ ਹੋਇਆ।

**ਕਾਂਗਰਸ ਨੇ ਕੀ ਹਾਸਲ ਕੀਤਾ**

ਕਾਂਗਰਸ ਦੀ ਸੂਬਾਈ ਲੀਡਰਸ਼ਿਪ ਨੇ 7 ਸੀਟਾਂ ਹਾਸਲ ਕਰਕੇ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਵਰਗੇ ਆਗੂਆਂ ਦੇ ਭਾਜਪਾ ਵਿੱਚ ਜਾਣ ਤੋਂ ਬਾਅਦ ਆਪਣੀ ਸਥਾਪਤੀ ਸਾਬਿਤ ਕਰ ਦਿੱਤੀ ਹੈ।ਜਾਣਕਾਰ ਮੰਨਦੇ ਹਨ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪ੍ਰਤਾਪ ਬਾਜਵਾ ਦੀ ਲੀਡਰਸ਼ਿਪ ਸਥਾਪਿਤ ਹੋ ਗਈ ਹੈ। ਰਾਜਾ ਵੜਿੰਗ ਜਿਨ੍ਹਾਂ ਨੂੰ ਪਹਿਲਾਂ ਟਕਸਾਲੀ ਅਖਵਾਉਣ ਵਾਲੇ ਆਗੂ ਪ੍ਰਧਾਨ ਹੀ ਨਹੀਂ ਮੰਨਦੇ ਸਨ, ਉਨ੍ਹਾਂ ਦੇ ਵੀ ਹੁਣ ਮੂੰਹ ਬੰਦ ਹੋ ਗਏ ਹਨ।ਇਸੇ ਤਰ੍ਹਾਂ ਪ੍ਰਤਾਪ ਸਿੰਘ ਬਾਜਵਾ ਜਿਨ੍ਹਾਂ ਨੂੰ ਸੂਬਾਈ ਪ੍ਰਧਾਨ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਦੇ ਅੰਦਰਖਾਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਉਨ੍ਹਾਂ ਵੀ ਆਪਣੀ ਸੂਬੇ ਪੱਧਰ ਦੇ ਆਗੂ ਵਜੋਂ ਨਾਮਣਾ ਖੱਟ ਲਿਆ ਹੈ।ਇਸੇ ਤਰ੍ਹਾਂ ਚਰਨਜੀਤ ਸਿੰਘ ਚੰਨੀ ਦਾ ਜਲੰਧਰ ਤੋਂ ਡੇਢ ਲੱਖ ਵੋਟਾਂ ਦੇ ਫਰਕ ਨਾਲ ਜਿੱਤਣਾ ਅਤੇ ਸੁਖਜਿੰਦਰ ਰੰਧਾਵਾ ਦਾ ਗੁਰਦਾਸਪ ?ਰ ਵਰਗੀ ਭਾਜਪਾ ਦੀ ਰਵਾਇਤੀ ਸੀਟ ਹਥਿਆਉਣਾ ਵੱਡੇ ਸਿਆਸੀ ਘਟਨਾਕ੍ਰਮ ਹਨ।ਜੋ ਦੋਵਾਂ ਆਗੂਆਂ ਦੀ ਸੂਬੇ ਪੱਧਰ ਉੱਤੇ ਅਪੀਲ ਦਾ ਦਾਇਰਾ ਵਧਾਏਗੀ।

## ਭਾਜਪਾ ਕਿਉਂ ਨਹੀਂ ਜਿੱਤ ਸਕੀ ਸੀਟ

ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿੱਚ ਜਦੋਂ ਵੀ ਸੱਤਾ ਦਾ ਸੁੱਖ ਮਾਣਿਆ ਹੈ, ਉਹ ਅਕਾਲੀ ਦਲ ਦੇ ਸਾਥ ਨਾਲ ਹੀ ਮਾਣਿਆ ਹੈ।1996 ਵਿੱਚ ਹੋਏ ਗਠਜੋੜ ਤੋਂ ਬਾਅਦ ਅਕਾਲੀ ਦਲ ਅਤੇ ਭਾਜਪਾ ਨੇ ਪੂਰੇ 15 ਸਾਲ ਸਰਕਾਰ ਚਲਾਈ, ਪਰ ਕਿਸਾਨ ਅੰਦੋਲਨ ਦੌਰਾਨ ਜਦੋਂ ਅਕਾਲੀ ਦਲ 2020 ਵਿੱਚ ਭਾਜਪਾ ਤੋਂ ਵੱਖ ਹੋ ਗਿਆ ਤਾਂ ਭਾਰਤੀ ਜਨਤਾ ਪਾਰਟੀ ਨੇ ਸੂਬੇ ਵਿੱਚ ਇਕੱਲਿਆਂ ਹੀ ਅੱਗੇ ਵਧਣ ਦਾ ਫੈਸਲਾ ਲਿਆ।ਪੰਜਾਬ ਵਿੱਚ ਸਥਾਪਤੀ ਲਈ ਕਾਂਗਰਸ ਸਣੇ ਦੂਜੀਆਂ ਪਾਰਟੀਆਂ ਤੋਂ ਆਗੂ ਦਰਾਮਦ ਕਰਨ ਅਤੇ ਆਪਣੇ ਸਰੋਤਾਂ ਦੀ ਮਦਦ ਨਾਲ ਸੂਬੇ ਵਿੱਚ ਸਥਾਪਤੀ ਦਾ ਕਦਮ ਅੱਗੇ ਵਧਾਇਆ।ਪਰ ਕੋਈ ਸੀਟ ਹਾਸਲ ਨਹੀਂ ਹੋ ਸਕੀ। ਅਕਾਲੀ ਦਲ ਦੀ ਮਦਦ ਨਾਲ ਜੋ 2019 ਵਿੱਚ ਦੋ ਸੀਟਾਂ ਹਾਸਲ ਕੀਤੀਆਂ ਸਨ, ਉਹ ਵੀ ਖੁੱਸ ਗਈਆਂ।ਡਾਕਟਰ ਪ੍ਰਮੋਦ ਕਹਿੰਦੇ ਹਨ ਕਿ ਭਾਜਪਾ ਨੂੰ ਹਰਿਆਣੇ ਦੀ ਜਿੱਤ ਦੇਖ ਕੇ ਉਮੀਦ ਬੱਝੀ ਸੀ ਕਿ ਜੇ ਅਸੀਂ ਹਰਿਆਣੇ ਵਿੱਚ ਜਿੱਤ ਸਕਦੇ ਹਾਂ ਤਾਂ ਪੰਜਾਬ ਵਿੱਚ ਵੀ ਜਿੱਤ ਜਾਵਾਂਗੇ।ਉਹ ਕਹਿੰਦੇ ਹਨ, ਪਰ ਪੰਜਾਬ ਵਿੱਚ ਕਿਸੇ ਵੀ ਪਾਰਟੀ ਦਾ ਇਕਲੌਤਾ ਵੋਟ ਬੈਂਕ ਨਹੀਂ ਹੈ। ਪੰਜਾਬ ਦੀ ਖੇਤਰੀ ਪਛਾਣ ਨੂੰ ਦਰਕਿਨਾਰ ਕਰਕੇ ਜੇ ਕੋਈ ਸਿਰਫ਼ ਕੌਮੀ ਮੁੱਦੇ ਰੱਖਾਂਗੇ ਤਾਂ ਉਹ ਇੱਥੇ ਨਹੀਂ ਚੱਲਣਗੇ। ਭਾਰਤੀ ਜਨਤਾ ਪਾਰਟੀ ਨੇ ਹਰਿਆਣੇ ਅਤੇ ਹੋਰ ਕਈ ਸੂਬਿਆਂ ਵਾਂਗ ਅਕਾਲੀ ਦਲ ਨੂੰ ਛੋਟਾ ਭਰਾ ਬਣਾ ਕੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ।ਡਾਕਟਰ ਪ੍ਰਮੋਦ ਕਹਿੰਦੇ ਹਨ, ਭਾਜਪਾ ਨੇ ਐੱਮਐੱਸਪੀ ਅਤੇ ਸਿੱਖ ਕੈਦੀਆਂ ਦੀ ਰਿਹਾਈ ਵਰਗੇ ਅਕਾਲੀ ਦਲ ਦੇ ਕਈ ਮੁੱਦੇ ਸਮਝਣ ਦੀ ਥਾਂ ਇਹੀ ਕਿਹਾ ਸੀ ਕਿ ਤੁਸੀਂ ਸਿਰਫ਼ ਸੀਟਾਂ ਦੀ ਵੰਡ ਕਰ ਲਓ। ਜੇ ਉਹ ਪੰਜਾਬ ਦੀਆਂ ਮੰਗਾਂ ਨੂੰ ਦੇਖਦੇ ਅਤੇ ਸਮੱਸਿਆਵਾਂ ਦਾ ਹੱਲ ਦਿੰਦੇ ਤਾਂ ਫਰਕ ਪੈ ਸਕਦਾ ਸੀ। ਅਤੁਲ ਸੰਗਰ ਕਹਿੰਦੇ ਹਨ, "ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਨੂੰ ਦੂਜੀਆਂ ਖੇਤਰੀ ਪਾਰਟੀਆਂ ਵਾਂਗ ਨਹੀਂ ਸਮਝ ਸਕਦੀ। ਅਕਾਲੀ ਦਲ 100 ਸਾਲ ਪੁਰਾਣਾ ਇਤਿਹਾਸ ਹੈ ਅਤੇ ਇਹ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਨੁਮਾਇੰਦਾ ਪਾਰਟੀ ਹੈ।"



# ਲੋਕ ਸਭਾ ਚੋਣਾਂ: ਅਮ੍ਰਿਤਪਾਲ ਸਿੰਘ ਖਡੂਰ ਸਾਹਿਬ ਵਿੱਚ ਰਵਾਇਤੀ ਪਾਰਟੀਆਂ ਉੱਤੇ ਕਿਵੇਂ ਭਾਰੂ ਪੈ ਗਏ, ਕਿਹੜੇ ਮੁੱਦਿਆਂ ਨੇ ਜਿੱਤ ਵਿੱਚ ਭੂਮਿਕਾ ਨਿਭਾਈ





ਪੰਜਾਬ ਦੀ ਚਰਚਿਤ ਲੋਕ ਸਭਾ ਸੀਟ ਖਡੂਰ ਸਾਹਿਬ ਤੋਂ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅਮ੍ਰਿਤਪਾਲ ਸਿੰਘ ਦੀ ਹੋਈ ਵੱਡੀ ਜਿੱਤ ਨੇ ਪੰਜਾਬ ਦੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਅਮ੍ਰਿਤਪਾਲ ਸਿੰਘ ਇਸ ਵੇਲੇ ਆਪਣੇ ਸਾਥੀਆਂ ਸਮੇਤ ਨੈਸ਼ਨਲ ਸਿਕਿਊਰਟੀ ਐਕਟ ਅਧੀਨ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਜਿਵੇਂ ਹੀ ਅਮ੍ਰਿਤਪਾਲ ਸਿੰਘ ਦੀ ਜਿੱਤ ਦੀ ਖ਼ਬਰ ਸਾਹਮਣੇ ਆਈ ਤਾਂ ਹਲਕਾ ਖਡੂਰ ਸਾਹਿਬ ਦੇ ਲੋਕ ਗਿਣਤੀ ਕੇਂਦਰ ਦੇ ਬਾਹਰ ਇਕੱਠੇ ਹੋ ਗਏ। ਇਸ ਤੋਂ ਇਲਾਵਾ ਹਲਕੇ ਦੇ ਕਈ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਕੜਾਹ ਪ੍ਰਸ਼ਾਦ ਦੀ ਦੇਗ ਬਣਾ ਕੇ ਅਮ੍ਰਿਤਪਾਲ ਸਿੰਘ ਦੀ ਜਿੱਤ ਲਈ ਸ਼ੁਕਰਾਨਾ ਵੀ ਕੀਤਾ ਗਿਆ। ਜਿੱਥੇ ਲੋਕ ਅਮ੍ਰਿਤਪਾਲ ਸਿੰਘ ਦੀ ਵੱਡੀ ਜਿੱਤ ਦਾ ਜ਼ਿਕਰ ਕਰ ਰਹੇ ਸਨ, ਉੱਥੇ ਉਹ ਫਰੀਦਕੋਟ ਲੋਕ ਸਭਾ ਹਲਕੇ ਤੋਂ ਸਰਬਜੀਤ ਸਿੰਘ ਖਾਲਸਾ ਦੀ ਜਿੱਤ ਨੂੰ ਵੀ 'ਪੰਥਕ ਸੋਚ' ਦੀ ਜਿੱਤ ਕਰਾਰ ਦੇ ਰਹੇ ਸਨ।

ਅਮ੍ਰਿਤਪਾਲ ਸਿੰਘ ਦੀ ਜਿੱਤ ਤੋਂ ਬਾਅਦ ਹਲਕੇ ਦੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਜ਼ਰੂਰ ਸੀ, ਪਰ ਇਸ ਖੁਸ਼ੀ ਨੂੰ ਲੋਕਾਂ ਨੇ ਜਸ਼ਨ ਦੇ ਰੂਪ ਵਿੱਚ ਨਹੀਂ ਮਨਾਇਆ।ਇਸ ਦਾ ਕਾਰਨ ਸਾਲ 1984 ਵਿੱਚ ਦਰਬਾਰ ਸਾਹਿਬ ਉੱਪਰ ਹੋਏ ਅਪਰੇਸ਼ਨ ਬਲੂ ਸਟਾਰ ਦੀ ਬਰਸੀ ਦਾ ਚੱਲ ਰਿਹਾ ਹਫ਼ਤਾ ਸੀ। ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਵੋਟਾਂ ਦੀ ਗਿਣਤੀ ਤੋਂ ਇੱਕ ਦਿਨ ਪਹਿਲਾਂ ਹੀ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਅਮ੍ਰਿਤਪਾਲ ਸਿੰਘ ਦੀ ਜਿੱਤ ਹੋਣ ਦੀ ਸੂਰਤ ਵਿੱਚ ਕਿਸੇ ਵੀ ਤਰ੍ਹਾਂ ਦਾ ਜਸ਼ਨ ਨਾ ਮਨਾਉਣ।ਖ਼ੈਰ, ਗਿਣਤੀ ਕੇਂਦਰ ਦੇ ਬਾਹਰ ਇਕੱਠੇ ਹੋਏ ਲੋਕਾਂ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਸੜਕ ਉੱਪਰ ਪੈਦਲ ਮਾਰਚ ਕਰਕੇ ਜਿੱਤ ਦੀ ਖੁਸ਼ੀ ਸਾਂਝੀ ਕੀਤੀ।

**ਵਿਧਾਨ ਸਭਾ ਚੋਣਾਂ ਦੀ ਤਿਆਰੀ**

ਅਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਦੀ ਸੀਟ ਇੱਕ ਲੱਖ 97 ਹਜ਼ਾਰ 120 ਵੋਟਾਂ ਦੇ ਫ਼ਰਕ ਨਾਲ ਜਿੱਤੀ ਹੈ।ਪੰਜਾਬ ਦੇ ਲੋਕ ਸਭਾ ਹਲਕਿਆਂ ਵਿੱਚ ਕਿਸੇ ਵੀ ਉਮੀਦਵਾਰ ਵੱਲੋਂ ਦਰਜ ਕੀਤੀ ਗਈ ਇਹ ਵੋਟਾਂ ਦੇ ਸਭ ਤੋਂ ਵੱਡੇ ਫਰਕ ਵਾਲੀ ਜਿੱਤ ਹੈ।ਸਿਆਸੀ ਹਲਕਿਆਂ ਵਿੱਚ ਇਹ ਚਰਚਾ ਵੀ ਚੱਲ ਰਹੀ ਹੈ ਕਿ ਪੰਜਾਬ ਦੇ ਮਾਝਾ ਖੇਤਰ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਜਿਤਾਉਣ ਵਿੱਚ ਆਪਣੀ ਦਿਲਚਸਪੀ ਦਿਖਾਈ ਹੈ।ਇਸ ਕੜੀ ਤਹਿਤ ਗੁਰਜੀਤ ਸਿੰਘ ਔਜਲਾ ਅੰਮ੍ਰਿਤਸਰ ਲੋਕ ਸਭਾ ਹਲਕਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਜੇਤੂ ਰਹੇ ਹਨ।ਹਰਪਾਲ ਸਿੰਘ ਖਾਰਾ ਪੇਸ਼ੇ ਵਜੋਂ ਵਕੀਲ ਹਨ ਅਤੇ ਉਹ ਰਾਜਨੀਤਿਕ ਮਾਮਲਿਆਂ ਦੇ ਮਾਹਰ ਵੀ ਹਨ।ਉਹ ਕਹਿੰਦੇ ਹਨ, ਖਡੂਰ ਸਾਹਿਬ ਲੋਕ ਸਭਾ ਹਲਕਾ ਭਾਵੇਂ ਮਾਝੇ ਦਾ ਇੱਕ ਅਹਿਮ ਹਿੱਸਾ ਹੈ ਪਰ ਇਥੋਂ ਲੋਕਾਂ ਨੇ ਆਪਣੀ ਪੰਥਕ ਸੋਚ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪਛਾੜਿਆ ਹੈ।ਅਸਲ ਵਿੱਚ ਅਮ੍ਰਿਤਪਾਲ ਸਿੰਘ ਦੀ ਜਿੱਤ ਨੇ ਪੰਥਕ ਸਫਾਂ ਵਿੱਚ ਇਹ ਗੱਲ ਵੀ ਸਾਫ਼ ਕਰ ਦਿੱਤੀ ਹੈ ਕਿ ਭਵਿੱਖ ਵਿੱਚ ਪੰਥ ਦੀ ਵਾਗਡੋਰ ਕੌਣ ਸੰਭਾਲੇਗਾ।ਅਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਪੰਜਾਬ ਵਿੱਚ ਸਿਆਸੀ ਤੌਰ ਉੱਪਰ ਪੰਥਕ ਹਲਕਿਆਂ ਵਿੱਚ ਇੱਕ ਨਵੀਂ ਸਫ਼ਾਬੰਦੀ ਬਣੇਗੀ।ਨਵੀਂ ਬਣਨ ਵਾਲੀ ਇਹ ਸਫ਼ਾਬੰਦੀ ਆਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਨਿੱਗਰ ਹਾਜ਼ਰੀ ਲਵਾ ਸਕਦੀ ਹੈ।

**ਖਡੂਰ ਸਾਹਿਬ ਦਾ ਰਵਾਇਤੀ ਸਿਆਸੀ ਪਾਰਟੀਆਂ ਨੂੰ ਜਵਾਬ**

ਉਂਝ, ਖਡੂਰ ਸਾਹਿਬ ਦੀ ਲੋਕ ਸਭਾ ਸੀਟ ਨੂੰ ਪੰਥਕ ਸੀਟ ਵਜੋਂ ਜਾਣਿਆ ਜਾਂਦਾ ਰਿਹਾ ਹੈ। ਇਸ ਦਾ ਕਾਰਨ ਇਸ ਹਲਕੇ ਵਿੱਚ ਸਿੱਖਾਂ ਦੀ ਵਸੋਂ ਜ਼ਿਆਦਾ ਹੋਣਾ ਹੈ।ਭਾਰਤੀ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਲੋਕ ਸਭਾ ਹਲਕਾ ਖਡੂਰ ਸਾਹਿਬ ਵਿੱਚ 75.15 ਫੀਸਦੀ ਵਸੋਂ ਸਿੱਖਾਂ ਦੀ ਹੈ।ਸਾਲ 2011 ਵਿੱਚ ਭਾਰਤ ਵਿੱਚ ਹੋਈ ਮਰਦਮਸ਼ੁਮਾਰੀ ਮੁਤਾਬਿਕ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਵਿੱਚ 93.33 ਫੀਸਦੀ ਸਿੱਖ ਧਰਮ ਨਾਲ ਜੁੜੇ ਲੋਕ ਰਹਿੰਦੇ ਹਨ।ਸਿਆਸੀ ਹਲਕੇ ਇਸ ਗੱਲ ਉੱਪਰ ਵੀ ਹੈਰਾਨੀ ਪ੍ਰਗਟ ਕਰਦੇ ਹਨ ਕਿ ਅਮ੍ਰਿਤਪਾਲ ਸਿੰਘ ਨੇ ਪੰਜਾਬ ਦੀ ਹਾਕਮ ਧਿਰ ਆਮ ਆਦਮੀ ਪਾਰਟੀ ਤੋਂ ਇਲਾਵਾ ਦੂਸਰੀਆਂ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਮਾਤ ਦਿੱਤੀ ਹੈ।ਇਸ ਜਿੱਤ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਲੋਕ ਸਭਾ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਕੁਝ ਘੰਟੇ ਪਹਿਲਾਂ ਹੀ ਅਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ ਉਨਾਂ ਨੂੰ ਖਡੂਰ ਸਾਹਿਬ ਤੋਂ ਚੋਣ ਲੜਾਉਣ ਦਾ ਐਲਾਨ ਕੀਤਾ ਗਿਆ ਸੀ।ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਉਮੀਦਵਾਰ ਬਣਾਇਆ ਗਿਆ ਸੀ।ਆਮ ਆਦਮੀ ਪਾਰਟੀ ਵੱਲੋਂ ਕੈਬਨਿਟ ਮੰਤਰੀ ਨੂੰ ਇਸ ਹਲਕੇ ਤੋਂ ਉਤਾਰੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਅਤੇ ਕਾਂਗਰਸ ਪਾਰਟੀ ਨੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜੀਰਾ ਨੂੰ ਉਮੀਦਵਾਰ ਬਣਾਇਆ ਸੀ।

**ਖਡੂਰ ਸਾਹਿਬ ਵਿੱਚ ਲੋਕਾਂ ਮੁਤਾਬਕ ਨਸ਼ਾ ਹੀ ਵੱਡਾ ਮੁੱਦਾ ਸੀ**

ਹਲਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਉਨਾਂ ਲਈ ਨਸ਼ੇ ਦਾ ਮੁੱਦਾ ਕਾਫ਼ੀ ਅਹਿਮ ਸੀ। ਬਲਵਿੰਦਰ ਕੌਰ ਵਿਧਾਨ ਸਭਾ ਹਲਕਾ ਪੱਟੀ ਅਧੀਨ ਪੈਂਦੇ ਪਿੰਡ ਖਾਰਾ ਦੇ ਵਸਨੀਕ ਹਨ।ਉਨਾਂ ਦੱਸਿਆ ਕਿ ਅਮ੍ਰਿਤਪਾਲ ਸਿੰਘ ਰਿਸ਼ਤੇਦਾਰੀ ਵਿੱਚੋਂ ਉਨਾਂ ਦੇ ਭਤੀਜਾ ਲੱਗਦੇ ਹਨ।ਉਹ ਕਹਿੰਦੇ ਹਨ, ਜਿਸ ਵੇਲੇ ਸਾਡੇ ਨੌਜਵਾਨ ਨਸ਼ਿਆਂ ਵਿੱਚ ਗ੍ਰਸਤ ਹੋ ਕੇ ਆਪਣੀਆਂ ਜਾਨਾਂ ਦੇ ਰਹੇ ਸਨ, ਠੀਕ ਉਸ ਵੇਲੇ ਅਮ੍ਰਿਤਪਾਲ ਸਿੰਘ ਨੇ ਨਸ਼ਿਆਂ ਖਿਲਾਫ਼ ਮੁਹਿੰਮ ਵਿੱਢੀ ਸੀ।ਮਾਵਾਂ ਨੇ ਉਸ ਵੇਲੇ ਸੁਖ ਦਾ ਸਾਹ ਲਿਆ ਸੀ ਜਦੋਂ ਅਮ੍ਰਿਤਪਾਲ ਸਿੰਘ ਦੀ ਮੁਹਿੰਮ ਸਦਕਾ ਅਨੇਕਾਂ ਨੌਜਵਾਨ ਨਸ਼ੇ ਦੀ ਲੱਤ ਛੱਡ ਚੁੱਕੇ ਸਨ।ਮੈਨੂੰ ਲੱਗਦਾ ਹੈ ਕਿ ਰਾਜਨੀਤਿਕ ਲੋਕ ਸਮਾਜ ਵਿੱਚੋਂ ਨਸ਼ੇ ਖਤਮ ਕਰਨਾ ਨਹੀਂ ਚਾਹੁੰਦੇ। ਇਹੀ ਕਾਰਨ ਸੀ ਕਿ ਉਨਾਂ ਨੇ ਅਮ੍ਰਿਤਪਾਲ ਸਿੰਘ ਨੂੰ ਨਜ਼ਰਬੰਦ ਕਰਕੇ ਡਿਬਰੂਗੜ ਜੇਲ੍ਹ ਭੇਜ ਦਿੱਤਾ।ਅਸੀਂ ਆਪਣੇ ਪੁੱਤਰਾਂ ਨੂੰ ਨਸ਼ੇ ਕਰਨ ਮਰਦੇ ਨਹੀਂ ਦੇਖਣਾ ਚਾਹੁੰਦੇ। ਅਸਲ ਵਿੱਚ ਅਸੀਂ ਇਸੇ ਮੁੱਦੇ ਨੂੰ ਲੈ ਕੇ ਅਮ੍ਰਿਤਪਾਲ ਸਿੰਘ ਨੂੰ ਡੱਟ ਕੇ ਵੋਟਾਂ ਪਾਈਆਂ ਹਨ।ਅਮ੍ਰਿਤਪਾਲ ਸਿੰਘ ਵੱਲੋਂ ਇਸ ਹਲਕੇ ਤੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਨੇ ਇੱਥੋਂ ਆਪਣੇ ਪਰਚੇ ਭਰੇ ਸਨ।ਜਿਵੇਂ ਹੀ ਅਮ੍ਰਿਤਪਾਲ ਸਿੰਘ ਨੇ ਐਨ ਮੌਕੇ ਉੱਪਰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਤਾਂ ਹਰਪਾਲ ਸਿੰਘ ਬਲੇਰ ਨੇ ਆਪਣੇ ਕਾਗਜ ਵਾਪਸ ਲੈ ਲਏ ਸਨ।ਹਰਪਾਲ ਸਿੰਘ ਬਲੇਰ ਅਮ੍ਰਿਤਪਾਲ ਸਿੰਘ ਦੀ ਹੋਈ ਵੱਡੀ ਜਿੱਤ ਨੂੰ ਪੰਥਕ ਸੋਚ ਦੀ ਜਿੱਤ ਕਰਾਰ ਦਿੰਦੇ ਹਨ।ਉਹ ਅਮ੍ਰਿਤਪਾਲ ਸਿੰਘ ਦੀ ਚੋਣ ਪ੍ਰਚਾਰ ਮੁਹਿੰਮ ਚਲਾਉਣ ਵਾਲੇ ਇੱਕ ਅਹਿਮ ਆਗੂ ਹਨ।ਉਹ ਕਹਿੰਦੇ ਹਨ, ਅਸੀਂ ਨਸ਼ੇ ਦੀ ਵਿਕਰੀ ਵਿਚ ਰਾਜਨੀਤਿਕ ਲੋਕਾਂ ਦੀ ਮਿਲੀ-ਭੁਗਤ ਦਾ ਮੁੱਦਾ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਗਏ ਸੀ। ਜਿਸ ਨੂੰ ਲੋਕਾਂ ਨੇ ਸਮਝਿਆ ਤੇ ਅਮ੍ਰਿਤਪਾਲ ਦੀ ਜਿੱਤ ਯਕੀਨੀ ਬਣ ਗਈ।ਹਲਕੇ ਦੇ ਲੋਕਾਂ ਵਿੱਚ ਇਹ ਗੱਲ ਆਮ ਚੱਲ ਰਹੀ ਹੈ ਕਿ ਖੇਮਕਰਨ ਸੈਕਟਰ ਪਾਕਿਸਤਾਨ ਦੀ ਸਰਹੱਦ ਨਾਲ ਜੁੜਿਆ ਹੋਣ ਕਾਰਨ ਇਸ ਖਿੱਤੇ ਵਿੱਚ ਨਸ਼ੇ ਦੀ ਆਮਦ ਵਧੇਰੇ ਹੋ ਰਹੀ ਹੈ।ਗੁਰਪ੍ਰੀਤ ਸਿੰਘ ਪੱਟੀ ਵਿਧਾਨ ਸਭਾ ਹਲਕੇ ਨਾਲ ਸਬੰਧ ਹਨ।ਨਸ਼ਿਆਂ ਦੀ ਭਰਮਾਰ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਉਹ ਕਹਿੰਦੇ ਹਨ, ਪਿਛਲੇ ਥੋੜੇ ਸਾਲਾਂ ਦੌਰਾਨ ਹੀ ਸਾਡੇ ਪਿੰਡ ਦੇ ਕਈ ਨੌਜਵਾਨ ਨਸ਼ੇ ਕਾਰਨ ਮਰ ਚੁੱਕੇ ਹਨ।ਜਦੋਂ ਅਮ੍ਰਿਤਪਾਲ ਸਿੰਘ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਅਤੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਥੋੜ੍ਹੇ ਸਮੇਂ ਵਿੱਚ ਹੀ ਨੌਜਵਾਨ ਨਸ਼ੇ ਛੱਡਣ ਵੱਲ ਵਧਣ ਲੱਗੇ ਸਨ। ਇਸ ਰੁਝਾਨ ਤੋਂ ਅਸੀਂ ਬਹੁਤ ਖੁਸ਼ ਸੀ।ਪਰ ਸਾਡੀ ਇਹ ਖੁਸ਼ੀ ਬਹੁਤਾ ਸਮਾਂ ਨਾ ਰਹਿ ਸਕੀ। ਅਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਰੁਕ ਗਈ।ਅਸੀਂ ਸਮੁੱਚੇ ਪਿੰਡ ਨੇ ਏਕਤਾ ਕਰਕੇ ਅਮ੍ਰਿਤਪਾਲ ਸਿੰਘ ਨੂੰ ਵੋਟਾਂ ਪਾਈਆਂ। ਸਾਨੂੰ ਹਾਲੇ ਵੀ ਆਸ ਹੈ ਕਿ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਨਸ਼ਿਆਂ ਵਿਰੁੱਧ ਮੁਹਿੰਮ ਜਾਰੀ ਰੱਖਣਗੇ।ਅਮ੍ਰਿਤਪਾਲ ਸਿੰਘ ਦੀ ਜਿੱਤ ਨੂੰ ਯਕੀਨੀ ਬਣਾਉਣ ਵਿੱਚ ਹਲਕੇ ਦੇ ਨੌਜਵਾਨਾਂ ਦੀ ਅਹਿਮ ਭੂਮਿਕਾ ਰਹੀ ਹੈ।ਜਗਦੀਪ ਸਿੰਘ ਨੌਜਵਾਨ ਸਭਾ ਪੱਟੀ ਦੇ ਸਮਾਜ ਸੇਵੀ ਆਗੂ ਹਨ। ਉਹ ਕਹਿੰਦੇ ਹਨ ਕਿ ਅਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਸਮੇਂ ਨਸ਼ੇ ਅਤੇ ਬੇਰੁਜ਼ਗਾਰੀ ਨੂੰ ਹੀ ਮੁੱਦਾ ਬਣਾਇਆ ਗਿਆ ਸੀ।

# ਖਡੂਰ ਸਾਹਿਬ ਸਣੇ ਪੰਜਾਬ ਦੇ ਕਿਹੜੇ ਹਲਕਿਆਂ 'ਚ ਮਹਿਲਾ ਵੋਟਰਾਂ ਨੇ ਮਰਦਾਂ ਨਾਲੋਂ ਵੱਧ ਵੋਟਾਂ ਪਾਈਆਂ

1 ਜੂਨ ਨੂੰ ਹੋਈਆਂ ਲੋਕ ਸਭਾ ਚੋਣਾਂ ਬਾਰੇ ਸਾਹਮਣੇ ਆਏ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਕੁਲ ਪੰਜ ਲੋਕ ਸਭਾ ਹਲਕੇ ਅਜਿਹੇ ਹਨ ਜਿਨ੍ਹਾਂ ਵਿੱਚ ਮਰਦਾਂ ਨਾਲੋਂ ਵੱਧ ਮਹਿਲਾ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ। ਪੰਜਾਬ ਵਿੱਚ 13 ਸੰਸਦੀ ਹਲਕੇ ਅਤੇ 117 ਵਿਧਾਨ ਸਭਾ ਹਲਕੇ ਹਨ।ਪੰਜਾਬ ਵਿੱਚ 1 ਜੂਨ ਨੂੰ ਹੋਈਆਂ ਚੋਣਾਂ ਵਿੱਚ ਕੁੱਲ 2.14 ਕਰੋੜ ਵੋਟਰ ਸਨ ਜਿਨ੍ਹਾਂ ਵਿੱਚੋਂ ਲਗਭਗ 62.80% ਲੋਕਾਂ ਨੇ (1.34 ਕਰੋੜ) ਵੋਟਾਂ ਪਈਆਂ।ਵੋਟ ਪਾਉਣ ਵਾਲੇ ਵੋਟਰਾਂ ਵਿੱਚ 71.4 ਲੱਖ ਮਰਦ ਵੋਟਰ ਹਨ ਜਦਕਿ 63.36 ਲੱਖ ਮਹਿਲਾ ਵੋਟਰ ਹਨ।ਭਾਰਤ ਦੇ ਚੋਣ ਕਮਿਸ਼ਨ ਅੰਕੜੇ ਦੇ ਮੁਤਾਬਕ ਪੰਜਾਬ ਦੇ 5 ਲੋਕ ਸਭਾ ਹਲਕਿਆਂ ਵਿੱਚ ਮਹਿਲਾ ਵੋਟਰ ਵੱਧ ਗਿਣਤੀ ਵਿੱਚ ਹਨ।ਇਹ ਹਲਕੇ ਹਨ - ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਖਡੂਰ ਸਾਹਿਬ ਅਤੇ ਆਨੰਦਪੁਰ ਸਾਹਿਬ।ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਗੁਰਦਾਸਪੁਰ ਸੰਸਦੀ ਹਲਕੇ ਵਿੱਚ 68.89 ਫੀਸਦੀ ਔਰਤਾਂ ਨੇ 64.70ਫੀਸਦੀ ਮਰਦਾਂ ਦੇ ਮੁਕਾਬਲੇ ਆਪਣੀ ਵੋਟ ਪਾਈ।ਹੁਸ਼ਿਆਰਪੁਰ ਵਿੱਚ 61.60% ਔਰਤਾਂ ਨੇ ਆਪਣੀ ਵੋਟ ਪਾਈ ਜਦਕਿ 56.31% ਮਰਦਾਂ ਨੇ ਵੋਟਾਂ ਪਾਈਆਂ ਜਲੰਧਰ 'ਚ 60.44 ਫੀਸਦੀ ਔਰਤਾਂ ਨੇ ਆਪਣੀ ਵੋਟ ਪਾਈ, ਜਦਕਿ ਸਿਰਫ 59.03 ਫੀਸਦੀ ਮਰਦਾਂ ਨੇ ਹੀ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ,ਆਨੰਦਪੁਰ ਸਾਹਿਬ 'ਚ 63.18 ਫੀਸਦ ਵੋਟਰ ਮਹਿਲਾਵਾਂ ਸਨ, ਜਦਕਿ ਮਰਦ ਵੋਟਰਾਂ ਦੀ ਗਿਣਤੀ ਸਿਰਫ਼ 60.88 ਫੀਸਦ ਰਹੀ।ਪੰਜਾਬ ਵਿੱਚ ਗੁਰਦਾਸਪੁਰ ਹੀ ਅਜਿਹਾ ਸੰਸਦੀ ਹਲਕਾ ਹੈ ਜਿੱਥੇ ਔਰਤਾਂ ਸਾਰੇ ਨੌਂ ਵਿਧਾਨ ਹਲਕਿਆਂ ਵਿਚ ਮਰਦਾਂ ਨਾਲੋਂ ਵੋਟਾਂ ਪਾਉਣ ਵਿੱਚ ਅੱਗੇ ਹਨ ਇੱਥੋਂ ਦੇ ਹੀ ਸੁਜਾਨਪੁਰ ਵਿਧਾਨ ਸਭਾ ਹਲਕੇ ਵਿਚ 71.91 ਮਰਦ ਵੋਟਰਾਂ ਦੇ ਮੁਕਾਬਲੇ 75 ਫ਼ੀਸਦੀ ਮਹਿਲਾਵਾਂ ਨੇ ਵੋਟ ਪਾਈ।ਕਾਂਗਰਸ ਵੱਲੋਂ ਇਸ ਹਲਕੇ ਤੋਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਾਜਪਾ ਵੱਲੋਂ ਦਿਨੇਸ਼ ਬੱਬੂ, 'ਆਪ' ਵੱਲੋਂ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਲਜੀਤ ਸਿੰਘ ਚੀਮਾ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ।ਇਸੇ ਤਰਾਂ ਖਡੂਰ ਸਾਹਿਬ ਸੰਸਦੀ ਹਲਕੇ ਵਿੱਚ ਕੁੱਲ 16.67 ਲੱਖ ਵੋਟਰਾਂ ਵਿੱਚੋਂ ਕੁੱਲ 62.55% ਵੋਟਾਂ ਪਈਆਂ ਜਿਨ੍ਹਾਂ ਵਿਚ ਲਗਭਗ 63.56% ਔਰਤਾਂ ਅਤੇ 61.65% ਮਰਦ ਸਨ।ਇੱਥੋਂ ਚੋਣ ਲੜਨ ਵਾਲੇ ਆਗੂਆਂ ਵਿੱਚ ਡਿਬਰੂਗੜ੍ਹ ਜੇਲ੍ਹ ਤੋਂ ਅਜ਼ਾਦ ਚੋਣ ਲੜ ਰਹੇ ਅਮ੍ਰਿਤਪਾਲ ਸਿੰਘ ਵੀ ਸ਼ਾਮਲ ਹਨ।ਉਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਕਾਂਗਰਸ ਪਾਰਟੀ ਵੱਲੋਂ ਕੁਲਬੀਰ ਸਿੰਘ ਜ਼ੀਰਾ ਅਤੇ ਆਮ ਆਦਮੀ ਪਾਰਟੀ ਵੱਲੋਂ ਲਾਲਜੀਤ ਸਿੰਘ ਭੁੱਲਰ ਤੇ ਭਾਜਪਾ ਵੱਲੋਂ ਮਨਦੀਪ ਮੰਨਾ ਚੋਣ ਮੈਦਾਨ ਵਿੱਚ ਸਨ।

**ਬਠਿੰਡਾ ਵਿੱਚ ਸਭ ਤੋਂ ਵੱਧ ਵੋਟਾਂ ਪਈਆਂ**

ਮਾਲਵਾ ਖੇਤਰ ਦੀ ਸਭ ਤੋਂ ਸਰਗਰਮ ਸੀਟ - ਬਠਿੰਡਾ ਵਿੱਚ ਪੰਜਾਬ ਵਿੱਚ ਸਭ ਤੋਂ ਵੱਧ ਵੋਟ ਪੋਲ ਫ਼ੀਸਦ 69.36 ਦਰਜ ਕੀਤੀ ਗਈ ਹੈ।ਬਠਿੰਡਾ ਸੰਸਦੀ ਹਲਕੇ ਵਿੱਚ ਕੁਲ 16.51 ਲੱਖ ਵੋਟਾਂ ਹਨ ਜਿਨ੍ਹਾਂ ਵਿੱਚੋਂ 11.45 ਲੱਖ ਵੋਟਾਂ ਪੋਲ ਹੋਈਆਂ।ਬਠਿੰਡਾ ਦੀ ਨੁਮਾਇੰਦਗੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਕਰ ਰਹੀ ਹੈ ਜੋ ਆਪਣੀ ਚੌਥੀ ਚੋਣ ਲੜ ਰਹੀ ਹੈ ਅਤੇ ਉਹ 2009 ਤੋਂ ਬਠਿੰਡਾ ਦੇ ਸੰਸਦ ਮੈਂਬਰ ਹਨ। ਆਪ ਨੇ ਲੰਬੀ ਤੋਂ ਵਿਧਾਇਕ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਮੈਦਾਨ 'ਚ ਉਤਾਰਿਆ ਸੀ ਜਦਕਿ ਕਾਂਗਰਸ ਪਾਰਟੀ ਵੱਲੋਂ ਜੀਤ ਮਹਿੰਦਰ ਸਿੰਘ ਸਿੱਧੂ ਅਤੇ ਭਾਜਪਾ ਵੱਲੋਂ ਪਰਮਪਾਲ ਕੌਰ ਮਲੂਕਾ ਮੈਦਾਨ 'ਚ ਸਨ। ਅੰਕੜਿਆਂ ਮੁਤਾਬਕ ਬਠਿੰਡਾ ਸੰਸਦੀ ਸੀਟ ਤੇ ਚਾਰ ਵਿਧਾਨ ਸਭਾ ਹਲਕਿਆ ਜਿਹਨਾਂ ਵਿਚ ਸਰਦੂਲਗੜ੍ਹ, ਬੁਢਲਾਡਾ, ਲੰਬੀ ਅਤੇ ਮੌੜ ਵਿੱਚ 70% ਤੋਂ ਵੱਧ ਵੋਟਿੰਗ ਹੋਈ।

**ਪੰਜਾਬ ਵਿੱਚ ਅੰਮ੍ਰਿਤਸਰ ਵਿੱਚ ਸਭ ਤੋਂ ਘੱਟ ਵੋਟਿੰਗ ਹੋਈ**

ਅੰਮ੍ਰਿਤਸਰ ਲੋਕ ਸਭਾ ਹਲਕੇ ਵਿੱਚ ਪੰਜਾਬ ਵਿੱਚ ਸਭ ਤੋਂ ਘੱਟ 56.06% ਵੋਟ ਫ਼ੀਸਦ ਰਹੀ।ਅੰਮ੍ਰਿਤਸਰ ਪੱਛਮੀ ਤੇ ਦੱਖਣੀ ਵਿਧਾਨ ਸਭਾ ਹਲਕਿਆਂ ਵਿੱਚ ਲੜੀਵਾਰ 48.12% ਤੇ 49.73% ਅਤੇ ਅੰਮ੍ਰਿਤਸਰ ਉੱਤਰੀ ਵਿੱਚ 54.22% ਵੋਟਿੰਗ ਹੋਈ ਹੈ।ਇਹ ਤਿੰਨੋਂ ਸੀਟਾਂ ਸ਼ਹਿਰੀ ਖੇਤਰ ਦੀਆਂ ਹਨ। ਅੰਮ੍ਰਿਤਸਰ ਵਿਚ ਕੁੱਲ 16,11,263 ਯੋਗ ਵੋਟਰਾਂ ਵਿੱਚੋਂ 9,03,206 ਹੀ ਵੋਟ ਪਾਉਣ ਪੁੱਜੇ।ਇਸ ਮਤਦਾਨ ਵਿੱਚ 4,87,101 ਪੁਰਸ਼, 4,16,086 ਔਰਤਾਂ ਅਤੇ 19 ਤੀਜੇ ਲਿੰਗ ਦੇ ਵੋਟਰ ਸ਼ਾਮਲ ਸਨ।ਇੱਥੇ ਸੀਟ ਉਪਰ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ, ਭਾਜਪਾ ਦੇ ਤਰਨਜੀਤ ਸਿੰਘ ਸੰਧੂ, ਆਪ ਦੇ ਕੁਲਦੀਪ ਸਿੰਘ ਧਾਲੀਵਾਲ ਅਤੇ ਅਕਾਲੀ ਦਲ ਦੇ ਅਨਿਲ ਜੋਸ਼ੀ ਚੋਣ ਲੜ ਰਹੇ ਹਨ।ਪੰਜਾਬ ਵਿੱਚ 10 ਹਲਕਿਆਂ ਵਿੱਚ 70% ਤੋਂ ਵੱਧ ਵੋਟਿੰਗ ਰਿਕਾਰਡ ਕੀਤੀ ਗਈ ਹੈ।ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ 117 ਵਿਧਾਨ ਸਭਾ ਹਲਕਿਆ ਵਿੱਚੋਂ ਸਿਰਫ਼ 10 ਵਿਧਾਨ ਸਭਾ ਹਲਕਿਆਂ ਵਿੱਚ ਹੀ 70 ਫ਼ੀਸਦੀ ਜਾਂ ਇਸ ਤੋਂ ਵੱਧ ਪੋਲਿੰਗ ਫ਼ੀਸਦ ਦਰਜ ਕੀਤੀ ਗਈ ਹੈ।ਇਹਨਾਂ 10 ਹਲਕਿਆ ਵਿੱਚ ਗੁਰਦਾਸਪੁਰ ਸੰਸਦੀ ਹਲਕੇ ਦੇ ਸੁਜਾਨਪੁਰ (73.71), ਬੋਹਾ (71.21 ) ਅਤੇ ਪਠਾਨਕੋਟ (70.16 ) ਸ਼ਾਮਲ ਹਨ। ਖਡੂਰ ਸਾਹਿਬ ਹਲਕੇ ਦੇ ਜ਼ੀਰਾ ਵਿਧਾਨ ਸਭਾ ਹਲਕੇ ਵਿੱਚ ਵੀ 70.97 ਫੀਸਦੀ ਪੋਲਿੰਗ ਦਰਜ ਕੀਤੀ ਗਈ, ਜਦੋਂਕਿ ਫਿਰੋਜ਼ਪੁਰ ਸੰਸਦੀ ਹਲਕੇ ਗੁਰੂਹਰਸਹਾਏ ਅਤੇ ਫਾਜ਼ਿਲਕਾ ਵਿੱਚ ਲੜੀਵਾਰ 71.30 ਅਤੇ 71.83 ਫੀਸਦੀ ਪੋਲਿੰਗ ਹੋਈ।ਬਠਿੰਡਾ ਲੋਕ ਸਭਾ ਹਲਕੇ ਵਿੱਚ ਬੁਢਲਾਡਾ, ਸਰਦੂਲਗੜ੍ਹ, ਮੌੜ ਅਤੇ ਲੰਬੀ ਵਿੱਚ ਕ੍ਰਮਵਾਰ 72.52 ਫੀਸਦੀ, 73.72 ਫੀਸਦੀ, 70.13 ਫੀਸਦੀ ਅਤੇ 71.95 ਫੀਸਦੀ ਪੋਲਿੰਗ ਹੋਈ।ਚੋਣ ਕਮਿਸ਼ਨ ਦੇ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਅੰਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ, ਆਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ, ਫਰੀਦਕੋਟ, ਸੰਗਰੂਰ ਅਤੇ ਪਟਿਆਲਾ ਦੇ 9 ਲੋਕ ਸਭਾ ਹਲਕਿਆਂ ਵਿੱਚ ਕਿਸੇ ਵੀ ਵਿਧਾਨ ਸਭਾ ਹਲਕੇ ਵਿੱਚ 70 ਫੀਸਦ ਪੋਲਿੰਗ ਨਹੀਂ ਹੋਈ।ਹੁਣ ਤੱਕ ਪੰਜਾਬ ਵਿੱਚ ਥਰਡ ਜੈਂਡਰ ਦੀਆਂ ਕੁੱਲ 773 ਵੋਟਾਂ ਸਨ ਜਿਨ੍ਹਾਂ ਵਿੱਚੋਂ ਸਿਰਫ਼ 280 ਵੋਟਾਂ ਹੀ ਪਈਆਂ ਹਨ ਜੋ ਕਿ 36.36% ਦੇ ਕਰੀਬ ਬਣਦੀ ਹੈ। ਫ਼ਤਹਿਗੜ੍ਹ ਸਾਹਿਬ ਹਲਕੇ ਵਿੱਚ 65 ਫ਼ੀਸਦੀ ਥਰਡ ਜੈਂਡਰ ਦੇ ਵੋਟਰਾਂ ਨੇ ਆਪਣੀ ਵੋਟ ਪਾਈ ਜੋ ਸੂਬੇ ਵਿੱਚ ਸਭ ਤੋਂ ਵੱਧ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 256

Website: www.preetnama.com Email preetnamausa@gmail.com

07 JUNE TO 13 JUNE , 2024




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

**On our English language New Website**
**WWW.PREET NEWS.COM**

Cheif Editor
Pritpal Kaur
+1 201-312-4180

Vol 4, Issue 256 | Website: www.preetnama.com Email preetnamausa@gmail.com | 07 JUNE TO 13 JUNE , 2024




# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 256

Website: www.preetnama.com Email preetnamausa@gmail.com

07 JUNE TO 13 JUNE , 2024




ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

ADVISORY BOARD

ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜੀ. ਐਸ ਸਿੰਘ ਪੰਜਾਬ
******************************
ਸੁਜਾਨ ਨਾਗ, ਯੂ.ਐਸ.ਏ.
*******************
ਸਰਬਜੀਤ ਕੌਰ ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
******************************
ਸੁਨੀਲ ਕੁਮਾਰ ਗੌਂਦ
(ਪੱਤਰਕਾਰ) ਇੰਡੀਆ
**********************************
ਰਾਜ ਰਾਣੀ
ਵੀਡੀਓ ਐਡੀਟਰ
*************************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਵਸ ਉੱਪਰ ਮੀਡੀਆ ਪ੍ਰੀਤਨਾਮਾ ਅਤੇ ਪ੍ਰਿਤਪਾਲ ਕੌਰ ਪ੍ਰੀਤ ਵੱਲੋਂ ਗੁਰੂ ਸਾਹਿਬ ਦੇ ਚਰਨਾ ਵਿੱਚ ਪ੍ਰਣਾਮ

ਸਿੱਖ ਧਰਮ ਦਾ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਹੈ। ਜ਼ੁਲਮ ਨੂੰ ਮਿਟਾਉਣ ਲਈ,ਧਰਮ ਨੂੰ ਬਚਾਉਣ ਲਈ,ਦੇਸ਼ ਦੀ ਰੱਖਿਆਂ ਲਈ ਸਿੱਖ ਆਪਣੀ ਜਾਨ ਦੀ ਕੁਰਬਾਨੀ ਦੇਂਦੇ ਰਹੇ ਹਨ। ਸਿੱਖ ਪੰਥ ਦੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਸਨ । ਉਹਨਾਂ ਦੀ ਸ਼ਹਾਦਤ ਯਾਦ ਕਰ ਕੇ ਰੂਹ ਕੰਬ ਜਾਂਦੀ ਹੈ। ਪਰ ਮੇਰੇ ਪਾਤਸ਼ਾਹ ਆਪ ਪਰਮੇਸ਼ਵਰ ਰੂਪ ਸਨ ਜੋ ਤੱਤੀ ਤਵੀ ਤੇ ਬੈਠ ਕੇ ਵੀ ਸ਼ਾਤ ਤੇ ਪ੍ਰਭੂ ਭਗਤੀ ਵਿੱਚ ਲੀਨ ਸਨ।

ਚੋਥੇ ਗੁਰੂ ਰਾਮਦਾਸ ਜੀ ਤੇ ਮਾਤਾ ਭਾਨੀ ਦੇ ਸਪੁੱਤਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਜਨਮ 15 ਮਈ ਸੰਨ 1563 ਵਿੱਚ ਗੋਇੰਦਵਾਲ ਵਿੱਖੇ ਹੋਇਆਂ ।ਗੁਰੂ ਅਰਜਨ ਦੇਵ ਜੀ ਆਪਣੇ ਦੋਹਾ ਭਰਾਵਾਂ ਪ੍ਰਿਥੀ ਚੰਦ ਤੇ ਸ੍ਰੀ ਮਹਾਦੇਵ ਵਿੱਚੋਂ ਸਭ ਤੋਂ ਜ਼ਿਆਦਾ ਸ਼ਾਤ ਤੇ ਨਿਮਰਤਾ ਵਾਲੇ ਸਨ। ਇੰਨਾਂ ਦੀ ਧਰਮ ਪ੍ਰਤੀ ਲਗਨ ਤੇ ਪਿਆਰ ਦੇਖ ਕੇ 18 ਸਾਲ ਦੀ ਉਮਰ ਵਿੱਚ ਹੀ ਆਪ ਜੀ ਨੂੰ ਗੁਰਿਆਈ ਈ ਬਖ਼ਸ਼ ਦਿੱਤੀ ਗਈ। ਗੁਰਗੱਦੀ ਤੇ ਬਿਰਾਜਮਾਨ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਗੁਰੂ ਰਾਮਦਾਸ ਜੀ ਦੁਆਰਾਂ ਆਰੰਭੇ ਕਾਰਜ ਵੀ ਨੇਪਰੇ ਚਾੜਨੇ ਸ਼ੁਰੂ ਕਰ ਦਿੱਤੇ। ਗੁਰੂ ਅਰਜਨ ਦੇਵ ਜੀ ਨੇ ਸਿੱਖੀ ਨੂੰ ਮਜ਼ਬੂਤ ਕਰਨ ਲਈ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ। ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰੇ ਪਾਸੇ ਦਰਵਾਜ਼ੇ ਰੱਖਣ ਦਾ ਮੰਤਵ ਸਾਰੇ ਧਰਮਾਂ ਨੂੰ ਬਰਾਬਰ ਸਤਿਕਾਰ ਦੇਣਾ ਸੀ।

ਗੁਰੂ ਗ੍ਰੰਥ ਸਾਹਿਬ ਦੇ ਅਦੁੱਤੀ ਉਪਦੇਸ਼ਾ ਦਾ ਅਸਰ ਸਭ ਧਰਮਾਂ ਉੱਤੇ ਹੋ ਰਿਹਾ ਸੀ ਜੋ ਕੱਟੜਪੰਥੀ ਮੁਸਲਮਾਨਾ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ ।ਮੁਗਲ ਬਾਦਸ਼ਾਹ ਅਕਬਰ ਦੇ ਗੁਰੂ ਜੀ ਨਾਲ ਚੰਗੇ ਸੰਬੰਧ ਸਨ ਪਰ ਅਕਬਰ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਿਆ ਤਾਂ ਵਿਰੋਧੀਆਂ ਨੇ ਗੁਰੂ ਜੀ ਦੇ ਖ਼ਿਲਾਫ਼ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਚੰਦੂ ਦੀ ਈਰਖਾ ਨੇ ਬਲਦੀ ਤੇ ਹੋਰ ਤੇਲ ਪਾ ਦਿੱਤਾ ।ਕਿਉਂਕਿ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ।ਜਹਾਂਗੀਰ ਨੇ ਗੁਰੂ ਜੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਦੀ ਖ਼ੁਸ਼ਾਮਦ ਲਈ ਕੁੱਝ ਸ਼ਬਦ ਲਿੱਖਣ ਲਈ ਕਿਹਾ ਤਾਂ ਗੁਰੂ ਜੀ ਇਨਕਾਰ ਕਰ ਦਿੱਤਾ।

ਜਹਾਂਗੀਰ ਨੇ ਗ਼ੁੱਸੇ ਨਾਲ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ ਤਾਂ ਨਿਰਦਈ ਚੰਦੂ ਨੇ ਆਪਣਾ ਵੈਰ ਕੱਢਣ ਲਈ ਗੁਰੂ ਜੀ ਨੂੰ ਤੱਤੀ ਤਵੀ ਤੇ ਬੈਠਾ ਕੇ ਉਂਨਾਂ ਦੇ ਜਿਸਮ ਤੇ ਗਰਮ ਰੇਤ ਪਵਾਈ। ਤੱਵੀ ਦੇ ਥੱਲੇ ਮਚਦੇ ਬਾਲਣ ਦਾ ਸੇਕ ਤੇ ਉੱਪਰੋਂ ਨੰਗੇ ਸਰੀਰ ਤੇ ਗਰਮ ਰੇਤ ।ਇਕ ਵਾਰ ਤਾ ਰੂਹ ਕੰਬ ਜਾਦੀ ਹੈ ਯਾਦ ਕਰ ਕੇ। ਪਰ ਮੇਰੇ ਪਾਤਸਾਹ ਅਡੋਲ ਰਹੇ ਤੇ ਸਿਮਰਨ ਵਿੱਚ ਮਗਨ ਰਹਿ ਕੇ ਜੁਲਮ ਸਹਾਰਦੇ ਰਹੇ।

ਜਾਲਮਾ ਨੇ ਇੱਥੇ ਹੀ ਬੱਸ ਨਹੀਂ ਕੀਤੀ ਬਲਕਿ ਇਸ ਤੋਂ ਬਾਅਦ ਗੁਰੂ ਜੀ ਨੂੰ ਉਬਲਦੇ ਪਾਣੀ ਵਿੱਚ ਪਾਇਆ ਗਿਆ ।ਪਰ ਮੇਰੇ ਪਾਤਸ਼ਾਹ 'ਤੇਰਾ ਭਾਣਾ ਮੀਠਾ ਲਾਗੇ' ਧੁੱਨ ਅਲਾਪਦੇ ਹੋਏ ਸ਼ਹੀਦੀ ਪਾ ਗਏ। ਛੇਵੇਂ ਦਿਨ 16 ਮਈ 1606 ਨੂੰ ਜਾਲਮਾ ਨੇ ਗੁਰੂ ਸਾਹਿਬ ਦੇ ਪਾਵਨ ਸਰੀਰ ਨੂੰ ਰਾਵੀ ਦਰਿਆ ਵਿੱਚ ਵਹਾ ਦਿੱਤਾ। ਇਹ ਅਸਥਾਨ ਪਾਕਿਸਤਾਨ ਵਿੱਚ ਹੈ ਡੇਹਰਾ ਸਾਹਿਬ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਮੇਰੇ ਪਾਤਸ਼ਾਹ ਸ਼ਾਤ ਰਹਿ ਕੇ ਜ਼ੁਲਮ ਸਹਾਰ ਗਏ ਤੇ ਸ਼ਹੀਦੀ ਪਾ ਗਏ। ਉਹਨਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਅੱਖਾਂ ਹੰਝੂਆਂ ਦਾ ਮੀਂਹ ਤਾ ਵਰਸਾਉਦੀਆ ਹੀ ਹਨ ਸਗੋਂ ਰੂਹ ਵੀ ਕੰਬ ਜਾਂਦੀ ਹੈ ।ਇਸ ਸ਼ਹਾਦਤ ਜ਼ਰੀਏ ਮੇਰੇ ਪਾਤਸ਼ਾਹ ਨੇ ਸਾਨੂੰ ਇਹ ਸਮਝਾਇਆ ਹੈ ਕਿ ਗਲਤ ਦਾ ਸਾਥ ਨਹੀਂ ਦੇਣਾ ਚਾਹੀਦਾ ਤੇ ਹਰ ਹਾਲ ਵਿੱਚ ਰੱਬ ਦਾ ਭਾਣਾ ਮੰਨਣਾ ਚਾਹੀਦਾ ਹੈ ।ਉਹਨਾਂ ਦੁਆਰਾਂ ਰਚੀ ਬਾਣੀ ਸੁਖਮਨੀ ਸਾਹਿਬ ,ਬਾਰਹਮਾਹ ਤੇ ਵਾਰਾ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਸ਼ਾਂਤੀ ਦੇ ਪੁੰਜ ਅਤੇ ਧਰਮ ਰੱਖਿਅਕ ਲਾਸਾਨੀ ਸ਼ਹਾਦਤ ਪ੍ਰਾਪਤ ਕਰਨ ਵਾਲੇ ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਇਸ ਪ੍ਰੀਤ ਵੱਲੋਂ ਕੋਟਿਨ ਕੋਟ ਪ੍ਰਣਾਮ। ਸੱਚੇ ਪਾਤਸ਼ਾਹ ਸਭ ਨੂੰ ਬਲ,ਬੁੱਧੀ ਤੇ ਸਬਰ ਸ਼ੰਤੋਖ ਬਖ਼ਸ਼ਣ

ਭੁੱਲ-ਚੁੱਕ ਲਈ ਖਿਮਾ ਦੀ ਜਾਚਕ

ਪ੍ਰਿਤਪਾਲ ਕੌਰ ਪ੍ਰੀਤ



# Preetnama
# प्रीतनामा
खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 256 | Website: www.preetnama.com Email preetnamausa@gmail.com | 07 JUNE TO 13 JUNE , 2024


# जनादेश 2024 : एनडीए को साधारण बहुमत

## इंडिया गठबंधन ने दी कड़ी टक्कर, 231 सीटों पर आगे, एनडीए की 293 सीटों पर बढ़त, भाजपा सबसे बड़ी पार्टी बनकर उभरी

नई दिल्ली– 18वीं लोक सभा के परिणामों में सत्ताधारी एनडीए को साधारण बहुमत मिल रहा है हालांकि पिछले चुनाव के मुकाबले उसे करीब 60 सीटों का नुकसान हो रहा है। अंतिम रिपोर्ट तक एनडीए 293 सीटों पर जबकि विपक्षी गठ बंधन 231 सीटों पर बढ़त बनाए हुए था लेकिन भाजपा को जो नारा था इस बार 400 के पार वो धराशायी होता दिख रहा है क्योंकि भाजपा का गठबंधन 300 भी पार करता नहीं दिख रहा। यूपी में एनडीए को सबसे अधिक नुकसान हो रहा है जहां सपा कांग्रेस ने शानदार प्रदर्शन किया है सपा करीब 33 सीटों पर जीत रही है जबकि भाजपा 42 सीटों पर वहीं भाजपा ने हिमाचल में सभी चार सीटों पर गुजरात की सभी 26 सीटों एवं मध्य प्रदेश की 29 सीटों पर जीत हासिल कर रही है वहीं इस बार राजस्थान में उसको आठ सीटें गंवानी पड़ रही हैं इसके अलावा बंगाल में भी पार्टी को आठ सीटों का नुकसान हो रहा है।



**कंगना की पहला जीत**

लोकसभा के आम चुनाव में भाजपा ने यहां जीत की हैट्रिक बनाई है। 2014 के चुनाव में भाजपा के रामस्वरूप शर्मा ने कांग्रेस प्रत्याशी विक्रमादित्य सिंह की माता प्रतिभा सिंह को करीब 39896 मतों से पराजित किया था।

साल 2019 के चुनाव में रामस्वरूप शर्मा ने कांग्रेस के आश्रय शर्मा को चार लाख से अधिक मतों से शिकस्त दी थी। 2024 के चुनाव में अब कंगना ने विक्रमादित्य सिंह को हराया है।

संसदीय क्षेत्र में छह राष्ट्रीय और क्षेत्रीय दलों के प्रत्याशियों के अलावा चार निर्दलीय भी चुनाव मैदान में थे। आठ प्रत्याशियों की जमानत जब्त हो गई है। चार निर्दलीयों से ज्यादा मतदाताओं ने नोटा का बटन दबाया है। निर्दलीयों को 2608 मत मिले हैं। 5571 मतदाताओं ने नोटा का बटन दबाया है।

**दौली में सबसे बड़ा उलटफेर, सपा के वीरेंद्र की जीत पक्की, डा. महेंद्रनाथ पांडेय इतने वोट से पीछे**

ਲੋਕਤੰਤਰ ਅਤੇ ਸਿੱਖਿਆ ਦਾ ਇਹ ਵੀ ਸਿਧਾਂਤ ਹੈ ਕਿ ਸਿੱਖਿਆ ਦੇ ਹਰ ਬੱਚੇ ਨੂੰ ਸਮਾਨ ਅਵਸਰ ਪ੍ਰਾਪਤ ਹੋਣ ।ਇਸ ਲਈ ਪੇਂਡੂ ਸਿੱਖਿਆ ਸ਼ਹਿਰੀ ਸਿੱਖਿਆ ਦੇ ਹਾਣ ਦੀ ਹੋਣੀ ਚਾਹੀਦੀ ਹੈ। ਪਹਿਲੀਆਂ ਕੁਝ ਸਰਕਾਰਾਂ ਦੁਆਰਾ ਗ਼ਲਤ ਵਿੱਦਿਅਕ ਨੀਤੀਆਂ ਇਸ ਕਦਰ ਥੋਪੀਆਂ ਗਈਆਂ ਕਿ ਵਿੱਦਿਅਕ ਮਿਆਰ ਹੇਠਾਂ ਆ ਲੱਗੇ ਹਨ।

ਆਖਰੀ ਗੱਲ ਕਿ ਭਾਰਤੀ ਅਰਥਵਿਵਸਥਾ ਵਿਚ ਸਿੱਖਿਆ ਦਾ ਕੀ ਮਹੱਤਵ ਹੈ । ਜਿਥੇ ਭਾਰਤ ਸਿਖਿਆ ਤੇ ਕੁੱਲ ਘਰੇਲੂ ਉਤਪਾਦ ਦਾ ਲਗਭਗ 3.8% ਖਰਚ ਕਰਦਾ ਹੈ ਉਥੇ ਹੀ ਚੀਨ 30% ਤੇ ਜਪਾਨ 27% ਖਰਚ ਕਰਦਾ ਹੈ। ਜ਼ਾਹਿਰ ਹੈ ਕਿ ਸਾਡਾ ਵਿੱਦਿਅਕ ਢਾਂਚਾ ਅਜੇ ਬਹੁਤ ਹੀ ਕਮਜ਼ੋਰ ਹੈ। ਵਿਦਿਅਕ ਪ੍ਰਬੰਧ ਨੂੰ ਮਜ਼ਬੂਤ ਕਰਨ ਲਈ ਮਹਿਰਾਂ ਤੋਂ ਰਾਇ ਲੈ ਕੇ ਇਸ ਨੂੰ ਸੁਧਾਰਨ ਦੀ ਸਖ਼ਤ ਜ਼ਰੂਰਤ ਹੈ।

ਲੇਖਕ -ਬਲਤੇਜ ਸਿੰਘ ਧਾਲੀਵਾਲ
ਅਧਿਆਪਕ- ਡਾਇਟ ਅਹਿਮਦਪੁਰ
ਸੰਪਰਕ -8360481106

# ਸੰਸਾਰ ਭਰ ਵਿਚ ਅਚਾਨਕ ਕਿਉਂ ਵਧ ਗਿਆ ਮੌਤ ਦੀ ਸਜ਼ਾ ਦਾ ਅੰਕੜਾ, ਕਿਹੜੇ ਤਰੀਕਿਆਂ ਨਾਲ ਦਿੱਤੀ ਜਾਂਦੀ ਹੈ ਸਜ਼ਾ




## ਕੀ ਮੌਤ ਦੀ ਸਜ਼ਾ ਅਪਰਾਧ ਨੂੰ ਘਟਾਉਂਦੀ ਹੈ ?

ਸਮਾਜ ਵਿਗਿਆਨੀਆਂ ਵਿੱਚ ਆਮ ਸਹਿਮਤੀ ਹੈ ਕਿ ਮੌਤ ਦੀ ਸਜ਼ਾ ਅਪਰਾਧ ਨੂੰ ਰੋਕਣ ਵਿੱਚ ਕਾਰਗਰ ਸਾਬਤ ਨਹੀਂ ਹੁੰਦੀ ਹੈ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਵੱਡੀ ਰੁਕਾਵਟ ਸਜ਼ਾ ਦਿੱਤੇ ਜਾਣ ਦੀ ਸੰਭਾਵਨਾ ਤੋਂ ਬਚਾਅ ਤੋਂ ਪੈਦਾ ਹੁੰਦੀ ਹੈ। 1988 ਵਿੱਚ, ਸੰਯੁਕਤ ਰਾਸ਼ਟਰ ਲਈ ਮੌਤ ਦੀ ਸਜ਼ਾ ਅਤੇ ਕਤਲ ਦੇ ਮਾਮਲਿਆਂ ਵਿੱਚ ਸਬੰਧ ਨਿਰਧਾਰਤ ਕਰਨ ਲਈ ਇੱਕ ਸਰਵੇਖਣ ਕਰਵਾਇਆ ਗਿਆ ਸੀ। ਇਸਨੂੰ 1996 ਵਿੱਚ ਅਪਡੇਟ ਕੀਤਾ ਗਿਆ ਸੀ। ਖੋਜ ਇਸ ਗੱਲ ਦਾ ਵਿਗਿਆਨਕ ਸਬੂਤ ਦੇਣ ਵਿੱਚ ਅਸਫ਼ਲ ਰਹੀ ਹੈ ਕਿ ਮੌਤ ਦੀ ਸਜ਼ਾ ਉਮਰ ਕੈਦ ਨਾਲੋਂ ਅਪਰਾਧ ਨੂੰ ਰੋਕਣ ਲਈ ਵਧੇਰੇ ਪ੍ਰਭਾਵਸ਼ਾਲੀ ਹੈ।ਅਮਰੀਕਾ ਵਿੱਚ, ਮੌਤ ਦੀ ਸਜ਼ਾ ਵਾਲੇ ਕੈਦੀਆਂ ਨੂੰ ਫਾਂਸੀ ਦੇਣ ਲਈ ਮੌਤ ਦੇ ਚੈਂਬਰ ਦੀ ਵਰਤੋਂ ਕੀਤੀ ਜਾਂਦੀ ਹੈ।2010 ਵਿੱਚ, ਅਲਜੀਰੀਆ, ਅਰਜਨਟੀਨਾ, ਕਜ਼ਾਕਿਸਤਾਨ, ਮੈਕਸੀਕੋ ਅਤੇ ਤੁਰਕੀ ਸਣੇ 14 ਦੇਸ਼ਾਂ ਨੇ ਮੌਤ ਦੀ ਸਜ਼ਾ ਵਿਰੁੱਧ ਕੌਮਾਂਤਰੀ ਕਮਿਸ਼ਨ ਦਾ ਗਠਨ ਕੀਤਾ ਸੀ।ਹੁਣ ਇਸ ਕਮਿਸ਼ਨ ਵਿਚ 24 ਮੈਂਬਰ ਦੇਸ਼ ਸ਼ਾਮਲ ਹੋ ਗਏ ਹਨ, ਜਿਨ੍ਹਾਂ ਵਿਚ ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ, ਜਰਮਨੀ ਅਤੇ ਟੋਗੋ ਸ਼ਾਮਲ ਹਨ।ਪਿਛਲੇ ਸਾਲ ਜਾਰੀ ਕੀਤੀ ਗਈ ਆਪਣੀ ਨਵੀਂ ਰਿਪੋਰਟ ਵਿੱਚ, ਕਮਿਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ ਬੱਚਿਆਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਵਿੱਚ ਪ੍ਰਥਾ ਤੇ ਪਾਬੰਦੀ ਦੇ ਬਾਵਜੂਦ ਕਈ ਦੇਸ਼ਾਂ ਵਿੱਚ ਬੱਚਿਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦਾ ਖ਼ਤਰਾ ਹੈ।

ਐਮਨੈਸਟੀ ਇੰਟਰਨੈਸ਼ਨਲ ਦੇ ਨਵੇਂ ਅੰਕੜਿਆਂ ਮੁਤਾਬਕ ਪੂਰੀ ਦੁਨੀਆ ਵਿੱਚ ਮੌਤ ਦੀ ਸਜ਼ਾ ਦੇ ਮਾਮਲੇ ਵਧ ਰਹੇ ਹਨ। ਸੰਸਥਾ ਨੇ ਸਾਲ 2023 ਵਿੱਚ ਮੌਤ ਦੀ ਸਜ਼ਾ ਦੇ 1153 ਕੇਸ ਦਰਜ ਕੀਤੇ ਸਨ, ਜੋ ਕਿ 2022 ਦੇ ਮੁਕਾਬਲੇ 31 ਫ਼ੀਸਦੀ ਵੱਧ ਹਨ। ਸਾਲ 2022 ਵਿੱਚ, ਐਮਨੈਸਟੀ ਇੰਟਰਨੈਸ਼ਨਲ ਨੇ ਮੌਤ ਦੀ ਸਜ਼ਾ ਦੇ 883 ਕੇਸ ਦਰਜ ਕੀਤੇ ਸਨ। ਇਹ 2015 ਤੋਂ ਬਾਅਦ ਐਮਨੈਸਟੀ ਇੰਟਰਨੈਸ਼ਨਲ ਵੱਲੋਂ ਸਭ ਤੋਂ ਵੱਡਾ ਅੰਕੜਾ ਦਰਜ ਕੀਤਾ ਗਿਆ ਹੈ।ਸਾਲ 2015 ਵਿੱਚ ਸੰਸਥਾ ਨੇ 1634 ਕੇਸ ਦਰਜ ਕੀਤੇ ਗਏ ਸਨ। ਐਮਨੈਸਟੀ ਇੰਟਰਨੈਸ਼ਨਲ ਦੇ ਸਕੱਤਰ-ਜਨਰਲ ਐਗਨੇਸ ਕੈਲਾਮਾਰਡ ਦਾ ਕਹਿਣਾ ਹੈ, ÷ਰਿਕਾਰਡ ਕੀਤੇ ਗਏ ਮੌਤ ਦੀ ਸਜ਼ਾ ਦੇ ਮਾਮਲਿਆਂ ਵਿੱਚ ਭਾਰੀ ਵਾਧਾ ਮੁੱਖ ਤੌਰ ’ਤੇ ਈਰਾਨ ਕਾਰਨ ਹੋਇਆ ਹੈ।ਈਰਾਨੀ ਅਧਿਕਾਰੀਆਂ ਨੇ ਮਨੁੱਖੀ ਜੀਵਨ ਪ੍ਰਤੀ ਪੂਰੀ ਤਰ੍ਹਾਂ ਅਣਗਹਿਲੀ ਦਿਖਾਈ ਹੈ। ਈਰਾਨ ਵਿੱਚ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਲਈ ਮੌਤ ਦੀ ਸਜ਼ਾ ਸੁਣਾਏ ਜਾਣ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ। ਇਹ ਈਰਾਨ ਦੇ ਸਭ ਤੋਂ ਹਾਸ਼ੀਏ ਅਤੇ ਗਰੀਬ ਭਾਈਚਾਰਿਆਂ ’ਤੇ ਮੌਤ ਦੀ ਸਜ਼ਾ ਦਾ ਭੇਦਭਾਵ ਭਰਿਆ ਰਵੱਈਆ ਦਰਸਾਉਂਦਾ ਹੈ।ਹਾਲਾਂਕਿ, ਰਿਪੋਰਟਾਂ ਦਰਸਾਉਂਦੀਆਂ ਹਨ ਕਿ ਮੌਤ ਦੀ ਸਜ਼ਾ ਦੇ ਦਰਜ ਕੀਤੇ ਗਏ ਜ਼ਿਆਦਾਤਰ ਮਾਮਲਿਆਂ ਲਈ ਈਰਾਨ ਜ਼ਿੰਮੇਵਾਰ ਹੈ। ਉੱਥੇ ਹੀ 853 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।ਐਮਨੈਸਟੀ ਦਾ ਮੰਨਣਾ ਹੈ ਕਿ ਚੀਨ ਵਿੱਚ ਸਭ ਤੋਂ ਵੱਧ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਪਰ ਚੀਨ ਵਿੱਚ ਮੌਤ ਦੀ ਸਜ਼ਾ ਦੇ ਮਾਮਲਿਆਂ ਬਾਰੇ ਕੋਈ ਅਧਿਕਾਰਤ ਅੰਕੜੇ ਨਹੀਂ ਹਨ।ਐਮਨੈਸਟੀ ਦਾ ਅੰਦਾਜ਼ਾ ਹੈ ਕਿ ਚੀਨ ਵਿੱਚ ਪਿਛਲੇ ਸਾਲ ਹਜ਼ਾਰਾਂ ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ।ਐਮਨੈਸਟੀ ਦੀ ਆਪਣੀ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 2023 ਵਿਚ ਵਿਸ਼ਵ ਪੱਧਰ ’ਤੇ ਮੌਤ ਦੀ ਸਜ਼ਾ ਦੇ ਮਾਮਲਿਆਂ ਵਿੱਚ 20 ਫੀਸਦੀ ਵਾਧਾ ਹੋਇਆ ਸੀ। ਇਹ 2018 ਤੋਂ ਬਾਅਦ ਮੌਤ ਦੀ ਸਜ਼ਾ ਦੀ ਸਭ ਤੋਂ ਵੱਡੀ ਗਿਣਤੀ ਹੈ।

**ਕਿਹੜੇ ਦੇਸ਼ ਸਭ ਤੋਂ ਵੱਧ ਮੌਤ ਦੀ ਸਜ਼ਾ ਦਿੰਦੇ ਹਨ ?**

ਐਮਨੈਸਟੀ ਮੁਤਾਬਕ, ਸਾਲ 2023 ਵਿੱਚ, ਪੰਜ ਦੇਸ਼ਾਂ ਚੀਨ, ਈਰਾਨ, ਸਾਊਦੀ ਅਰਬ, ਸੋਮਾਲੀਆ ਅਤੇ ਅਮਰੀਕਾ ਵਿੱਚ ਸਭ ਤੋਂ ਵੱਧ ਮੌਤ ਦੀ ਸਜ਼ਾ ਦਿੱਤੀ ਗਈ ਸੀ।ਇਨ੍ਹਾਂ ਵਿਚੋਂ 74 ਫੀਸਦੀ ਮੌਤ ਦੀ ਸਜ਼ਾ ਦੇ ਮਾਮਲੇ ਇਕੱਲੇ ਈਰਾਨ ਵਿਚ ਸਾਹਮਣੇ ਆਏ ਹਨ।ਇਸ ਦੇ ਨਾਲ ਹੀ ਸਾਊਦੀ ਅਰਬ ਵਿੱਚ ਮੌਤ ਦੀ ਸਜ਼ਾ ਦੇ ਕੁੱਲ ਮਾਮਲਿਆਂ ਵਿਚੋਂ 15 ਫ਼ੀਸਦੀ ਮਾਮਲੇ ਸਾਹਮਣੇ ਆਏ ਹਨ।ਐਮਨੈਸਟੀ ਦਾ ਕਹਿਣਾ ਹੈ ਕਿ ਚੀਨ ਵਾਂਗ ਹੀ ਉਸ ਕੋਲ ਉੱਤਰੀ ਕੋਰੀਆ, ਵੀਅਤਨਾਮ, ਸੀਰੀਆ, ਫ਼ਲਸਤੀਨ ਅਤੇ ਅਫ਼ਗਾਨਿਸਤਾਨ ਦੇ ਅਧਿਕਾਰਤ ਅੰਕੜੇ ਨਹੀਂ ਹਨ।

**ਕਿੰਨੇ ਦੇਸ਼ਾਂ ਨੇ ਮੌਤ ਦੀ ਸਜ਼ਾ ਨੂੰ ਖ਼ਤਮ ਕੀਤਾ ਹੈ ?**

ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।ਸਾਲ 1991 ਵਿੱਚ ਇਸ ਸੂਚੀ ਵਿੱਚ 48 ਦੇਸ਼ ਸ਼ਾਮਲ ਕੀਤੇ ਗਏ ਸਨ।ਇਸ ਦੇ ਨਾਲ ਹੀ 2023 @ਚ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਵਾਲੇ ਦੇਸ਼ਾਂ ਦੀ ਗਿਣਤੀ 112 ਹੋ ਗਈ ਹੈ।ਨੌਂ ਦੇਸ਼ ਅਜਿਹੇ ਹਨ, ਜਿੱਥੇ ਸਿਰਫ਼ ਗੰਭੀਰ ਅਪਰਾਧਾਂ ਲਈ ਹੀ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਜਦਕਿ 23 ਦੇਸ਼ ਅਜਿਹੇ ਹਨ ਜਿੱਥੇ ਪਿਛਲੇ ਦਹਾਕੇ ਤੋਂ ਮੌਤ ਦੀ ਸਜ਼ਾ ਦੀ ਵਰਤੋਂ ਨਹੀਂ ਕੀਤੀ ਗਈ।

**ਵੱਖ-ਵੱਖ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਨੂੰ ਲਾਗੂ ਕਰਨ ਦੇ ਤਰੀਕੇ ਕੀ ਹਨ ?**

ਸਾਲ 2023 ਵਿੱਚ ਪ੍ਰਤੱਖ ਤੌਰ ’ਤੇ ਮੌਤ ਦੀ ਸਜ਼ਾ ਦੇ ਚਾਰ ਜਾਣੇ-ਪਛਾਣੇ ਤਰੀਕੇ ਹਨ, ਜਿਨ੍ਹਾਂ ਵਿੱਚੋਂ ਸਿਰ ਕਲਮ ਕਰਨਾ ਸਿਰਫ਼ ਸਾਊਦੀ ਅਰਬ ਵਿੱਚ ਲਾਗੂ ਹੈ।ਪਿਛਲੇ ਸਾਲ ਸੱਤ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਲਈ ਫਾਂਸੀ ਦਾ ਤਰੀਕਾ ਅਪਣਾਇਆ ਗਿਆ ਸੀ, ਛੇ ਦੇਸ਼ਾਂ ਵਿੱਚ ਗੋਲੀ ਮਾਰ ਕੇ ਕਤਲ ਕਰਨਾ ਅਤੇ ਤਿੰਨ ਦੇਸ਼ਾਂ ਵਿੱਚ ਮੌਤ ਦਾ ਟੀਕਾ ਲਗਾਇਆ ਗਿਆ ਸੀ।ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਵੋਲਕਰ ਤੁਰਕ ਦਾ ਕਹਿਣਾ ਹੈ, ਮੌਤ ਦੀ ਸਜ਼ਾ ਦੀ ਵਿਵਸਥਾ ਨੂੰ ਮਨੁੱਖੀ ਸਨਮਾਨ, ਜੀਵਨ ਦੇ ਬੁਨਿਆਦੀ ਅਧਿਕਾਰ, ਅਤੇ ਤਸ਼ੱਦਦ ਜਾਂ ਜ਼ੁਲਮ, ਅਣਮਨੁੱਖੀ ਜਾਂ ਅਪਮਾਨਜਨਕ ਤੋਂ ਮੁਕਤ ਹੋਣ ਦੇ ਅਧਿਕਾਰ ਨਾਲ ਜੋੜਨਾ ਬਹੁਤ ਔਖਾ ਹੈ।

**ਜੇ ਕੋਈ ਜੁਰਮ ਜਾਂ ਸਜ਼ਾ ਤੋਂ ਬਰੀ ਹੋ ਜਾਵੇ**

ਕੋਈ ਮੁਲਜ਼ਮ ਅਪਰਾਧ ਤੋਂ ਬਰੀ ਹੋ ਉਸ ਸਮੇਂ ਹੁੰਦਾ ਹੈ, ਜਦੋਂ ਸਜ਼ਾ ਸੁਣਾਏ ਜਾਣ ਅਤੇ ਅਪੀਲ ਪ੍ਰਕਿਰਿਆ ਦੀ ਸਮਾਪਤੀ ਤੋਂ ਬਾਅਦ, ਮੁਲਜ਼ਮ ਵਿਅਕਤੀ ਨੂੰ ਅਪਰਾਧਿਕ ਦੋਸ਼ ਤੋਂ ਬਰੀ ਕਰ ਦਿੱਤਾ ਜਾਵੇ ਅਤੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਉਸਨੂੰ ਬੇਕਸੂਰ ਮੰਨਿਆ ਜਾਂਦਾ ਹੈ।ਐਮਨੈਸਟੀ ਇੰਟਰਨੈਸ਼ਨਲ ਕੋਲ ਤਿੰਨ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਵਾਲੇ 9 ਕੈਦੀਆਂ ਦੇ ਬਰੀ ਹੋ ਜਾਣ ਦੇ ਮਾਮਲੇ ਦਰਜ ਹੋਏ ਹਨ।ਜਿਨ੍ਹਾਂ ਵਿੱਚੋਂ ਪੰਜ ਕੈਦੀ ਕੀਨੀਆ, ਤਿੰਨ ਕੈਦੀ ਅਮਰੀਕਾ ਅਤੇ ਇੱਕ ਜ਼ਿੰਬਾਬਵੇ ਦਾ ਹੈ।ਮਨੁੱਖੀ ਅਧਿਕਾਰ ਕਾਰਕੁੰਨ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਮੌਤ ਦੀ ਸਜ਼ਾ ਦਾ ਵਿਰੋਧ ਕਰਦੇ ਹਨ, ਜਿੱਥੇ ਮੌਤ ਦੀ ਸਜ਼ਾ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਮੁਲਜ਼ਮ ਬੇਕਸੂਰ ਹੈ।

**ਇਹ ਕਨਵੈਨਸ਼ਨ 196 ਦੇਸ਼ਾਂ ਵਿੱਚ ਲਾਗੂ ਹੈ।**

ਅਮਰੀਕਨ ਸਾਈਕੋਲਾਜੀਕਲ ਐਸੋਸੀਏਸ਼ਨ (ਏਪੀਏ) ਨੇ ਅਮਰੀਕੀ ਸੂਬਿਆਂ ਨੂੰ 21 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਲਈ ਮੌਤ ਦੀ ਸਜ਼ਾ ’ਤੇ ਪਾਬੰਦੀ ਲਗਾਉਣ ਲਈ ਕਿਹਾ ਹੈ।ਇਸ ਵਿੱਚ ਲਿਖਿਆ ਹੈ, ਵਿਗਿਆਨ ਦੀ ਮੌਜੂਦਾ ਸਥਿਤੀ ਦੇ ਆਧਾਰ ’ਤੇ, 18 ਤੋਂ 20 ਸਾਲ ਦੀ ਉਮਰ ਦੇ ਲੋਕਾਂ ਦੇ ਦਿਮਾਗ ਨੂੰ 17 ਸਾਲ ਦੀ ਉਮਰ ਦੇ ਬੱਚਿਆਂ ਦੇ ਦਿਮਾਗਾਂ ਤੋਂ ਬਹੁਤਾ ਵੱਖਰਾ ਨਹੀਂ ਮੰਨਿਆ ਜਾ ਸਕਦਾ ਹੈ।ਇਸ ਵਿੱਚ ਅੱਗੇ ਕਿਹਾ ਗਿਆ ਹੈ, “16 ਅਤੇ 17 ਸਾਲ ਦੇ ਨੌਜਵਾਨਾਂ ਨੂੰ ਮੌਤ ਦੀ ਸਜ਼ਾ ਨਾ ਦੇਣ ਦਾ ਕਾਰਨ ਉਨ੍ਹਾਂ ਦੀ ਅਗਿਆਨਤਾ ਨੂੰ ਦੱਸਿਆ ਜਾਂਦਾ ਹੈ, ਇਹੀ ਕਾਰਕ 18 ਤੋਂ 20 ਸਾਲ ਦੀ ਉਮਰ ਦੇ ਬੱਚਿਆਂ ’ਤੇ ਵੀ ਲਾਗੂ ਹੁੰਦਾ ਹੈ। ਇਹ ਸਿਰਫ਼ ਮੌਤ ਦੀ ਸਜ਼ਾ ਹੀ ਨਹੀਂ ਹੈ ਜੋ ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ।ਕਮਿਸ਼ਨ ਕਹਿੰਦਾ ਹੈ, ਕਿਸੇ ਅਪਰਾਧੀ ਲਈ ਸਜ਼ਾ ਦੇ ਤਰੀਕਿਆਂ ਤੋਂ ਇਲਾਵਾ ਇਹ ਨੁਕਸਾਨਦਾਇਕ ਹੈ ਕਿ ਕਿਉਂਕਿ ਕਿਸੇ ਦੇ ਮਾਪਿਆਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਂਦੀ ਹੈ ਤਾਂ ਬੱਚੇ ਆਪਣੇ ਮਾਪਿਆਂ ਨਾਲ ਰਿਸ਼ਤਾ ਬਣਾਈ ਰੱਖਣ ਲਈ ਸਥਾਈ ਤੌਰ ’ਤੇ ਵਾਂਝੇ ਹੋ ਜਾਂਦੇ ਹਨ।

# ਭਾਰਤੀ ਮੂਲ ਦੇ ਵਿਦਿਆਰਥੀ ਬ੍ਰਹਿਤ ਸੋਮਾ ਨੇ ਅਮਰੀਕਾ ਚ’ ਰਾਸ਼ਟਰੀ ਸਪੈਲਿੰਗ ਬੀ ਦਾ ਮੁਕਾਬਲਾ ਜਿੱਤਿਆ

ਨਿਊਯਾਰਕ (ਰਾਜ ਗੋਗਨਾ )- ਬੀਤੇਂ ਦਿਨ ਭਾਰਤੀ ਮੂਲ ਦੇ ਇਕ 12 ਸਾਲਾ ਵਿਦਿਆਰਥੀ ਬ੍ਰਹਿਤ ਸੋਮਾ ਇਸ ਸਮੇਂ ਅਮਰੀਕਾ ਦੇ ਵਿੱਚ ਸੁਰਖੀਆਂ ਦੇ ਵਿੱਚ ਹੈ। ਕਿਉਂਕਿ ਉਸ ਨੇ ਸਖ਼ਤ ਰਾਸ਼ਟਰੀ ਸਪੈਲਿੰਗ ਬੀ ਮੁਕਾਬਲਾ ਜਿੱਤਿਆ ਹੈ। ਜਿਸ ਵਿੱਚ ਉਸ ਨੇ ਕਈ ਔਖੇ ਸਵਾਲਾਂ ਦੇ ਜਵਾਬ ਦੇ ਕੇ ਉਸ ਨੂੰ ਪਾਰ ਕੀਤਾ ਹੈ। ਅਮਰੀਕਾ ਦੇ। ਸੂਬੇ ਫਲੋਰੀਡਾ ਦੇ ਟੈਂਪਾ ਦਾ ਰਹਿਣ ਵਾਲਾ, ਬ੍ਰਿਹਤ ਸੋਮਾ ਸੱਤਵੀਂ ਜਮਾਤ ਵਿੱਚ ਪੜ੍ਹਦਾ ਹੈ। ਅਤੇ ਉਸ ਦੇ ਮਾਤਾ-ਪਿਤਾ ਮੂਲ ਰੂਪ ਵਿੱਚ ਭਾਰਤ ਦੇ ਤੇਲੰਗਾਨਾ ਰਾਜ ਦੇ ਰਹਿਣ ਵਾਲੇ ਹਨ। ਬ੍ਰਹਿਤ ਦਾ ਕਹਿਣਾ ਹੈ ਕਿ ਇਹ ਮੁਕਾਬਲਾ ਜਿੱਤਣ ਨਾਲ ਉਸ ਦਾ ਸੁਪਨਾ ਸਾਕਾਰ ਹੋ ਗਿਆ ਹੈ।ਇਹ ਨੌਜਵਾਨ ਵਿਦਿਆਰਥੀ ਅਮਰੀਕਾ ਦੇ ਸਭ ਤੋਂ ਸਖ਼ਤ ਹੋਏ ਮੁਕਾਬਲੇ ਵਿੱਚ ਹੁਣ ਚੈਂਪੀਅਨ ਬਣ ਗਿਆ ਹੈ। 12 ਸਾਲਾ ਬ੍ਰਹਿਤ ਸੋਮਾ ਨੇ ਅਮਰੀਕਾ ਵਿੱਚ ਨੈਸ਼ਨਲ ਸਪੈਲਿੰਗ ਬੀ ਮੁਕਾਬਲਾ ਜਿੱਤਿਆ ਹੈ।ਅਤੇ ਉਸ ਨੇ @ਸਪੈੱਲ-ਆਫ@ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਟਾਈਬ੍ਰੇਕਰ ਰਾਊਂਡ ਨੂੰ ਜਿੱਤ ਕੇ ਰਾਸ਼ਟਰੀ ਸਪੈਲਿੰਗ ਬੀ ਮੁਕਾਬਲਾ ਜਿੱਤਿਆ ਹੈ।



ਉਸ ਨੇ ਪੂਰੇ ਮੁਕਾਬਲੇ ਦੌਰਾਨ ਸਾਰੀਆਂ ਰੁਕਾਵਟਾਂ ਨੂੰ ਪਾਰ ਕੀਤਾ ਅਤੇ ਬਹੁਤ ਪਰਿਪੱਕਤਾ ਦਿਖਾਈ। ਉਸ ਨੇ ਆਖਰਕਾਰ ਬੀਤੀ ਰਾਤ ਸਿਰਫ 90 ਸਕਿੰਟਾਂ ਵਿੱਚ 30 ਸ਼ਬਦਾਂ ਦੇ ਇੱਕ ਰਾਊਂਡ ਨਾਲ ਪਹਿਲਾ ਸਥਾਨ ਹਾਸਲ ਕੀਤਾ। ਇਸ ਦੌਰ ਵਿੱਚ ਸ਼ਬਦਾਂ ਨੂੰ ਤੇਜ਼ ਰਫ਼ਤਾਰ ਨਾਲ ਬੋਲਣਾ ਪੈਂਦਾ ਹੈ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ 29 ਸ਼ਬਦਾਂ ਦੇ ਸਪੈਲਿੰਗ ਸਹੀ ਢੰਗ ਨਾਲ ਕੀਤੇ ਹਨ। ਉਸ ਨੇ ਆਪਣੇ ਵਿਰੋਧੀ ਫੈਜ਼ਾਨ ਜ਼ਕੀ ਨਾਲੋਂ ਨੌਂ ਅੰਕ ਵੱਧ ਬਣਾਏ। ਬ੍ਰਹਿਤ ਸੋਮਾ ਨੇ ਮੁਕਾਬਲਾ ਜਿੱਤਣ ਤੋਂ ਬਾਅਦ ਉਸ ਨੂੰ ਇਕ ਟਰਾਫੀ ਅਤੇ 50,000 ਹਜ਼ਾਰ ਡਾਲਰ ਦਾ ਨਕਦ ਇਨਾਮ ਦਿੱਤਾ ਗਿਆ।

ਮੁਕਾਬਲਾ ਜਿੱਤਣ ਤੋਂ ਬਾਅਦ ਬ੍ਰਹਿਤ ਸੋਮਾ ਨੇ ਕਿਹਾ, ਮੈਨੂੰ ਭਰੋਸਾ ਸੀ ਕਿ ਮੈਂ ਇਹ ਮੁਕਾਬਲਾ ਜਿੱਤ ਸਕਦਾ ਹਾਂ ਕਿਉਂਕਿ ਮੈਂ ਇਸ ਲਈ ਸਖ਼ਤ ਮਿਹਨਤ ਕੀਤੀ ਹੈ। ਮੈਂ ਸਪੈਲ-ਆਫ ਦਾ ਬਹੁਤ ਅਭਿਆਸ ਕੀਤਾ ਕਿਉਂਕਿ ਮੈਂ ਇਹ ਮੁਕਾਬਲਾ ਜਿੱਤਣਾ ਚਾਹੁੰਦਾ ਸੀ। ਬ੍ਰਹਿਤ ਸੋਮਾ ਨੇ ਮੁਕਾਬਲੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਕਈ ਸਪੈਲਿੰਗ ਬੀਜ਼ ਜਿੱਤੀਆਂ। ਉਸ ਨੇ ਅਧਿਐਨ ਗਾਈਡ ਲੇਖਕ ਅਤੇ ਸਾਬਕਾ ਸਪੈਲਰ ਰੁਮਰ ਦੁਆਰਾ ਆਯੋਜਿਤ ਵਰਡਜ਼ ਆਫ਼ ਵਿਜ਼ਡਮ ਮੁਕਾਬਲਾ ਵੀ ਜਿੱਤਿਆ ਹੈ। ਇਸ ਤੋਂ ਇਲਾਵਾ ਉਹ ਕਾਰਸਪੋਂਡਿੰਗ ਸਟੱਡੀ ਗਾਈਡ ਕੰਪਨੀ ਦੁਆਰਾ ਆਯੋਜਿਤ ਸਪੈਲਪੈਂਡਿਟ ਬੀ ਵਿੱਚ ਵੀ ਜੇਤੂ ਰਿਹਾ। ਇਸ ਤੋਂ ਇਲਾਵਾ ਉਸ ਨੇ ਨਵੀਂ ਲਾਂਚ ਕੀਤੀ ਔਨਲਾਈਨ ਬੀ ਵਿੱਚ ਵੀ ਟਾਪ ਕੀਤਾ। ਗ੍ਰੇਟਰ ਟੈਂਪਾ ਬੇ ਖੇਤਰ ਤੋਂ ਇਹ ਲਗਾਤਾਰ ਦੂਜਾ ਚੈਂਪੀਅਨ ਹੈ। ਇੰਨਾਂ ਵੱਡਾ ਮੁਕਾਬਲੇ ਜਿੱਤਣ ਦਾ ਮਤਲਬ ਹੈ ਕਿ ਪਿਛਲੇ 35 ਸਪੈਲਿੰਗ ਚੈਂਪੀਅਨਾਂ ਵਿੱਚੋਂ 29 ਭਾਰਤੀ ਅਮਰੀਕੀ ਹਨ। ਅਤੇ ਉਸ ਦੇ ਮਾਤਾ-ਪਿਤਾ ਦੱਖਣੀ ਭਾਰਤੀ ਰਾਜ ਦੇ ਤੇਲੰਗਾਨਾ ਤੋਂ ਹਨ ਜੋ ਬਾਅਦ ਵਿੱਚ ਅਮਰੀਕਾ ਆਵਾਸ ਕਰ ਗਏ ਸਨ। ਹਾਲਾਂਕਿ ਅਮਰੀਕਾ ਵਿੱਚ ਜੰਮਿਆ ਅਤੇ ਵੱਡਾ ਹੋਇਆ, ਬ੍ਰਹਿਤ ਸੋਮਾ ਭਾਰਤੀ ਪਰੰਪਰਾ ਅਤੇ ਸੱਭਿਆਚਾਰ ਦਾ ਵੀ ਪਾਲਣ ਕਰਦਾ ਹੈ। ਉਸ ਨੂੰ ਭਗਵਦ ਗੀਤਾ 80 ਪ੍ਰਤੀਸ਼ਤ ਯਾਦ ਹੈ।ਉਸ ਨੇ ਕਿਹਾ ਮੈਨੂੰ ਵਿਸ਼ਨੂੰ ਸਹਸ੍ਰਨਾਮ ਅਤੇ ਭਗਵਦ ਗੀਤਾ ਪੜ੍ਹਾਇਆ ਗਿਆ ਹੈ। ਭਗਵਦ ਗੀਤਾ ਦੇ 700 ਛੰਦ ਹਨ। ਬ੍ਰਹਮਾ ਸੋਮਾ ਨੂੰ ਮੁਕਾਬਲਾ ਜਿੱਤਣ ਲਈ 50,000 ਡਾਲਰ ਦਾ ਜੋ ਇਨਾਮ ਮਿਲਿਆ ਹੈ। ਉਹ ਇਸ ਰਕਮ ਨੂੰ ਕਿਸੇ ਚੰਗੇ ਉਦੇਸ਼ ਲਈ ਦਾਨ ਕਰਨਾ ਚਾਹੁੰਦਾ ਹੈ।ਭਵਿੱਖ ਵਿੱਚ ਉਹ ਡਾਕਟਰ ਬਣਨ ਦੀ ਇੱਛਾ ਰੱਖਦਾ ਹੈ। ਉਸਦਾ ਮੰਨਣਾ ਹੈ ਕਿ ਉਸਦੀ ਚੈਂਪੀਅਨਸ਼ਿਪ ਜਿੱਤਣ ਨਾਲ ਉਸਨੂੰ ਆਪਣਾ ਟੀਚਾ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ। ਉਸ ਨੇ ਕਿਹਾ, ÷ਮੈਂ ਵੱਡਾ ਹੋ ਕੇ ਡਾਕਟਰ ਬਣਨਾ ਚਾਹੁੰਦਾ ਹਾਂ ਅਤੇ ਇਹ ਚੈਂਪੀਅਨਸ਼ਿਪ ਮੈਨੂੰ ਡਾਕਟਰੀ ਦੀ ਬਿਹਤਰ ਪੜ੍ਹਾਈ ਕਰਨ ਲਈ ਇੱਕ ਚੰਗੀ ਯੂਨੀਵਰਸਿਟੀ ਵਿੱਚ ਦਾਖ਼ਲਾ ਦਿਵਾਉਣ ਵਿੱਚ ਮਦਦ ਕਰੇਗੀ।



# 'ਪਰਬਤ ਪੁਰਖ'-ਦਸਰਥ ਮਾਂਝੀ ਦੀ ਅਨੋਖੀ ਮੁਹੱਬਤ

ਵਿਸਵ ਭਰ ਵਿੱਚ ਮੁਹੱਬਤ ਦੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ ਪਰ 'ਪਰਬਤ ਪੁਰਸ –ਦਸਰਥ ਮਾਂਝੀ' ਦੀ ਮੁਹੱਬਤ ਦੀ ਮਿਸਾਲ ਬਿਲਕੁਲ ਵੱਖਰੀ ਹੈ ਜਿਸ ਨੇ ਆਪਣੀ ਮਿਹਨਤ ਦੇ ਨਾਲ ਆਪਣੀ ਮੁਹੱਬਤ ਨੂੰ ਹਮੇਸਾਂ ਲਈ ਅਮਰ ਕਰ ਦਿੱਤਾ। ਦਸਰਥ ਮਾਂਝੀ ਦਾ ਜਨਮ ਗਯਾ ਬਿਹਾਰ ਦੇ ਇਕ ਪਛੜੇ ਹੋਏ ਪਿੰਡ ਗਹਿਲੌਰ ਦੇ ਬਹੁਤ ਹੀ ਗਰੀਬ ਪਰਿਵਾਰ ਵਿੱਚ 14 ਜਨਵਰੀ 1934 ਈਸਵੀ ਨੂੰ ਹੋਇਆ। ਗਹਿਲੌਰ ਪਿੰਡ ਦਾ ਰਸਤਾ ਪਹਾੜੀ ਸੀ ਅਤੇ ਇਕ ਬਹੁਤ ਵੱਡੇ ਪਹਾੜ ਨੇ ਇਸ ਨੂੰ ਘੇਰਿਆ ਹੋਇਆ ਸੀ। ਇਹ ਪਿੰਡ ਹਰ ਪ੍ਰਕਾਰ ਦੀਆਂ ਮੁੱਢਲੀਆਂ ਸਹੂਲਤਾਂ ਤੋਂ ਸੱਖਣਾ ਸੀ। ਪਾਣੀ ਦੀ ਸਹੂਲਤ ਨਾ ਹੋਣ ਕਾਰਨ ਪਿੰਡ ਦੀਆਂ ਔਰਤਾਂ ਬਹੁਤ ਦੂਰੋਂ ਪਾਣੀ ਲਿਆਉਂਦੀਆਂ ਸਨ ।ਦਸਰਥ ਮਾਂਝੀ ਦਾ ਜਨਮ ਗਰੀਬੀ ਵਿੱਚ ਨਿਕਲਿਆ ਵੱਡੇ ਹੋ ਕੇ ਉਸ ਨੇ ਕੋਲੇ ਦੀ ਖਾਣ ਵਿਚ ਕੰਮ ਕਰਨਾ ਸੁਰੂ ਕਰ ਦਿੱਤਾ। ਪਰ ਕੁਝ ਸਮੇਂ ਬਾਅਦ ਉਹ ਵਾਪਸ ਆਪਣੇ ਪਿੰਡ ਵਿੱਚ ਆ ਕੇ ਮਜਦੂਰੀ ਕਰਨ ਲੱਗਾ। ਬਾਅਦ ਵਿਚ ਉਸ ਦਾ ਵਿਆਹ ਫਾਲਗੁਨੀ ਦੇਵੀ ਨਾਲ ਹੋਇਆ ਜਿਸ ਨੂੰ ਕਿ ਉਹ ਬਹੁਤ ਪਿਆਰ ਕਰਦਾ ਸੀ। ਫਲਗੁਣੀ ਨੂੰ ਪਾਣੀ ਲੈਣ ਦੇ ਲਈ ਸਿਰ 'ਤੇ ਘੜਾ ਚੁੱਕ ਕੇ ਬਹੁਤ ਦੂਰ ਜਾਣਾ ਪੈਂਦਾ ਸੀ। ਰੋਜਾਨਾ ਦੀ ਤਰ੍ਹਾਂ ਇੱਕ ਦਿਨ ਫਾਲਗੁਨੀ ਪਾਣੀ ਲੈਣ ਲਈ ਪਹਾੜ ਨੂੰ ਪਾਰ ਕਰਕੇ ਜਾ ਰਹੀ ਸੀ ਕਿ ਅਚਾਨਕ ਉਸਦਾ ਪੈਰ ਫਿਸਲ ਗਿਆ ਅਤੇ ਉਹ ਪਹਾੜੀ ਤੋਂ ਹੇਠਾਂ ਡਿੱਗ ਗਈ। ਹਸਪਤਾਲ ਦੂਰ ਹੋਣ ਕਾਰਨ ਮੌਕੇ ਤੇ ਉਸ ਨੂੰ ਕੋਈ ਵੀ ਡਾਕਟਰੀ ਸਹੂਲਤ ਨਾ ਮਿਲੀ। 1959 ਵਿੱਚ ਉਸ ਦੀ ਪਤਨੀ ਫਾਲਗੁਨੀ ਦੇਵੀ ਦੀ ਮੌਤ ਹੋ ਗਈ। ਇਸ ਘਟਨਾ ਨੇ ਉਸ ਦੀ ਜਿ?ਦਗੀ ਹੀ ਬਦਲ ਕੇ ਰੱਖ ਦਿੱਤੀ ਤੇ ਉਸ ਦੀ ਹਾਲਤ ਪਾਗਲਾਂ ਵਰਗੀ ਹੋ ਗਈ।

ਕੁਝ ਸਮੇਂ ਬਾਅਦ ਉਸ ਦੀ ਮੁਹੱਬਤ ਇਸਦੀ ਪ੍ਰੇਰਣਾ ਬਣ ਗਈ ਅਤੇ ਉਸ ਦੀ ਜਿ?ਦਗੀ ਵਿਚ ਬਦਲਾਅ ਆਇਆ। ਉਸ ਦੀ ਮੁਹੱਬਤ ਨੇ ਉਸ ਨੂੰ ਪਹਾੜ ਨਾਲ ਮੱਥਾ ਲਾਉਣ ਦੀ ਹਿੰਮਤ ਦਿੱਤੀ। ਅਗਲੇ ਸਾਲ 1960 ਵਿੱਚ ਉਸ ਦੇ ਅੰਦਰ ਇੱਕ ਅਜਿਹਾ ਤੂਫਾਨ ਉੱਠਿਆ ਜਿਸ ਨੇ ਕਿ ਲਗਾਤਾਰ ਬਾਈ ਸਾਲਾਂ ਤੱਕ ਉਸ ਨੂੰ ਬੈਠਣ ਨਹੀਂ ਦਿੱਤਾ ।ਉਸ ਨੇ ਇੱਕ ਸੈਣੀ ਤੇ ਹਥੌੜੀ ਖਰੀਦੀ ਅਤੇ ਉਸ ਪਹਾੜ ਨੂੰ ਤੋੜਨਾ ਸੁਰੂ ਕਰ ਦਿੱਤਾ ਜਿਸ ਨੇ ਕਿ ਉਸ ਦੀ ਪ੍ਰੇਮਿਕਾ ਖੋਹ ਲਈ ਸੀ। ਉਹ ਸਵੇਰੇ ਹੀ ਘਰੋਂ ਹਥੌੜੀ ਅਤੇ ਸੈਣੀ ਲੈ ਕੇ ਪਹਾੜ ਤੇ ਚਲਿਆ ਜਾਂਦਾ ਤੇ ਸਾਰਾ ਦਿਨ ਉਸ ਨੂੰ ਤੋੜਦਾ ਰਹਿੰਦਾ ਤੇ ਕਹਿੰਦਾ ਰਹਿੰਦਾ 'ਜਬ ਤਕ ਤੋੜੇਂਗੇ ਨਹੀਂ ਤਬ ਤਕ ਛੋੜੇਂਗੇ ਨਹੀਂ'। ਲੋਕ ਉਸ ਨੂੰ ਪਾਗਲ ਕਹਿੰਦੇ ਉਸ ਦਾ ਮਜਾਕ ਉਡਾਉਂਦੇ ।ਪਰ ਉਹ ਲੋਕਾਂ ਦੀ ਪਰਵਾਹ ਕਰੇ ਬਿਨਾ ਆਪਣੇ ਕੰਮ ਵਿੱਚ ਜੁਟਿਆ ਰਹਿੰਦਾ। ਉਸ ਦਾ ਸਿਰੜ,ਸਿਦਕ,ਜਨੂੰਨ ਤੇ ਪਿਆਰ ਸਿਖਰ 'ਤੇ ਸੀ ਜੋ ਕਿ ਲੋਕਾਂ ਦੀ ਪ੍ਰਵਾਹ ਕਰੇ ਬਿਨਾਂ 1982 ਤਕ ਸਿਖਰਾਂ ਤੇ ਹੀ ਰਿਹਾ। ਉਸ ਦੀ ਮਿਹਨਤ ਨੇ ਬਾਈ ਸਾਲਾਂ ਬਾਅਦ ਲਗਪਗ ਅੱਸੀ ਕਿਲੋਮੀਟਰ ਰਸਤੇ ਨੂੰ ਤੇਰਾਂ ਕਿਲੋਮੀਟਰ ਵਿੱਚ ਬਦਲ ਦਿੱਤਾ ਤੇ ਲਗਭਗ 365 ਫੁੱਟ ਲੰਮਾ, 25 ਫੁੱਟ ਡੂੰਘਾ ਅਤੇ 30 ਫੁੱਟ ਚੌੜਾ ਰਸਤਾ ਤਿਆਰ ਕਰ ਦਿੱਤਾ। ਇਹ ਰਸਤਾ ਪਿੰਡ ਨੂੰ ਸਹਿਰ ਦੇ ਨਾਲ ਜੋੜਦਾ ਸੀ ਅਤੇ ਹਸਪਤਾਲ ਤੱਕ ਜਾਂਦਾ ਸੀ। ਇਸ ਤਰ੍ਹਾਂ ਉਸ ਸਿਰੜੀ ਵਿਅਕਤੀ ਨੇ ਬਿਨਾਂ ਕਿਸੇ ਮਦਦ ਤੋਂ ਸਿਰਫ ਸੈਣੀ ਅਤੇ ਹਥੌੜੀ ਨਾਲ ਆਪਣੀ ਪਤਨੀ ਦੀ ਯਾਦ ਨੂੰ ਨਾਲ ਲੈ ਕੇ ਅਜਿਹੇ ਅਸੰਭਵ ਕੰਮ ਨੂੰ ਸੰਭਵ ਕਰ ਦਿੱਤਾ ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਇਹ ਸਭ ਦੇਖ ਕੇ ਲੋਕਾਂ ਦੇ ਮੂੰਹ ਅੱਡੇ ਰਹਿ ਗਏ ਅਤੇ ਸਰਕਾਰ ਵੀ ਹਿੱਲ ਗਈ। ਬਾਅਦ ਵਿੱਚ ਸਰਕਾਰ ਨੇ ਉਸ ਨੂੰ ਸਨਮਾਨਿਤ ਕਰਨ ਲਈ ਉਸ ਸੜਕ ਦਾ ਨਾਂ 'ਦਸਰਥ ਮਾਂਝੀ ਮਾਰਗ' ਰੱਖ ਦਿੱਤਾ। ਦਸਰਥ ਮਾਂਝੀ ਦਾ ਕਹਿਣਾ ਸੀ ਕਿ 'ਸਿਰਫ ਪਰਮਾਤਮਾ ਦੇ ਭਰੋਸੇ 'ਤੇ ਨਾ ਬੈਠੋ ਕੀ ਪਤਾ ਪਰਮਾਤਮਾ ਤੁਹਾਡੇ ਭਰੋਸੇ 'ਤੇ ਬੈਠਾ ਹੋਵੇ'। ਦਸਰਥ ਮਾਂਝੀ ਦੀ ਮੌਤ 17 ਅਗਸਤ 2007 ਨੂੰ ਹੋ ਗਈ। ਪਰ ਉਹ ਅੱਜ ਵੀ 'ਦਸਰਥ ਬਾਬਾ ' ਦੇ ਨਾਂ ਨਾਲ ਆਪਣੇ ਇਲਾਕੇ ਵਿੱਚ ਮਸਹੂਰ ਹੈ। ਇਸ ਤਰ੍ਹਾਂ ਦਸਰਥ ਮਾਂਝੀ ਦੇ ਜੀਵਨ ਤੋਂ ਸਾਨੂੰ ਸੱਚੀ ਮੁਹੱਬਤ,ਸਿਦਕ, ਸੰਘਰਸ ਤੇ ਸਿਰੜ ਦੀ ਬਹੁਤ ਵੱਡੀ ਉਦਾਹਰਨ ਮਿਲਦੀ ਹੈ।

**ਜਤਿੰਦਰ ਕੌਰ ਸੇਖੋਂ**
**ਸਹਸ ਬੋੜਾਵਾਲ**

# ਸੋਚਾਂ ਸੱਚ ਹੋ ਤੁਰਦੀਆਂ

ਮਨੁੱਖੀ ਮਨ ਦਾ ਦਾਇਰਾ ਬਹੁਤ ਵਿਸ਼ਾਲ ਹੈ। ਮਨੁੱਖ ਦੀਆਂ ਸੌ ਪ੍ਰਤੀਸ਼ਤ ਵਿਚੋਂ ਅੱਧੇ ਤੋਂ ਜਿਆਦਾ ਕਿਰਿਆਵਾਂ ਮਨ ਦੇ ਪਿੱਛੇ ਲੱਗ ਕੇ ਹੁੰਦੀਆਂ ਹਨ ।ਜਦੋਂ ਵੀ ਆਮ ਕਰਕੇ ਲੋਕਾਂ ਨੇ ਇਸ ਤਾਣੇ ਬਾਣੇ ਨੂੰ ਸੁਲਝਾਉਣ ਦਾ ਯਤਨ ਕੀਤਾ, ਉਹ ਇਸ ਦੀ ਡੂੰਘਾਈ ਵਿੱਚ ਹੋਰ ਖੁੱਭਦੇ ਗਏ। ਇੱਕ ਸਾਡਾ ਮਨ ਹੀ ਤਾਂ ਹੈ ਜੋ ਸਾਨੂੰ ਮਿੰਟਾਂ ਸਕਿੰਟਾਂ ਵਿੱਚ ਪਹਾੜਾਂ, ਦੇਸ਼ਾਂ, ਵਿਦੇਸਾਂ ਦੀ ਸੈਰ ਕਰਵਾ ਦਿੰਦਾ ਹੈ, ਇਸ ਮਨ ਵਿੱਚ ਉੱਪਜਦੀਆਂ ਕਲਪਨਾਵਾਂ ਹੀ ਮਨੁੱਖ ਨੂੰ ਇੱਕ ਮਿੰਟ ਵਿੱਚ ਹਸਾ ਦਿੰਦੀਆਂ ਹਨ ਅਤੇ ਦੂਸਰੇ ਪਲ ਰੁਵਾ ਵੀ ਦਿੰਦੀਆਂ ਹਨ। ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਮਨ ਦੀਆਂ ਕਲਪਨਾਵਾਂ ਕੀ ਹਨ ? ਅਸੀਂ ਅਕਸਰ ਦੇਖਦੇ ਹਾਂ ਕਿ ਮਨੁੱਖ ਆਪਣੀਆਂ ਸੋਚਾਂ ਵਿੱਚ ਡੁੱਬਿਆ ਰਹਿੰਦਾ ਹੈ, ਕਦੇ ਸੋਚਾਂ ਸੋਚਦਾ ਹੋਇਆ ਆਪਣੇ ਬੀਤੇ ਸਮੇਂ ਵਿੱਚ ਚਲਾ ਜਾਂਦਾ ਹੈ ਕਦੇ ਸੋਚਾਂ ਸੋਚਦਾ ਕਲਪਨਾ ਕਰਦਾ ਭਵਿੱਖ ਦਾ ਚੱਕਰ ਕੱਟ ਆਉਂਦਾ ਹੈ। ਇਹਨਾਂ ਕਲਪਨਾਵਾਂ ਵਿੱਚ ਉਹ ਜਿੰਦਗੀ ਦੇ ਉਸੇ ਤਰ੍ਹਾਂ ਦੇ ਸੁਪਨੇ ਦੇਖਦਾ ਹੈ ਜਿਵੇਂ ਦੀ ਜਿੰਦਗੀ ਉਹ ਜਿਊਣਾ ਲੋਚਦਾ ਹੈ। ਉਦਹਾਰਣ ਦੇ ਤੌਰ ਤੇ ਜੇਕਰ ਕਿਸੇ ਨੌਜਵਾਨ ਦੀ ਇੱਛਾ ਵਿਦੇਸ਼ ਜਾਣ ਦੀ ਹੈ ਤਾਂ ਉਸਦੀ ਕਲਪਨਾ ਵਿੱਚ ਜਿਆਦਾਤਰ ਜਦੋਂ ਵਿਦੇਸ਼ ਜਾਣਾ ਹੈ, ਉਹ ਸਾਰਾ ਸਮਾਂ ਅੱਖਾਂ ਮੂਹਰੇ ਘੁੰਮ ਜਾਂਦਾ ਹੈ, ਇੱਥੋਂ ਤੱਕ ਕਿ ਕਈ ਵਾਰ ਇਸ ਕਲਪਨਾ ਵਿੱਚ ਗਵਾਚਿਆ ਨੌਜਵਾਨ ਆਪਣੇ ਆਪ ਨੂੰ ਮਾਪਿਆਂ , ਘਰ ਪਰਿਵਾਰ ਤੋਂ ਦੂਰ ਹੁੰਦਾ ਮਹਿਸੂਸ ਕਰ ਭਾਵੁਕ ਵੀ ਹੋ ਜਾਂਦਾ ਹੈ, ਇਹ ਸਾਰੀ ਸਾਡੇ ਮਨ ਦੀ ਕਲਪਨਾ ਸ਼ਕਤੀ ਹੈ, ਜੋ ਸਾਨੂੰ ਭੂਤ, ਭਵਿੱਖ ਦੀ ਸੈਰ ਕਰਵਾ ਦਿੰਦੀ ਹੈ। ਸਾਡੀ ਜਿੰਦਗੀ ਵਿੱਚ ਘਟਨ ਵਾਲੀਆਂ ਬਹੁਤ ਸਾਰੀਆਂ ਘਟਨਾਵਾਂ ਸਾਡੀਆਂ ਇੰਨਾਂ ਸੋਚਾਂ, ਕਲਪਨਾਵਾਂ ਉੱਤੇ ਨਿਰਭਰ ਕਰਦੀਆਂ ਹਨ। ਮਨੁੱਖੀ ਮਨ ਦੀ ਕਲਪਨਾ ਸ਼ਕਤੀ ਵਿੱਚ ਏਨੀ ਤਾਕਤ ਹੈ ਕਿ ਇਹ ਬ੍ਰਹਿਮੰਡ ਨੂੰ ਉਸੇ ਤਰ੍ਹਾਂ ਕੰਮ ਕਰਨ ਲਗਾ ਦਿੰਦੀ ਹੈ ਜਿਸ ਤਰ੍ਹਾਂ ਦੇ ਖਿਆਲ ਸਾਡੇ ਮਨ ਵਿੱਚ ਆਉਂਦੇ ਹਨ। ਇੱਥੇ ਇੱਕ ਉਦਹਾਰਣ ਦੇ ਕੇ ਸਮਝਾਉਣ ਦਾ ਯਤਨ ਕਰਾਂਗੀ ਇੱਕ ਵਿਅਕਤੀ ਜਿਸ ਨੇ ਆਪਣਾ ਕੋਈ ਨਵਾਂ ਕਾਰੋਬਾਰ ਸ਼ੁਰੂ ਕਰਨਾ ਹੈ, ਜੇਕਰ ਉਹ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਹੀ ਆਉਣ ਵਾਲੇ ਜੋਖਮਾਂ , ਘਾਟਿਆ ਦੀ ਕਲਪਨਾ ਕਰੇਗਾ, ਯਕੀਨਨ ਉਸ ਦੇ ਕਾਰੋਬਾਰ ਵਿੱਚ ਮੁਨਾਫੇ ਨਾਲੋਂ ਘਾਟਾ ਜਿਆਦਾ ਹੋਵੇਗਾ ਕਿਉਂਕਿ ਉਸਦੀ ਕਲਪਨਾ ਵਿਚੋਂ ਨਿਕਲ ਰਹੀਆਂ ਤਰੰਗਾਂ ਬ੍ਰਹਿਮੰਡ ਨੂੰ ਨਕਾਰਾਤਮਕ ਊਰਜਾ ਦੇ ਰਹੀਆਂ ਹਨ, ਇਸਦੇ ਉੱਲਟ ਜੇਕਰ ਇਹੀ ਵਿਅਕਤੀ ਕਾਰੋਬਾਰ ਸ਼ੁਰੂ ਕਰਨ ਸਮੇਂ ਘਾਟੇ ਬਾਰੇ ਸੋਚਣ ਦੀ ਬਜਾਇ ਸਿਰਫ ਮੁਨਾਫੇ ਬਾਰੇ ਸੋਚ ਰਿਹਾ ਹੈ ਤਾਂ ਉਸਨੂੰ ਕਾਰੋਬਾਰ ਵਿੱਚ ਲਾਭ ਹੀ ਹੋਵੇਗਾ ਕਿਉਂਕਿ ਉਸ ਦੁਆਰਾ ਕੁਦਰਤ ਵਿੱਚ ਬ੍ਰਹਿਮੰਡ ਵਿੱਚ ਸਕਾਰਾਤਮਕ ਤਰੰਗਾਂ ਛੱਡੀਆਂ ਗਈਆਂ ਹਨ। ਸਾਡੇ ਸਾਰੇ ਕੰਮ ਕੁਦਰਤ ਦੇ ਇਰਦ ਗਿਰਦ ਘੁੰਮਦੇ ਹਨ, ਅਸੀਂ ਜੋ ਵੀ ਚਾਹੁੰਦੇ ਹਾਂ ਕੁਦਰਤ ਕੋਲੋਂ ਪ੍ਰਾਪਤ ਕਰ ਸਕਦੇ ਹਾਂ ਪਰ ਇਹ ਨਿਰਭਰ ਕਰਦਾ ਹੈ ਕਿ ਤੁਸੀਂ ਕੁਦਰਤ ਨੂੰ ਆਪਣੀਆਂ ਕਲਪਨਾ ਦੀਆਂ ਤਰੰਗਾਂ ਵਿੱਚ ਕੀ ਪਰੋਸ ਰਹੇ ਹੋ। ਇੱਕ ਆਮ ਜਿਹੀ ਗੱਲ ਹੈ ਕਿ ਬਹੁਤ ਵਾਰ ਕਿਸੇ ਵੀ ਘਟਨਾ ਦੇ ਘਟਨ ਤੇ ਲੋਕਾਂ ਨੂੰ ਆਮ ਹੀ ਕਹਿੰਦਿਆਂ ਸੁਣਿਆ ਜਾਂਦਾ ਹੈ,ਕਿ ਮੇਰੇ ਮਨ ਵਿੱਚ ਤਾਂ ਪਹਿਲਾਂ ਹੀ ਇਹ ਖਿਆਲ ਆਇਆ ਸੀ ਕਿ ਏਦਾਂ ਨਾ ਹੋ ਜਾਵੇ ...ਇਸਦਾ ਸਿੱਧਾ ਤੇ ਸਾਫ ਅਰਥ ਇਬ ਹੈ ਕਿ ਤੁਹਾਡੇ ਮਨ ਦੇ ਸ਼ੰਕੇ, ਡਰ, ਸੋਚਾਂ ਤਰੰਗਾਂ ਦਾ ਰੂਪ ਧਾਰਣ ਕਰ ਕੁਦਰਤ ਤੱਕ ਪਹੁੰਚ ਰਹੀਆਂ ਹਨ,ਫਿਰ ਕੁਦਰਤ ਉਨ੍ਹਾਂ ਤਰੰਗਾਂ ਦੇ ਸੰਕੇਤਾਂ ਉੱਪਰ ਹੀ ਕੰਮ ਕਰਨਾ ਸ਼ੁਰੂ ਕਰਦੀ ਹੈ। ਇਹ ਇੱਕ ਮਨੋਵਿਗਿਆਨਕ ਸਿਧਾਂਤ ਹੈ ਸਕਾਰਾਤਮਕ ਨਜਰੀਏ ਵਾਲਾ ਵਿਅਕਤੀ ਦੂਸਰੇ ਵਿਅਕਤੀਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। ਬਹੁਤ ਸਾਰੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਮਨੁੱਖੀ ਦਿਮਾਗ ਬਹੁਤ ਅਥਾਹ ਸ਼ਕਤੀ ਦਾ ਭੰਡਾਰ ਹੈ, ਪਰੰਤੂ ਲੱਖਾਂ ਵਿਚੋਂ ਕੋਈ ਇੱਕ ਦੋ ਵਿਅਕਤੀ ਹੀ ਅਜਿਹੇ ਹਨ ਜੋ ਆਪਣੇ ਦਿਮਾਗ ਦਾ ਅੱਧੇ ਤੋਂ ਜਿਆਦਾ ਹਿੱਸਾ ਵਰਤੋਂ ਵਿੱਚ ਲਿਆਉਂਦੇ ਹਨ, ਬਾਕੀ ਮਨੁੱਖ ਆਪਣੀ ਦਿਮਾਗੀ ਸ਼ਕਤੀ ਦਾ 10 ਪ੍ਰਤੀਸ਼ਤ ਹੀ ਵਰਤਦੇ ਹਨ। ਉਸ ਦਸ ਪ੍ਰਤੀਸ਼ਤ ਵਿੱਚ ਵੀ ਮਨੁੱਖ ਨਕਾਰਾਤਮਕ ਅਤੇ ਢਹਿੰਦੀਕਲਾ ਵਾਲੀਆਂ ਗੱਲਾਂ ਨੂੰ ਜਹਿਣ ਵਿੱਚ ਲਿਆ ਕੇ ਆਪਣੇ ਜੀਵਨ ਨੂੰ ਹੋਰ ਕਠਿਨਾਈ ਭਰਭੂਰ ਬਣਾ ਲੈਂਦੇ ਹਨ। ਸਕਾਰਾਤਮਕ ਸੋਚ ਤੇ ਚੜਦੀਕਲਾ ਦਾ ਸੁਨੇਹਾ ਦੇਣ ਵਾਲੀਆਂ ਸਖਸੀਅਤਾਂ ਹਮੇਸ਼ਾ ਅਗਾਂਹ ਵਧੂ ਹੁੰਦੀਆਂ ਹਨ। ਇਸ ਲਈ ਹਮੇਸਾ ਯਤਨ ਕਰੋ ਕਿ ਤੁਹਾਡੇ ਮਨ, ਦਿਮਾਗ ਵਿੱਚ ਚੱਲਣ ਵਾਲੇ ਵਿਚਾਰ ਕਦੇ ਵੀ ਨਕਾਰਾਤਮਕ ਨਾ ਹੋਣ, ਜੇਕਰ ਕਦੇ ਅਣਸੁਖਾਵੇਂ ਹਲਾਤਾਂ ਦੇ ਚੱਲਦਿਆਂ ਮਨ ਵਿੱਚ ਢਹਿੰਦੀਕਲਾ ਵਾਲੀਆਂ ਸੋਚਾਂ ਆਉਣ ਵੀ ਤਾਂ ਉਹਨਾਂ ਨੂੰ ਤਰੁੰਤ ਰੋਕਣ ਦਾ ਯਤਨ ਕਰੋ, ਆਪਣੇ ਦਿਮਾਗ ਨੂੰ ਉਸ ਪਾਸੇ ਤੋਂ ਹਟਾ ਕਿਸੇ ਹੋਰ ਗਤੀਵਿਧੀ ਵਿੱਚ ਵਿਅਸਤ ਕਰੋ। ਇਹ ਨਕਾਰਾਤਮਕ ਸੋਚਾਂ ਦੇ ਵਹਿਣ ਨੂੰ ਰੋਕਣ ਦਾ ਇੱਕ ਕਾਰਗਰ ਤਰੀਕਾ ਹੈ। ਕਈ ਵਾਰ ਅਜਿਹਾ ਵੀ ਹੁੰਦਾ ਕਿ ਅਸੀਂ ਸੋਚਾਂ ਵਿਚੋਂ ਬਾਹਰ ਨਿਕਲਣ ਦਾ ਯਤਨ ਕਰਦੇ ਹਾਂ ਪਰੰਤੂ ਵਾਰ ਵਾਰ ਸੋਚਾਂ ਦਾ ਉਹੀ ਵਹਾਅ ਸਾਨੂੰ ਆਪਣੇ ਨਾਲ ਰੋੜ ਕੇ ਲੈ ਜਾਂਦਾ ਹੈ, ਅਜਿਹੇ ਵਿੱਚ ਤੁਸੀਂ ਉਸ ਗਤੀਵਿਧੀ ਵਿੱਚ ਆਪਣੇ ਆਪ ਨੂੰ ਰੁਝਾ ਸਕਦੇ ਹੋ, ਜਿਸਨੂੰ ਕਰਨ ਵਿੱਚ ਤੁਹਾਨੂੰ ਬਹੁਤ ਆਨੰਦ ਆਉਂਦਾ ਹੈ, ਉਦਹਾਰਣ ਦੇ ਤੌਰ ਤੇ ਫੁੱਲਾਂ, ਬੂਟਿਆਂ ਨੂੰ ਪਾਣੀ ਦੇਣਾ, ਬੱਚਿਆਂ ਨਾਲ ਖੇਡਣਾ ਆਦਿ। ਇਸ ਤਰ੍ਹਾਂ ਸਾਡੇ ਮਨ ਨੂੰ ਸੋਚਾਂ ਤੋਂ ਰਹਾਉ ਮਿਲੇਗਾ ਅਤੇ ਕੁਦਰਤ ਨੂੰ ਨਕਾਰਾਤਮਕ ਤਰੰਗਾਂ ਦੇ ਰੂਪ ਵਿੱਚ ਕੋਈ ਗਲਤ ਸੁਨੇਹਾ ਨਹੀਂ ਜਾਵੇਗਾ ।ਜੇਕਰ ਤੁਸੀਂ ਲੋਚਦੇ ਹੋ ਕਿ ਤੁਹਾਡੇ ਜੀਵਨ ਵਿੱਚ ਹਮੇਸਾ ਚੜਦੀਕਲਾ ਰਹੇ ਅਤੇ ਜੀਵਨ ਸੋਹਣਾ ਬਣਿਆ ਰਹੇ ਤਾਂ ਫਿਰ ਸੋਹਣਾ ਸੋਚੋ ਕਿਉਂਕਿ ਸੋਚਾਂ ਸੱਚ ਹੋ ਤੁਰਦੀਆਂ ਹਨ।

**ਹਰਕੀਰਤ ਕੌਰ 9779118066**

# ਬਾਲ ਕਹਾਣੀ : ਰਾਜਾ , ਰਾਣੀ ਤੇ ਭਿਖਾਰੀ

ਇੱਕ ਵਾਰ ਦੀ ਗੱਲ ਹੈ। ਇੱਕ ਦੇਸ਼ ਵਿੱਚ ਇੱਕ ਰਾਜਾ ਰਹਿੰਦਾ ਸੀ। ਉਸ ਦੀ ਇੱਕ ਰਾਣੀ ਸੀ। ਰਾਣੀ ਕਾਫੀ ਲਾਲਚੀ ਸੀ। ਰਾਣੀ ਨੂੰ ਚੋਰੀ ਕਰਨ ਦੀ ਆਦਤ ਸੀ। ਇੱਕ ਵਾਰ ਰਾਣੀ ਕੋਲ ਇੱਕ ਭਿਖਾਰੀ ਆਇਆ। ਭਿਖਾਰੀ ਨੇ ਕਿਹਾ ਕਿ ਮੈਨੂੰ ਕੁਝ ਪੈਸੇ ਦੀ ਜ਼ਰੂਰਤ ਹੈ , ਮੈਂ ਰੋਟੀ ਖਾਣੀ ਹੈ ਅਤੇ ਆਪਣੇ ਬੱਚਿਆਂ ਨੂੰ ਰੋਟੀ ਲੈ ਕੇ ਜਾਣੀ ਹੈ। ਰਾਣੀ ਨੇ ਭਿਖਾਰੀ ਨੂੰ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਭਿਖਾਰੀ ਮਹਿਲਾਂ ਤੋਂ ਵਾਪਸ ਜਾ ਰਿਹਾ ਸੀ। ਰਸਤੇ ਵਿੱਚ ਉਸ ਨੂੰ ਰਾਜਾ ਮਿਲ ਗਿਆ। ਉਸ ਨੇ ਰਾਜੇ ਨੂੰ ਆਪਣੀ ਸਾਰੀ ਗੱਲ ਦੱਸੀ। ਰਾਜੇ ਨੇ ਕਿਹਾ ਕਿ ਤੂੰ ਮੇਰੇ ਨਾਲ ਚੱਲ। ਰਾਜੇ ਨੇ ਜਦੋਂ ਪੈਸੇ ਲੈਣ ਲਈ ਆਪਣੇ ਖ਼ਜ਼ਾਨੇ ਵੱਲ ਗਿਆ ਤਾਂ ਰਾਜੇ ਨੇ ਦੇਖਿਆ ਰਾਣੀ ਉੱਥੇ ਚੋਰੀ ਕਰ ਰਹੀ ਸੀ। ਫਿਰ ਰਾਜੇ ਨੇ ਰਾਣੀ ਨੂੰ ਸਮਝਾਇਆ। ਉਸ ਨੇ ਰਾਣੀ ਨੂੰ ਦੱਸਿਆ ਕਿ ਸਾਨੂੰ ਚੋਰੀ ਨਹੀਂ ਕਰਨੀ ਚਾਹੀਦੀ। ਫਿਰ ਰਾਣੀ ਨੇ ਚੋਰੀ ਕਰਨੀ ਛੱਡ ਦਿੱਤੀ। ਰਾਜੇ ਨੇ ਭਿਖਾਰੀ ਨੂੰ ਰੋਟੀ ਦਿੱਤੀ। ਰਾਜੇ ਨੇ ਭਿਖਾਰੀ ਨੂੰ ਪੈਸੇ ਵੀ ਦਿੱਤੇ। ਭਿਖਾਰੀ ਖੁਸ ਹੋ ਕੇ ਚਲਾ ਗਿਆ ।

ਸਿੱਖਿਆ :- ਸਾਨੂੰ ਉਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਗਰੀਬਾਂ ਦੀ ਮੱਦਦ ਕਰਨੀ ਚਾਹੀਦੀ ਹੈ। ਚੋਰੀ ਨਹੀਂ ਕਰਨੀ ਚਾਹੀਦੀ।

**ਅੰਜਲੀ , ਜਮਾਤ - ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜਿ?ਲ੍ਹਾ - ਰੂਪਨਗਰ ( ਪੰਜਾਬ ) ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ**

# ਤ੍ਰਿਸਨਾ ਅੰਦਰ ਅਗਨਿ ਹੈ...

ਮਨੁੱਖ ਦੇ ਜਨਮ ਲੈਣ ਦੇ ਸਮੇਂ ਤੋਂ ਹੀ ਸੁਭਾਵਿਕ ਤੌਰ ਤੇ ਕਈ ਗੁਣ ਔਗੁਣ ਉਸ ਅੰਦਰ ਪੈਦਾ ਹੁੰਦੇ ਹਨ, ਹੌਲੀ ਹੌਲੀ ਉਜਾਗਰ ਹੋਣ ਲੱਗਦੇ ਹਨ,ਫਿਰ ਜਿਵੇਂ ਜਿਵੇਂ ਸੋਝੀ ਆਈ ਜਾਂਦੀ ਹੈ, ਦੁਨੀਆਂ ਵਿੱਚ ਵਿਚਰਦੇ ਹੋਏ, ਦੁਨੀਆ ਨੂੰ ਵੇਖਦੇ ਹੋਏ ਕਈ ਗੁਣ ਔਗੁਣ ਹੋਰਾਂ ਨੂੰ ਦੇਖ ਦੇਖ ਕੇ ਪੈਦਾ ਹੁੰਦੇ ਹਨ ।ਮਨੁੱਖ ਦਾ ਸੁਭਾਅ ਵਿਕਾਰੀ ਜਾਂ ਸਦਾਚਾਰੀ ਗੁਣਾਂ ਦੇ ਮਿਸਰਣ ਦੇ ਨਾਲ ਚੱਲਦਾ ਹੈ। ਅੱਜ ਆਪਾਂ ਤ੍ਰਿਸਨਾ ਬਾਰੇ ਗੱਲ ਕਰਦੇ ਹਾਂ ।ਤ੍ਰਿਸ਼ਨਾ ਹਰ ਇੱਕ ਇਨਸਾਨ ਦੀ ਜਮਾਂਦਰੂ ਉਪਜ ਹੁੰਦੀ ਹੈ ।ਇਸ ਦੁਨੀਆ ਵਿੱਚ ਕੋਈ ਵੀ ਇਸ ਤੋਂ ਵਾਂਝਾ ਨਹੀਂ ਹੋ ਸਕਦਾ ਹੈ। ਇਸ ਨੇ ਹਰ ਜੀਵ ਆਤਮਾ ਨੂੰ ਆਪਣੇ ਮਕੜ ਜਾਲ ਵਿੱਚ ਜਕੜ ਰਖਿਆ ਹੈ।

ਸਿੱਖ ਮਾਰਗ ਅਨੁਸਾਰ " 'ਤ੍ਰਿਸ਼ਨਾ' ਸ਼ਬਦ ਤ੍ਰਿਸਨਾ ਜਾਂ ਤਿਸਨਾ ਦੇ ਰੂਪ ਵਿੱਚ ਗੁਰਬਾਣੀ ਵਿੱਚ ਲਗ ਭਗ 225 ਵਾਰ ਵਰਤਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਇਸ ਦੇ ਅਰਥ ਪਿਆਸ, ਤ੍ਰਿਖਾ ਜਾਂ ਕਿਸੇ ਚੀਜ਼ ਦੀ ਪ੍ਰਾਪਤੀ ਦੀ ਪ੍ਰਬਲ ਇੱਛਾ ਹੈ। ਭਾਈ ਵੀਰ ਸਿੰਘ ਜੀ ਨੇ ਗੁਰੂ ਗ੍ਰੰਥ ਸ਼ਬਦ ਕੋਸ਼ ਵਿੱਚ ਲਿਖਿਆ ਹੈ ਕਿ ਇਹ ਸ਼ਬਦ ਸੰਸਕ੍ਰਿਤ ਦਾ ਹੈ ਤੇ ਇਸ ਦਾ ਅਰਥ ਲਾਲਚ ਹੈ। ਫਾਰਸੀ ਬੋਲੀ ਦਾ ਇੱਕ ਸ਼ਬਦ ਤਿਸਨਾ ਹੈ ਜਿਸ ਦਾ ਅਰਥ ਪਿਆਸਾ ਹੈ।"

ਅਸਲ ਵਿੱਚ ਤ੍ਰਿਸਨਾ ਦੁਨਿਆਵੀ ਪਦਾਰਥਾਂ ਦੇ ਮੋਹ ਦੀ ਪ੍ਰਬਲ ਇੱਛਾ ਨੂੰ ਵੀ ਕਿਹਾ ਜਾਂਦਾ ਹੈ। ਤ੍ਰਿਸਨਾ ਸਬਦ ਦੇ ਕਈ ਸਮਾਨਾਰਥਕ ਸਬਦ ਹਨ ਜਿਵੇਂ ,ਪਿਆਸ, ਚੇਸਟਾ, ਤਮੰਨਾ, ਅਭਿਲਾਸਾ,ਤ੍ਰਿਖਾ,ਇੱਛਾ, ਆਰਜੂ,ਚਾਹ, ਮਨੋਕਾਮਨਾ,ਲਾਲਸਾ ਆਦਿ ਅਨੇਕਾਂ ਸਬਦ ਹੈ। ਇਹ ਕੁਦਰਤੀ ਤੌਰ ਤੇ ਉਪਜਿਆ ਹੋਇਆ ਸੁਭਾਅ ਦਾ ਇੱਕ ਅਹਿਮ ਪੱਖ ਹੁੰਦਾ ਹੈ ਪਰ ਇਸ ਦਾ ਵਰਤਾਰਾ ਹਰ ਮਨੁੱਖ ਆਪਣੇ ਸੁਭਾਅ ਮੁਤਾਬਿਕ ਹੀ ਕਰਦਾ ਹੈ। ਤ੍ਰਿਸਨਾ ਹਰ ਜੀਵ ਪ੍ਰਾਣੀ ਅੰਦਰ ਜਨਮ ਸਮੇਂ ਤੋਂ ਹੀ ਪੈਦਾ ਹੋ ਜਾਂਦੀ ਹੈ ।ਜੰਮਦੇ ਬੱਚੇ ਨੂੰ ਜਦ ਭੁੱਖ ਲੱਗਦੀ ਹੈ ਤਾਂ ਉਸ ਅੰਦਰ ਸੁਭਾਵਿਕ ਤੌਰ ਤੇ ਹੀ ਕੁਝ ਖਾਣ ਦੀ ਲਾਲਸਾ ਹੁੰਦੀ ਹੈ ਤਾਂ ਉੱਚੀ ਉੱਚੀ ਰੋ ਕੇ ਦੱਸਦਾ ਹੈ, ਢਿੱਡ ਭਰਦੇ ਸਾਰ ਹੀ ਉਸ ਦੀ ਤ੍ਰਿਸਨਾ ਬੁਝ ਜਾਂਦੀ ਹੈ। ਕਿਸੇ ਨੂੰ ਧਨ ਦੌਲਤ ਦੀ ਤ੍ਰਿਸ਼ਨਾ ਹੈ, ਕਈਆਂ ਨੂੰ ਪੁੱਤਰ ਦੀ ਤੇ ਕਈਆਂ ਨੂੰ ਧੀ ਦੀ ਤੇ ਕਈਆਂ ਨੂੰ ਉੱਚੇ ਅਹੁਦਿਆਂ ਨੂੰ ਪਾਉਣ ਦੀ ਲਾਲਸਾ ਹੈ।

'ਆਮ ਜਿ?ਦਗੀ ਵਿੱਚ ਆਮ ਜਰੂਰਤਾਂ ਨੂੰ ਪੂਰਾ ਕਰਨ ਲਈ ਜੁਟ ਜਾਣਾ ਹਰ ਮਨੁੱਖ ਦੀ ਇੱਛਾ ਨਾ ਹੋ ਕੇ ਜਰੂਰਤ ਹੁੰਦੀ ਹੈ ਪਰ ਜਦੋਂ ਉਹੀ ਜਰੂਰਤਾਂ ਪੂਰੀਆਂ ਹੋਣ ਤੋਂ ਬਾਅਦ ਉਹਨਾਂ ਨੂੰ ਜਰੂਰਤ ਤੋਂ ਜਿ?ਆਦਾ ਵਧਾਉਣ ਵਿੱਚ ਪ੍ਰਬਲ ਇੱਛਾ ਪੈਦਾ ਹੋ ਜਾਣਾ ,ਉਹ ਫਿਰ ਮਨੁੱਖ ਦੀ ਤ੍ਰਿਸਨਾ ਬਣ ਜਾਂਦੀ ਹੈ। ਗੁਰਬਾਣੀ ਵਿੱਚ ਤ੍ਰਿਸਨਾ ਨੂੰ ਅਗਨੀ ਦੇ ਸਾਮਾਨ ਦੱਸਿਆ ਗਿਆ ਹੈ,ਜਿਸ ਵਿੱਚ ਸਾਰਾ ਸੰਸਾਰ ਜਲ ਰਿਹਾ ਹੈ ।ਗੁਰੂ ਅਮਰ ਦਾਸ ਜੀ ਨੇ ਵੀ ਇਸ ਸਬੰਧੀ ਲਿਖਿਆ ਹੈ

"ਤਿਸਨਾ ਅਗਨਿ ਜਲੈ ਸੰਸਾਰਾ ।"

ਵੈਸੇ ਜੇ ਅੱਜ ਦੇ ਜਮਾਨੇ ਦੀ ਗੱਲ ਕੀਤੀ ਜਾਵੇ ਤਾਂ ਸਾਰਾ ਸੰਸਾਰ ਤ੍ਰਿਸਨਾ ਦੀ ਅੱਗ ਵਿੱਚ ਜਲਦਾ ਹੀ ਨਜਰ ਆਉਂਦਾ ਹੈ। ਅੱਜ ਦਾ ਮਨੁੱਖ ਹਫੜਾ ਦਫੜੀ, ਭੱਜ ਦੌੜ ਦੀ ਜਿ?ਦਗੀ ਵਿੱਚ ਇਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ ਜਿਵੇਂ ਉਹ ਜਿ?ਦਗੀ ਬਿਤਾਉਣ ਤੇ ਰਿਸਤੇ ਨਿਭਾਉਣ ਨਹੀਂ ਬਲਕਿ ਧਨ ਦੌਲਤ ਕੋਠੀਆਂ ਕਾਰਾਂ ਇਕੱਠੇ ਕਰਨ ਲਈ ਇਸ ਦੁਨੀਆ ਤੇ ਆਇਆ ਹੈ। ਮੰਨਿਆ ਕਿ ਜਮਾਨੇ ਦੇ ਨਾਲ ਨਾਲ ਤੁਰਨਾ ਜਰੂਰੀ ਹੈ ਪਰ ਜਮਾਨੇ ਨੂੰ ਵੀ ਪਿੱਛੇ ਧੱਕ ਕੇ ਅੱਗੇ ਲੰਘਣ ਵਿੱਚ ਲੱਗ ਜਾਣਾ ਸੀ ਤ੍ਰਿਸਨਾ ਹੈ। ਇਸ ਤ੍ਰਿਸਨਾ ਨੇ ਹੁਣ ਐਨਾ ਭਿਆਨਕ ਰੂਪ ਧਾਰਨ ਕਰ ਲਿਆ ਹੈ ਕਿ ਇਖਲਾਕੀ ਤੌਰ ਤੇ ਮਨੁੱਖੀ ਸਖਸੀਅਤ ਗਿਰਦੀ ਜਾ ਰਹੀ ਹੈ।

ਤ੍ਰਿਸ਼ਨਾ ਦੇ ਸਬੰਧ ਵਿੱਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ –" ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ। ।ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।। "ਭਾਵ ਸੁਆਰਥੀ ਬੰਦੇ ਪਰਾਇਆ ਮਾਲ–ਧਨ ਚੁਰਾਂਦੇ ਹਨ ਅਤੇ ਦੂਜਿਆਂ ਦੇ ਕੰਮਾਂ ਵਿੱਚ ਰੁਕਾਵਟਾਂ ਪਾਂਦੇ ਹਨ। ਇਹ ਲੋਕ ਹੋਰਨਾਂ ਨੂੰ ਉਪਦੇਸ਼ ਦੇਂਦੇ ਹਨ ਪਰ ਇਨ੍ਹਾਂ ਦੇ ਆਪਣੇ ਮਨ ਵਿੱਚ ਮਾਇਆ ਇਕੱਠੀ ਕਰਨ ਦੀ ਭੁੱਖ ਰਹਿੰਦੀ ਹੈ। ਇਨ੍ਹਾਂ ਦੀ ਲੈਣ ਹੀ ਲੈਣ ਦੀ ਤ੍ਰਿਸ਼ਨਾ ਕਦੇ ਨਹੀਂ ਬੁਝਦੀ। ਲਾਲਚੀ ਬਿਰਤੀ ਹੋਣ ਕਰ ਕੇ ਮਾਇਆ ਇਕੱਠੀ ਕਰਨ ਦੀ ਲਾਲਸਾ ਲਗੀ ਰਹਿੰਦੀ ਹੈ। ਐਸੇ ਲੋਭੀ ਬੰਦੇ ਮਾਨੋਂ ਸੂਰਾਂ ਵਾਲੇ ਨੀਚ ਕੰਮ ਕਰਦੇ ਹਨ। ਇਹ ਗੱਲਾਂ ਅੱਜ ਦੇ ਮਨੁੱਖ ਤੇ ਬਿਲਕੁਲ ਢੁਕਵੀਆਂ ਹਨ। ਅੱਜ ਦਾ ਮਨੁੱਖ ਤ੍ਰਿਸਨਾ ਦੇ ਵਸ ਹੋ ਕੇ ਲੁੱਟਾਂ ਖੋਹਾਂ, ਬੇਈਮਾਨੀਆਂ, ਠੱਗੀਆਂ ਠੋਰੀਆਂ ਵਰਗੀਆਂ ਨੀਚ ਹਰਕਤਾਂ ਕਰਕੇ ਧਨ ਇਕੱਠਾ ਕਰਨਾ ਚਾਹੁੰਦਾ ਹੈ। ਜਿਸ ਕਰਕੇ ਮਿਹਨਤੀ ਲੋਕਾਂ ਦਾ ਜਿਊਣਾ ਦੁੱਭਰ ਹੋਇਆ ਪਿਆ ਹੈ। ਇਸ ਤ੍ਰਿਸਨਾ ਦੀ ਅੱਗ ਵਿੱਚੋਂ ਨਿਕਲਣ ਲਈ ਸਵੈ ਪੜਚੋਲ ਕੀਤਿਆਂ ਹੀ ਗੱਲ ਬਣਨੀ ਹੈ। ਜਿਸ ਮਨੁੱਖ ਅੰਦਰ ਸਬਰ ਸੰਤੋਖ ਆਦਿ ਨੈਤਿਕ ਗੁਣ ਹੁੰਦੇ ਹਨ ਉਸ ਅੰਦਰੋਂ ਤ੍ਰਿਸਨਾ ਆਪਣੇ ਆਪ ਦੂਰ ਭੱਜ ਜਾਂਦੀ ਹੈ।

ਸੋ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਹਰ ਮਨੁੱਖ ਇੱਕ ਛੋਟੀ ਤੋਂ ਛੋਟੀ ਲੋੜ ਨੂੰ ਪੂਰਾ ਕਰਦਾ ਕਰਦਾ ਕਦ ਉਸ ਨੂੰ ਤ੍ਰਿਸਨਾ ਬਣਾ ਬੈਠਦਾ ਹੈ ਉਸ ਨੂੰ ਆਪ ਨੂੰ ਵੀ ਪਤਾ ਨਹੀਂ ਲੱਗਦਾ। ਜਿੰਨਾਂ ਦੀ ਤ੍ਰਿਸਨਾ ਦੀ ਅੱਗ ਭਾਂਬੜ ਵਾਂਗ ਜਲ ਉੱਠਦੀ ਹੈ ਉਹ ਉਸ ਨੂੰ ਰਾਖ ਕਰ ਦਿੰਦੀ ਹੈ ਭਾਵ ਜੁਰਮ ਦੀ ਦੁਨੀਆ ਵਿੱਚ ਧਕੇਲ ਦਿੰਦੀ ਹੈ,ਉਸ ਅੰਦਰ ਅਸਾਂਤੀ ਤੇ ਕਾਹਲੇਪਣ ਵਰਗੀਆਂ ਆਦਤਾਂ ਨੂੰ ਪੈਦਾ ਕਰਕੇ ਉਸ ਨੂੰ ਇਨਸਾਨ ਤੋਂ ਹੈਵਾਨ ਬਣਾ ਦਿੰਦੀ ਹੈ ।ਜਿਹੜਾ ਮਨੁੱਖ ਸਬਰ ਸੰਤੋਖ ਅਤੇ ਪਰਮਾਤਮ ਪਿਆਰ ਵਰਗੀਆਂ ਸਦਾਚਾਰਕ ਕਦਰਾਂ ਕੀਮਤਾਂ ਦਾ ਧਾਰਨੀ ਹੋ ਜਾਵੇ ਉਹ ਸਹਿਜੇ ਹੀ ਤ੍ਰਿਸਨਾ ਦੇ ਮੱਕੜਜਾਲ ਵਿੱਚ ਫਸਣ ਤੋਂ ਬਚ ਜਾਂਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
**9988901324**



# ਕੁਦਰਤ ਨਾਲ ਖੇਡਣਾ

## (ਵਾਹਨਾਂ ਅਤੇ ਉਦਯੋਗਿਕ ਇਕਾਈਆਂ ਤੋਂ ਕਾਰਬਨ ਨਿਕਾਸ ਨੂੰ ਕੰਟਰੋਲ ਕਰਨਾ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ)

ਭਾਰਤ ਇੱਕ ਵਾਰ ਫਿਰ ਵਾਤਾਵਰਨ ਪੱਖੋਂ ਪਛੜਿਆ ਹੋਇਆ ਸਾਬਤ ਹੋਇਆ ਹੈ। ਇਹ ਇੱਕ ਸੌ ਅੱਸੀ ਦੇਸਾਂ ਦੀ ਸੂਚੀ ਵਿੱਚ ਸਭ ਤੋਂ ਹੇਠਾਂ ਹੈ। ਯੇਲ ਅਤੇ ਕੋਲੰਬੀਆ ਯੂਨੀਵਰਸਿਟੀ ਦੁਆਰਾ ਇੱਕ ਸੌ ਅੱਸੀ ਦੇਸਾਂ ਦੀ ਵਾਤਾਵਰਣ ਸਥਿਤੀ 'ਤੇ ਕੀਤੇ ਗਏ ਅਧਿਐਨ ਤੋਂ ਇਹ ਸਪੱਸਟ ਹੋਇਆ ਹੈ। ਇਸ ਅਧਿਐਨ 'ਚ ਭਾਰਤ ਤੋਂ ਇਲਾਵਾ ਰੂਸ ਅਤੇ ਚੀਨ ਦੀ ਸਥਿਤੀ ਵੀ ਚਿੰਤਾਜਨਕ ਹੈ। ਜਲਵਾਯੂ ਪਰਿਵਰਤਨ ਦੇ ਮੱਦੇਨਜਰ, ਦੁਨੀਆ ਦੇ ਸਾਰੇ ਦੇਸਾਂ ਨੇ ਮਿਲ ਕੇ 2050 ਤੱਕ ਆਪਣੇ ਕਾਰਬਨ ਨਿਕਾਸੀ ਵਿੱਚ 50 ਪ੍ਰਤੀਸਤ ਦੀ ਕਟੌਤੀ ਕਰਨ ਦਾ ਵਾਅਦਾ ਕੀਤਾ ਹੈ।ਪਰ ਤਾਜਾ ਅਧਿਐਨ ਤੋਂ ਇਹ ਸਪੱਸਟ ਹੈ ਕਿ 2050 ਤੱਕ ਭਾਰਤ ਅਤੇ ਚੀਨ ਦੁਨੀਆ ਦੇ ਸਭ ਤੋਂ ਵੱਧ ਕਾਰਬਨ ਨਿਕਾਸੀ ਕਰਨ ਵਾਲੇ ਦੇਸ ਹੋਣਗੇ। ਹਾਲਾਂਕਿ ਅੰਤਰਰਾਸਟਰੀ ਵਾਤਾਵਰਣ ਏਜੰਸੀਆਂ ਦੁਆਰਾ ਕੀਤੇ ਗਏ ਅਧਿਐਨਾਂ ਨੂੰ ਕਈ ਵਾਰ ਸੱਕ ਦੀ ਨਜਰ ਨਾਲ ਦੇਖਿਆ ਜਾਂਦਾ ਹੈ, ਪਰ ਇਹ ਵਿਕਾਸਸੀਲ ਦੇਸਾਂ 'ਤੇ ਦਬਾਅ ਪਾਉਣ ਲਈ ਵੀ ਹੁੰਦੇ ਹਨ।ਪਰ ਭਾਰਤ ਦੇ ਸਬੰਧ ਵਿੱਚ, ਵਾਤਾਵਰਣ ਪ੍ਰਦੂਸਣ ਦੇ ਸਬੰਧ ਵਿੱਚ ਇਹ ਕੋਈ ਬਹੁਤ ਹੈਰਾਨ ਕਰਨ ਵਾਲਾ ਅੰਕੜਾ ਨਹੀਂ ਹੈ। ਇਸ ਬਾਰੇ ਸਮੇਂ-ਸਮੇਂ 'ਤੇ ਅਧਿਐਨ ਆਉਂਦੇ ਰਹਿੰਦੇ ਹਨ ਅਤੇ ਲਗਭਗ ਸਾਰੇ ਹੀ ਇਸ ਦਿਸਾ ਵਿੱਚ ਸੁਧਾਰ ਕਰਨ ਦੀ ਲੋੜ ਨੂੰ ਰੇਖਾਂਕਿਤ ਕਰਦੇ ਰਹੇ ਹਨ। ਜਦੋਂ ਕਿ ਭਾਰਤ ਵਿੱਚ ਸਾਫ ਈਂਧਨ ਅਤੇ ਸੂਰਜੀ ਊਰਜਾ ਵਰਗੇ ਉਪਾਅ ਤੇਜੀ ਨਾਲ ਲਾਗੂ ਕੀਤੇ ਜਾ ਰਹੇ ਹਨ, ਵਾਹਨਾਂ ਅਤੇ ਉਦਯੋਗਿਕ ਇਕਾਈਆਂ ਤੋਂ ਕਾਰਬਨ ਨਿਕਾਸ ਨੂੰ ਕੰਟਰੋਲ ਕਰਨਾ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਦੁਨੀਆ ਭਰ ਵਿੱਚ ਡੂੰਘਾ ਹੋ ਰਿਹਾ ਜਲਵਾਯੂ ਸੰਕਟ ਬਿਨਾਂ ਸੱਕ ਚਿੰਤਾ ਦਾ ਵਿਸਾ ਹੈ, ਜਿਸ ਨੂੰ ਦੂਰ ਕਰਨ ਦੇ ਉਦੇਸ ਨਾਲ ਸਾਰੇ ਦੇਸਾਂ ਨੇ ਮਿਲ ਕੇ ਕਾਰਬਨ ਨਿਕਾਸੀ ਵਿੱਚ ਕਟੌਤੀ ਕਰਨ ਦਾ ਸੰਕਲਪ ਲਿਆ ਹੈ। ਪਰ ਇਹ ਥੋੜਾ ਗੁੰਝਲਦਾਰ ਰਿਹਾ ਹੈ. ਕਾਰਬਨ ਨਿਕਾਸ ਨੂੰ ਘਟਾਉਣ ਦੇ ਉਪਾਅ ਲਾਗੂ ਕਰਨ ਦਾ ਮਤਲਬ ਹੈ ਇੱਥੇ ਬਹੁਤ ਸਾਰੀਆਂ ਉਦਯੋਗਿਕ ਅਤੇ ਵਿਕਾਸ ਗਤੀਵਿਧੀਆਂ ਨੂੰ ਰੋਕਣਾ।ਜਿੰਨੀ ਆਸਾਨੀ ਨਾਲ ਵਿਕਸਿਤ ਦੇਸ ਇਹ ਕੰਮ ਕਰ ਸਕਦੇ ਹਨ, ਵਿਕਾਸਸੀਲ ਦੇਸਾਂ ਲਈ ਇਹ ਓਨਾ ਆਸਾਨ ਨਹੀਂ ਹੈ। ਜੇਕਰ ਭਾਰਤ ਕਾਰਬਨ ਨਿਕਾਸ ਨੂੰ ਘਟਾਉਣ ਲਈ ਤੁਰੰਤ ਕਦਮ ਚੁੱਕਦਾ ਹੈ ਤਾਂ ਇਸਦੀ ਵਿਕਾਸ ਦਰ 'ਤੇ ਸਿੱਧਾ ਅਸਰ ਪਵੇਗਾ। ਇਹੀ ਕਾਰਨ ਹੈ ਕਿ ਅਮਰੀਕਾ ਵਰਗਾ ਵਿਕਸਤ ਦੇਸ ਵੀ ਕਾਰਬਨ ਨਿਕਾਸੀ ਨੂੰ ਘਟਾਉਣ ਦੇ ਉਪਰਾਲੇ ਕਰਨ ਤੋਂ ਪਿੱਛੇ ਹਟ ਰਿਹਾ ਹੈ। ਤਾਜਾ ਅਧਿਐਨ ਵਿੱਚ, ਇਹ ਪਹਿਲਾਂ ਨਾਲੋਂ ਹੇਠਾਂ ਖਿਸਕ ਗਿਆ ਹੈ, ਕਿਉਂਕਿ ਟਰੰਪ ਸਰਕਾਰ ਨੇ ਕਾਰਬਨ ਨਿਕਾਸੀ ਵਿੱਚ ਕਟੌਤੀ ਲਈ ਉਪਾਵਾਂ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ। ਚੀਨ ਅਤੇ ਰੂਸ ਵਿਚ ਵਾਤਾਵਰਣ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ ਕਿਉਂਕਿ ਉਹ ਆਪਣੀਆਂ ਉਦਯੋਗਿਕ ਅਤੇ ਵਿਕਾਸ ਨੀਤੀਆਂ ਵਿਚ ਕੋਈ ਬਦਲਾਅ ਨਹੀਂ ਕਰਨਾ ਚਾਹੁੰਦੇ ਹਨ। ਅਜਿਹੇ ਵਿੱਚ ਭਾਰਤ ਦੀਆਂ ਮੁਸਕਲਾਂ ਲੁਕੀਆਂ ਨਹੀਂ ਹਨ। ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਵਾਤਾਵਰਣ ਪ੍ਰਦੂਸਣ ਕਾਰਨ ਭਾਰਤ ਵਿੱਚ ਮਨੁੱਖੀ ਜੀਵਨ ਨਾਲ ਜੁੜੀਆਂ ਸਮੱਸਿਆਵਾਂ ਬਹੁਤ ਵੱਧ ਗਈਆਂ ਹਨ। ਹਰ ਸਾਲ ਇੱਥੇ ਲੱਖਾਂ ਲੋਕ ਪ੍ਰਦੂਸਣ ਕਾਰਨ ਪੈਦਾ ਹੋਣ ਵਾਲੀਆਂ ਅਜਿਹੀਆਂ ਖਤਰਨਾਕ ਬਿਮਾਰੀਆਂ ਕਾਰਨ ਮਰਦੇ ਹਨ। ਇੱਥੋਂ ਦੇ ਮਹਾਨਗਰਾਂ 'ਚ ਸਰਦੀਆਂ 'ਚ ਲੋਕਾਂ ਨੂੰ ਲੰਬੇ ਸਮੇਂ ਤੱਕ ਸਾਹ ਲੈਣਾ ਮੁਸਕਿਲ ਹੋ ਜਾਂਦਾ ਹੈ। ਪ੍ਰਦੂਸਣ ਦੇ ਕਾਰਨ ਲੁਕੇ ਨਹੀਂ ਹਨ। ਨਾ ਤਾਂ ਫੈਕਟਰੀਆਂ ਪ੍ਰਦੂਸਣ ਸਬੰਧੀ ਨਿਯਮਾਂ ਦੀ ਸਹੀ ਢੰਗ ਨਾਲ ਪਾਲਣਾ ਕਰਦੀਆਂ ਹਨ ਅਤੇ ਨਾ ਹੀ ਜਲ, ਜੰਗਲਾਤ, ਭੂਮੀ ਨਿਗਰਾਨ ਵਿਭਾਗ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਸੰਵੇਦਨਸੀਲ ਹਨ। ਇਸ ਕਾਰਨ ਦਰਿਆ ਗੰਦੇ ਨਾਲਿਆਂ ਵਿੱਚ ਬਦਲ ਗਏ ਹਨ। ਪਹਾੜ ਨੰਗੇ ਹੋ ਰਹੇ ਹਨ, ਜੰਗਲੀ ਖੇਤਰ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਸੜਕਾਂ ਆਪਣੀ ਸਮਰੱਥਾ ਤੋਂ ਕਈ ਗੁਣਾ ਵੱਧ ਵਾਹਨਾਂ ਦਾ ਦਬਾਅ ਝੱਲ ਰਹੀਆਂ ਹਨ। ਜੇਕਰ ਇਨ੍ਹਾਂ ਬੁਨਿਆਦੀ ਗੱਲਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਤਾਂ ਭਾਰਤ ਨੂੰ ਇਸ ਤਰ੍ਹਾਂ ਦੀਆਂ ਵਾਤਾਵਰਣ ਦੀਆਂ ਅਸਫਲਤਾਵਾਂ ਲਈ ਸਰਮਿੰਦਾ ਨਾ ਹੋਣਾ ਪਵੇ।

**ਵਿਜੈ ਗਰਗ ਸੇਵਾ ਮੁਕਤ ਪ੍ਰਿੰਸਪਲ ਮਲੋਟ ਪੰਜਾਬ**

# ਰੱਬ ਜੋ ਕਰਦਾ... ਇੱਕ ਕੌੜੀ ਯਾਦ

ਗੱਲ 1995 ਦੀ ਹੈ। ਮੈਂ ਦਸਵੀਂ ਜਮਾਤ ਦੇ ਸਾਲਾਨਾ ਨਤੀਜੇ ਤੋਂ ਬਾਅਦ ਆਈ.ਟੀ.ਆਈ. ਕਰਨ ( ਉਦਯੋਗਿਕ ਸਿਖਲਾਈ ਲੈਣ ) ਲਈ ਸ਼੍ਰੀ ਅਨੰਦਪੁਰ ਸਾਹਿਬ ਤੋਂ ਚੰਡੀਗੜ੍ਹ ਵਿਖੇ ਸਾਈਕਲ 'ਤੇ ਜਾ ਕੇ ਲਿਖਤੀ ਇਮਤਿਹਾਨ ਦਿੱਤਾ। ਅਗਸਤ ਦਾ ਮਹੀਨਾ ਸੀ। ਡਾਕੀਆ ਨਤੀਜੇ ਵਾਲੀ ਚਿੱਠੀ ਘਰੇ ਪਹੁੰਚਾ ਗਿਆ। ਮੈਂ ਤੀਸਰੇ ਸਥਾਨ 'ਤੇ ਆਇਆ ਸੀ। ਖੁਸ਼ੀ ਬਹੁਤ ਹੋਈ। ਪਿੰਡ ਵਾਲਿਆਂ ਨੇ ਤੇ ਹੋਰਨਾਂ ਨੇ ਵਧਾਈ ਵੀ ਦਿੱਤੀ। ਪਰ ਸਮੱਸਿਆ ਪੈਸੇ ਦੀ ਸੀ। ਮੇਰੇ ਕੋਲ ਆਈ. ਟੀ. ਆਈ. ( ਉਦਯੋਗਿਕ ਸਿਖਲਾਈ ਸੰਸਥਾ ) ਨੰਗਲ ਡੈਮ ਵਿਖੇ ਦਾਖਲਾ ਲੈਣ ਲਈ ਪੈਸੇ ਨਹੀਂ ਸੀ। ਘਰ ਦੇ ਹਾਲਾਤ ਬਦ ਤੋਂ ਬਦਤਰ ਤਾਂ ਪਹਿਲਾਂ ਹੀ ਸੀ। ਹਮੇਸ਼ਾਂ ਰੋਟੀ - ਰਾਗ਼ ਦੇ ਲਾਲੇ ਪਏ ਰਹਿੰਦੇ ਸੀ। ਮੈਂ ਆਪਣੇ ਸਾਰੇ ਜਾਣਕਾਰਾਂ ਕੋਲ ਪੰਜ - ਸੱਤ ਸੌ ਰੁਪਏ ਦਾ ਪ੍ਰਬੰਧ ਕਰਨ ਲਈ ਕਾਫੀ ਹੱਥ ਪੱਲਾ ਮਾਰਿਆ। ਪਰ ਖ਼ੈਰ ਨਹੀਂ ਪਈ। ਆਖ਼ਿ?ਰ ਮੈਂ ਆਪਣੇ ਦਾਖਲੇ ਵਾਲੇ ਦਿਨ ਸਾਈਕਲ ਚੁੱਕ ਕੇ ਆਈ.ਟੀ.ਆਈ. ਨੰਗਲ ਡੈਮ ਵਿਖੇ ਪਹੁੰਚ ਗਿਆ। ਥੋੜ੍ਹੀ ਕਿਣਮਿਣ ਹੋ ਰਹੀ ਸੀ। ਜਲਦੀ ਹੀ ਮੈਂ ਆਪਣੀ ਵਾਰੀ ਆਉਣ ਦਾ ਇੰਤਜ਼ਾਰ ਕਰਨ ਲੱਗ ਪਿਆ। ਛੇਤੀ ਹੀ ਮੇਰੇ ਕਾਗਜ਼ - ਪੱਤਰ ਦੇਖ ਕੇ ਪ੍ਰਬੰਧਕਾਂ ਨੇ ਮੈਨੂੰ 526 ਰੁਪਏ ਦਾਖਲਾ ਫੀਸ ਜਮ੍ਹਾਂ ਕਰਵਾਉਣ ਲਈ ਕਿਹਾ। ਪਰ 526 ਰੁਪਏ ਦਾ ਨਾਂ ਸੁਣ ਕੇ ਮੈਂ ਘਬਰਾ ਗਿਆ। ਮੈਂ ਆਪਣੇ ਕੋਲ ਪੈਸੇ ਨਾ ਹੋਣ ਦੀ ਗੱਲ ਸੰਸਥਾ ਦੇ ਪ੍ਰਬੰਧਕਾਂ / ਪ੍ਰਿੰਸੀਪਲ ਨੂੰ ਦੱਸੀ। ਉਹਨਾਂ ਨੇ ਮੈਨੂੰ ਦੋ ਘੰਟੇ ਦਾ ਸਮਾਂ ਦਿੱਤਾ ਤੇ ਕਿਹਾ ਕਿ ਦੋ ਘੰਟੇ ਵਿੱਚ 526 ਰੁਪਏ ਦਾ ਪ੍ਰਬੰਧ ਕਰ ਲਓ , ਨਹੀਂ ਤਾਂ ਇਹ ਦਾਖਲਾ ਸੀਟ ਨਹੀਂ ਮਿਲਣੀ। ਮੈਂ ਨਿਰਾਸ਼ ਤੇ ਹਤਾਸ਼ ਹੋ ਕੇ ਸਾਈਕਲ ਚੁੱਕਿਆ ਤੇ ਘਰ ਆ ਗਿਆ। ਮੈਂ 526 ਰੁਪਏ ਦਾ ਇੰਤਜਾਮ ਕਿਸੇ ਪਾਸਿਓਂ ਵੀ ਨਾ ਕਰ ਸਕਿਆ। ਉਸ ਦਿਨ ਮੇਰੇ ਨਾਲ਼ ਜੋ ਬੀਤੀ ਮੈਨੂੰ ਪਤਾ। ਕਈ ਦਿਨ ਮਨ ਨੂੰ ਸਦਮਾ ਲੱਗਾ ਰਿਹਾ ਤੇ ਮੈਂ ਸੋਚਦਾ ਰਿਹਾ ਕਿ ਮੇਰੀ ਜ਼ਿ?ਦਗੀ ਦਾ ਭਵਿੱਖ ਕੀ ਹੋਵੇਗਾ ? ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਤੇ ਮੈਂ ਘਰ ਦਾ ਗੁਜ਼ਾਰਾ ਚਲਾਉਣ ਲਈ ਲਗਭਗ 13 - 14 ਸਾਲ ਤੱਕ ਅਤਿਅੰਤ ਕਠਿਨ ਪ੍ਰਸਥਿਤੀਆਂ ਵਿੱਚ ਰਹਿ ਕੇ ਮਿਹਨਤ - ਮਜ਼ਦੂਰੀ ਕੀਤੀ , ਬਹੁਤ ਕੁੱਝ ਏਸ ਦੁਨੀਆ ਤੋਂ ਸਿੱਖਿਆ ਵੀ। ਪਰ ਨਾਲ ਹੀ ਪੜ੍ਹਾਈ ਵੀ ਪ੍ਰਾਈਵੇਟ ਤੌਰ 'ਤੇ ਜਾਰੀ ਰੱਖੀ ਤੇ ਰਾਤ ਨੂੰ ਸਮਾਂ ਲਗਾ ਕੇ ਪੜ੍ਹਾਈ ਕਰਦਾ ਰਿਹਾ ; ਕਿਉਂਕਿ ਦਿਨ ਨੂੰ ਕੰਮ - ਧੰਦੇ 'ਤੇ ਜੋ ਜਾਣਾ ਹੁੰਦਾ ਸੀ। ਇਸ ਦੌਰਾਨ ਮੈਂ ਅੰਦਰੋਂ ਟੁੱਟ ਚੁੱਕਿਆ ਸੀ। ਦੁਨੀਆਂ ਮੇਰੇ 'ਤੇ ਹੱਸ ਰਹੀ ਸੀ। ਕਿਸੇ ਨੇ ਮੇਰੀ ਬਾਂਹ ਨਹੀਂ ਫੜੀ। ਪਰ ਮੈਨੂੰ ਆਪਣੀ ਮਿਹਨਤ ਅਤੇ ਪ੍ਰਮਾਤਮਾ 'ਤੇ ਪੂਰਾ ਭਰੋਸਾ ਸੀ। ਇਸ ਦੌਰਾਨ ਮੈਂ ਚੰਗਾ ਸਾਹਿਤ ਪੜ੍ਹਨ ਨਾਲ ਜੁੜਿਆ , ਕਦੇ ਆਤਮਹੱਤਿਆ ਕਰਨ ਬਾਰੇ ਵੀ ਨਾ ਸੋਚਿਆ ਅਤੇ ਨਾ ਹੀ ਕਿਸੇ ਨਸ਼ੇ ਦੀ ਲੱਤ ਲਗਾਈ। ਸਮਾਂ ਬੀਤਦਾ ਗਿਆ। ਮੈਂ ਆਪਣੀ ਮਿਹਨਤ ਤੇ ਲਗਨ ਨਾਲ ਈ.ਟੀ.ਟੀ. ਟੈਸਟ ਪਾਸ ਕਰ ਲਿਆ। ਮੈਂ ਚੰਗੇ ਤੇ ਪਰਉਪਕਾਰੀ ਇਨਸਾਨਾਂ ਦੀ ਸਹਾਇਤਾ ਨਾਲ ਦੋ ਸਾਲਾ ਈ.ਟੀ.ਟੀ. ਅਧਿਆਪਕ ਕੋਰਸ ਪੂਰਾ ਕਰਕੇ ਸਰਕਾਰੀ ਅਧਿਆਪਕ ਦੇ ਅਹੁਦੇ 'ਤੇ ਪਹੁੰਚ ਗਿਆ । ਅੱਜ ਪਰਮਾਤਮਾ ਦੀ ਮਿਹਰ ਸਦਕਾ ਮੇਰੀ ਧਰਮ ਪਤਨੀ ਵੀ ਸਰਕਾਰੀ ਅਧਿਆਪਕਾ ਦੇ ਅਹੁਦੇ 'ਤੇ ਹੈ। ਮੈਂ ਅੱਜ ਸੰਨ 1995 ਦੇ ਅਗਸਤ ਮਹੀਨੇ , 526 ਰੁਪਏ , ਕਿਣਮਿਣ ਹੋ ਰਹੀ ਬਾਰਸ਼ , ਆਪਣੇ ਸਾਈਕਲ ਤੇ ਆਪਣੇ ਉਸ ਹਾਲਾਤ ਨੂੰ ਯਾਦ ਕਰਕੇ ਸੋਚਦਾ ਹਾਂ ਕਿ ਪਰਮਾਤਮਾ ਜੋ ਕਰਦਾ ਹੈ , ਸਾਡੇ ਫ਼ਾਇਦੇ ਲਈ ਸਹੀ ਹੀ ਕਰਦਾ ਹੈ। ਭਾਵੇਂ ਕਿ ਸਾਨੂੰ ਇਸ ਬਾਰੇ ਕਾਫੀ ਅਰਸੇ ਬਾਅਦ ਹੀ ਮਹਿਸੂਸ ਹੁੰਦਾ ਹੈ। ਜੇਕਰ ਮੈਨੂੰ ਉਸ ਸਮੇਂ ਆਈ.ਟੀ.ਆਈ. ਵਿੱਚ ਦਾਖਲਾ ਮਿਲ ਜਾਂਦਾ ਤਾਂ ਸ਼ਾਇਦ ਮੈਂ ਅੱਜ ਅਧਿਆਪਨ ਦੇ ਇਸ ਮਹਾਨ , ਪਵਿੱਤਰ ਤੇ ਪਰਉਪਕਾਰੀ ਕਿੱਤੇ ਨਾਲ ਕਦੇ ਨਾ ਜੁੜ ਪਾਉਂਦਾ ਤੇ ਸ਼ਾਇਦ ਲੇਖਕ ਵੀ ਨਾ ਬਣਦਾ।

**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**9478561356**

# ਅਮੀਰਾਂ ਦੀ ਹੋਲੀ ਤੇ ਗਰੀਬਾਂ ਦੀ ਹੋਲੀ

ਇੱਕ ਵਾਰ ਦੀ ਗੱਲ ਹੈ। ਇੱਕ ਪਿੰਡ ਵਿੱਚ ਕੁਝ ਗ਼ਰੀਬ ਲੋਕਾਂ ਦੇ ਘਰ ਸਨ ਅਤੇ ਕੁਝ ਅਮੀਰ ਲੋਕਾਂ ਦੇ ਘਰ ਸਨ। ਉਸੇ ਪਿੰਡ ਵਿੱਚ ਇੱਕ ਹਰਦੀਪ ਨਾਂ ਦਾ ਮੁੰਡਾ ਰਹਿੰਦਾ ਸੀ। ਉਹ ਇੱਕ ਅਮੀਰ ਸੇਠ ਦਾ ਲੜਕਾ ਸੀ ।ਇੱਕ ਵਾਰ ਹੋਲੀ ਦਾ ਦਿਨ ਸੀ। ਉਸ ਹੋਲੀ ਵਿੱਚ ਅਮੀਰ ਲੋਕ ਮਹਿੰਗੇ - ਮਹਿੰਗੇ ਰੰਗਾਂ , ਚਾਈਨਾ ਰੰਗਾਂ ਅਤੇ ਵਧੀਆ ਰੰਗ - ਬਿਰੰਗੀਆਂ ਪਿਚਕਾਰੀਆਂ ਲੈ ਕੇ ਹੋਲੀ ਖੇਡਣ ਲੱਗੇ। ਹਰਦੀਪ ਵੀ ਆਪਣੇ ਪਰਿਵਾਰ ਨਾਲ ਹੋਲੀ ਖੇਡਣ ਲੱਗਾ। ਉਸ ਪਿੰਡ ਦੇ ਗਰੀਬ ਬੱਚਿਆਂ ਨੇ ਆਪਣੀਆਂ ਮਾਤਾਵਾਂ ਕੋਲ਼ ਬੇਨਤੀ ਕੀਤੀ ਕਿ ਅਸੀਂ ਵੀ ਹੋਲੀ ਖੇਡਣੀ ਹੈ। ਪਰ ਸਮੱਸਿਆ ਇਹ ਸੀ ਕਿ ਉਨ੍ਹਾਂ ਕੋਲ ਅਮੀਰ ਲੋਕਾਂ ਵਾਂਗੂ ਵਧੀਆ ਰੰਗ ਤੇ ਵਧੀਆ ਪਿਚਕਾਰੀਆਂ ਨਹੀਂ ਸਨ। ਗਰੀਬ ਲੋਕਾਂ ਨੇ ਬਾਂਸ ਦੇ ਦਰੱਖਤ ਤੋਂ ਪਿਚਕਾਰੀਆਂ ਬਣਾ ਲਈਆਂ ਅਤੇ ਫੁੱਲਾਂ , ਹਲਦੀ , ਲੱਕੜ ਦੇ ਬੂਰੇ ਤੋਂ ਰੰਗ ਆਦਿ ਬਣਾ ਲਏ ਅਤੇ ਉਨ੍ਹਾਂ ਨੇ ਵੀ ਖੁਸ਼ੀ - ਖੁਸ਼ੀ ਹੋਲੀ ਦਾ ਤਿਉਹਾਰ ਮਨਾਇਆ। ਹਰਦੀਪ ਦੇ ਪਿਤਾ ਜੀ ਨੂੰ ਹੋਲੀ ਖੇਡਦੇ ਸਮੇਂ ਯਾਦ ਆਇਆ ਕਿ ਅੱਜ ਉਨ੍ਹਾਂ ਨੇ ਆਪਣੀ ਕੰਪਨੀ ਦੇ ਲਈ ਦੱਸ ਲੱਖ ਰੁਪਏ ਦਾ ਕੰਟਰੈਕਟ ਲੈਣ ਜਾਣਾ ਸੀ । ਪਰ ਹਰਦੀਪ ਦੇ ਪਿਤਾ ਜੀ ਕੋਲ ਉਸ ਮੀਟਿੰਗ ਵਿੱਚ ਜਾਣ ਲਈ ਹੋਰ ਸਾਫ ਕੱਪੜੇ ਨਹੀਂ ਸਨ ; ਕਿਉਂਕਿ ਉਸ ਦੇ ਕੱਪੜੇ ਰੰਗਾਂ ਨਾਲ ਰੰਗ ਗਏ ਹੋਏ ਸਨ। ਇਹ ਦੇਖ - ਸਮਝ ਕੇ ਬੱਚਿਆਂ ਨੇ ਹਰਦੀਪ ਦੇ ਪਿਤਾ ਦੇ ਕੱਪੜਿਆਂ ਨੂੰ ਜਲਦੀ ਹੀ ਪਾਣੀ ਨਾਲ ਧੋ ਦਿੱਤਾ। ਹਰਦੀਪ ਦੇ ਪਿਤਾ ਦੇ ਕੱਪੜਿਆਂ ਵਿੱਚੋਂ ਰੰਗ ਨਿਕਲ ਗਿਆ। ਪਰ ਹਰਦੀਪ ਦੇ ਪਿਤਾ ਜੀ ਹੈਰਾਨ ਹੋਏ ਕਿ ਉਹਨਾਂ ਨੇ ਤਾਂ ਹੋਲੀ ਖੇਡਣ ਸਮੇਂ ਮਹਿੰਗੇ ਰੰਗਾਂ ਦੀ ਵਰਤੋਂ ਕੀਤੀ ਸੀ। ਜੋ ਕਿ ਕਈ ਦਿਨ ਤੱਕ ਨਹੀਂ ਸਨ ਉਤਰਦੇ। ਤਦ ਸਾਰੇ ਬੱਚਿਆਂ ਨੇ ਇਕੱਠੇ ਹੋ ਗਏ ਹਰਦੀਪ ਦੇ ਪਿਤਾ ਜੀ ਨੂੰ ਦੱਸਿਆ ਕਿ ਅਸੀਂ ਜੋ ਫੁੱਲਾਂ , ਲੱਕੜ ਦੇ ਬੁਰਾਦੇ ਅਤੇ ਹੋਰ ਘਰੇਲੂ ਵਸਤਾਂ ਨਾਲ ਰੰਗ ਬਣਾਏ ਸਨ , ਤੁਹਾਨੂੰ ਵੀ ਬਿਨਾਂ ਦੱਸੇ ਉਹੀ ਰੰਗ ਹੋਲੀ ਖੇਡਣ ਲਈ ਦੇ ਦਿੱਤੇ ਸਨ। ਜੋ ਕਿ ਕੱਪੜੇ ਧੋਣ ਨਾਲ ਤੁਰੰਤ ਹੀ ਨਿਕਲ ਗਏ ਅਤੇ ਤੁਹਾਡੇ ਕੱਪੜੇ ਜਲਦੀ ਸਾਫ਼ ਹੋ ਗਏ। ਹਰਦੀਪ ਦੇ ਪਿਤਾ ਜੀ ਖੁਸ਼ ਸਨ। ਉਹ ਜਲਦੀ - ਜਲਦੀ ਕੰਪਨੀ ਲਈ ਦੱਸ ਲੱਖ ਰੁਪਏ ਕੰਟਰੈਕਟ ਲੈਣ ਲਈ ਚਲੇ ਗਏ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਦੱਸ ਲੱਖ ਦਾ ਕੰਟਰੈਕਟ ਮਿਲ ਗਿਆ। ਹਰਦੀਪ ਦੇ ਪਿਤਾ ਜੀ ਬਹੁਤ ਖੁਸ ਸਨ। ਉਨ੍ਹਾਂ ਨੇ ਖ਼ੁਸ਼ ਹੋ ਕੇ ਗਰੀਬ ਲੋਕਾਂ ਦੇ ਨਵੇਂ ਮਕਾਨ ਬਣਾ ਦਿੱਤੇ ਤੇ ਉਨ੍ਹਾਂ ਲਈ ਪੈਸਿਆਂ ਦਾ ਵੀ ਪ੍ਰਬੰਧ ਕੀਤਾ ।ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਹੋਲੀ ਦਾ ਤਿਉਹਾਰ ਘਰ ਬਣਾਏ ਹੋਏ ਰੰਗਾਂ , ਫੁੱਲਾਂ ਆਦਿ ਨਾਲ ਖੇਡ ਕੇ ਮਨਾਉਣਾ ਚਾਹੀਦਾ ਹੈ। ਸਾਨੂੰ ਗਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।

**ਅਦਿੱਤਿਆਪ੍ਰੀਤ ਸਿੰਘ ,**
**ਸ੍ਰੀ ਅਨੰਦਪੁਰ ਸਾਹਿਬ, ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ**



# ਪ੍ਰੋ. ਅਜਮੇਰ ਔਲਖ ਨੂੰ ਯਾਦ ਕਰਦਿਆਂ

**ਜਨਮ ਤੇ ਪਰਿਵਾਰ:-**

ਨਾਟਕਕਾਰ ਅਜਮੇਰ ਔਲਖ਼ ਦਾ ਜਨਮ 19 ਅਗਸਤ ਸੰਨ 1942 ਈਸਵੀ ਨੂੰ ਪਿੰਡ ਕੁੰਭੜਵਾਲ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ।ਪ੍ਰੋ. ਔਲਖ ਦੇ ਪਿਤਾ ਦਾ ਨਾਂ ਸ. ਕੌਰ ਸਿੰਘ ਤੇ ਮਾਤਾ ਦਾ ਨਾਂ ਸ੍ਰੀਮਤੀ ਹਰਨਾਮ ਕੌਰ ਸੀ।1944-45 ਦੇ ਆਸ-ਪਾਸ ਸਾਰਾ ਔਲਖ਼ ਪਰਿਵਾਰ ਪਿੰਡ ਕੁੰਭੜਵਾਲ ਛੱਡ ਕੇ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਵਿਖੇ ਆ ਵਸਿਆ। ਪ੍ਰੋ. ਅਜਮੇਰ ਔਲਖ ਦਾ ਵਿਆਹ ਮਨਜੀਤ ਕੌਰ ਨਾਲ ਹੋਇਆ। ਜੋ ਕਿ ਕਿੱਤੇ ਪੱਖੋਂ ਅਧਿਆਪਕਾ ਸਨ। ਉਨ੍ਹਾਂ ਦੇ ਘਰ ਸੁਪਨਦੀਪ ਕੌਰ, ਸੁਹਜਪ੍ਰੀਤ ਕੌਰ ਅਤੇ ਅਮਨਜੀਤ ਕੌਰ, ਤਿੰਨ ਲੜਕੀਆਂ ਪੈਦਾ ਹੋਈਆਂ।

**ਪੜ੍ਹਾਈ ਤੇ ਨੌਕਰੀ:-**

ਪ੍ਰੋ. ਔਲਖ਼ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਦੇ ਪ੍ਰਾਇਮਰੀ ਸਕੂਲ ਤੋਂ ਸੰਨ 1952 ਵਿੱਚ ਕੀਤੀ। ਦਸਵੀਂ ਦੀ ਪੜ੍ਹਾਈ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਤੋਂ 5-6 ਕਿਲੋਮੀਟਰ ਦੂਰ ਕਸਬਾ ਭੀਖੀ ਤੋਂ ਕਰਨ ਉਪਰੰਤ ਚਿੱਠੀ ਪੱਤਰ ਰਾਹੀਂ ਬੀ.ਏ. ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ.ਏ ਦੀ ਪੜ੍ਹਾਈ ਕੀਤੀ।ਪ੍ਰੋ. ਅਜਮੇਰ ਔਲਖ਼ ਨੇ 28 ਅਗਸਤ 1965 ਤੋਂ ਸੰਨ 2000 ਤੱਕ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿੱਚ ਪੰਜਾਬੀ ਲੈਕਚਰਾਰ ਦੀ ਨੌਕਰੀ ਕੀਤੀ।ਉਥੇ ਹੀ ਪ੍ਰੋ. ਔਲਖ ਨਾਟਕਕਾਰ, ਪ੍ਰੋਡਿਊਸਰ, ਡਾਇਰੈਕਟਰ ਤੇ ਅਦਾਕਾਰ ਬਣਿਆ ਅਤੇ ਆਪਣੀ ਪਤਨੀ ਮਨਜੀਤ ਕੌਰ ਤੇ ਤਿੰਨੇ ਧੀਆਂ ਨੂੰ ਵੀ ਅਦਾਕਾਰ ਬਣਾਇਆ। ਪ੍ਰੋ. ਔਲਖ ਨੇ ਇੱਥੇ ਰਹਿੰਦਿਆਂ ਹੀ 1976 ਵਿੱਚ ਲੋਕ ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ।

**ਸਾਹਿਤਕ ਸਫਰ:-**

ਪ੍ਰੋ. ਔਲਖ ਆਪਣੀ ਸਾਹਿਤਕ ਸਵੈਜੀਵਨੀ 'ਮੇਰੀ ਨਾਟ-ਯਾਤਰਾ' ਵਿਚ ਲਿਖਦਾ ਹੈ ਕਿ ਜਦ ਮੈਂ ਬਚਪਨ ਤੋਂ ਲੈ ਕੇ ਆਪਣੇ ਨਾਟਕਕਾਰ ਬਣਨ ਤਕ ਦੇ ਸਾਹਿਤਕ ਸਫਰ ਉਤੇ ਝਾਤ ਮਾਰਦਾ ਹਾਂ ਤਾਂ ਨਾਟਕ ਲਿਖਣ ਵੱਲ ਰੁਚਿਤ ਹੋਣ ਦਾ ਵਰਤਾਰਾ ਮੈਨੂੰ 'ਮਹਿਜ ਇਕ ਇਤਫਾਕ' ਤੋਂ ਬਿਨਾਂ ਹੋਰ ਕੁਝ ਨਜਰ ਨਹੀਂ ਆਉਂਦਾ।ਆਪਣੀ ਉਮਰ ਦੇ 27-28 ਵਰ੍ਹਿਆਂ ਤਕ ਮੈਨੂੰ ਆਪਣੇ ਆਪ ਨੂੰ ਵੀ ਨਹੀਂ ਸੀ ਪਤਾ ਕਿ ਮੈਂ ਕਦੇ ਨਾਟਕ ਵੀ ਲਿਖਾਂਗਾ ਤੇ ਪੰਜਾਬੀ ਸਾਹਿਤ-ਜਗਤ ਵਿਚ ਮੇਰੀ ਪਛਾਣ 'ਇੱਕ ਨਾਟਕਕਾਰ' ਦੇ ਰੂਪ ਵਿਚ ਹੋਵੇਗੀ। ਮੈਂ ਪਹਿਲਾਂ ਕਵਿਤਾ/ਗੀਤ ਲਿਖਣੇ ਸੁਰੂ ਕੀਤੇ ਸਨ। ਜਦ ਮੈ ਗੁਰਮੁਖੀ ਅੱਖਰ ਜੋੜਨ ਦੇ ਯੋਗ ਹੋ ਗਿਆ ਤਾਂ ਸਬਦਾਂ ਨੂੰ ਗੁਣ-ਗੁਣਾਉਂਦਿਆਂ ਕਾਗਜਾਂ ਉਤੇ ਉਤਾਰਨ ਲੱਗ ਪਿਆ। ਮੈਂ ਆਪਣੀ ਪਹਿਲੀ ਸਾਹਿਤਕ ਰਚਨਾ ਕਦੋਂ ਤੇ ਕਿੰਨੀ ਉਮਰ ਵਿਚ ਕੀਤੀ ਇਸ ਬਾਰੇ ਮੈਨੂੰ ਕੁਝ ਪੱਕਾ ਯਾਦ ਨਹੀਂ। ਜਿਥੋਂ ਤਕ ਮੈਨੂੰ ਯਾਦ ਹੈ, ਮੈਂ ਐਨੀ ਕੁ ਗੱਲ ਪੱਕੇ ਵਿਸਵਾਸ ਨਾਲ ਕਹਿ ਸਕਦਾ ਹਾਂ ਕਿ ਮੈਂ 8-10 ਸਾਲ ਦੀ ਉਮਰ ਵਿਚ ਕੁਝ ਨਾ ਕੁਝ ਤੁਕਬੰਦੀ ਕਰ ਕੇ ਉਸ ਨੂੰ ਗਾਉਣ ਲੱਗ ਪਿਆ ਸੀ...। ਜਿਵੇਂ ਅਸੀਂ ਪ੍ਰੋ.ਅਜਮੇਰ ਔਲਖ਼ ਦੇ ਸਵੈ ਕਥਨ ਤੋਂ ਜਾਣਿਆ ਕਿ ਉਹਨਾਂ ਦੇ ਸਾਹਿਤਕ ਸਫਰ ਦੀ ਸੁਰੂਆਤ ਕਵਿਤਾ ਤੇ ਗੀਤ ਸਾਹਿਤ ਰੂਪਾਂ ਨਾਲ ਹੋਈ ਸੀ। ਇਸ ਤੋਂ ਇਲਾਵਾ ਉਹਨਾਂ ਦਾ ਦਸਵੀਂ ਦੇ ਇਮਤਿਹਾਨ ਤੋਂ ਬਾਅਦ ਇੱਕ ਨਾਵਲ 'ਜਗੀਰਦਾਰ' ਲਿਖਣ ਦਾ ਵੇਰਵਾ ਵੀ ਮਿਲਦਾ ਹੈ।ਕਵਿਤਾ,ਗੀਤ,ਨਾਵਲ ਤੋਂ ਬਿਨਾਂ ਕਹਾਣੀ ਸਾਹਿਤ ਰੂਪ ਤੇ ਵੀ ਉਹਨਾਂ ਨੇ ਆਪਣੀ ਕਲਮ ਅਜਮਾਈ ਸੀ। ਕਾਲਜ ਵਿੱਚ ਸੱਭਿਆਚਾਰਕ ਸਰਗ਼ਰਮੀਆਂ ਦਾ ਮੁਖੀ ਬਣਾਏ ਜਾਣ ਤੋਂ ਬਾਅਦ ਸੰਨ 1960-70 ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਨਾਟਕਾਂ ਦੀ ਤਿਆਰੀ ਕਰਵਾਉਂਦਿਆਂ-ਕਰਵਾਉਂਦਿਆਂ ਪ੍ਰੋ. ਔਲਖ ਦਾ ਰੁਝਾਨ ਨਾਟਕ ਲਿਖਣ 'ਤੇ ਕਰਵਾਉਣ ਵੱਲ ਹੀ ਹੋ ਗਿਆ। ਉਹ ਸਾਰੀ ਜ਼ਿੰਦਗੀ ਆਪਣੇ ਸਾਹਿਤਕ ਸਫਰ ਵਿੱਚ ਇੱਕ ਵਗਦੇ ਦਰਿਆ ਵਾਂਗ ਵਗਦੇ ਰਹੇ। ਉਹਨਾਂ ਦੇ ਪੂਰੇ ਨਾਟਕਾਂ ਦਾ ਵੇਰਵਾ:- ਸੱਤ ਬਿਗਾਨੇ, ਕਿਹਰ ਸਿੰਘ ਦੀ ਮੌਤ, ਇੱਕ ਸੀ ਦਰਿਆ, ਸਲਵਾਨ, ਝਨਾਂ ਦੇ ਪਾਣੀ, ਨਿੱਕੇ ਸੂਰਜਾਂ ਦੀ ਲੜਾਈ, ਭੱਜੀਆਂ ਬਾਹਾਂ ਤੇ ਨਿਉਂ ਜੜ੍ਹ।

ਇਕਾਂਗੀ ਨਾਟਕਾਂ ਦਾ ਵੇਰਵਾ:- ਬਾਲ ਨਾਥ ਦੇ ਟਿੱਲੇ 'ਤੇ, ਮਿਰਜੇ ਦੀ ਮੌਤ, ਤੂੜੀ ਵਾਲਾ ਕੋਠਾ, ਜਦੋਂ ਬੋਹਲ ਰੋਂਦੇ ਹਨ, ਅੰਨ੍ਹੇ ਨਿਸਾਨਚੀ, ਸਿੱਧਾ ਰਾਹ ਵਿੰਗਾ ਰਾਹ, ਢਾਂਡਾ, ਐਸੇ ਰਚਿਉ ਖਾਲਸਾ, ਆਪਣਾ-ਆਪਣਾ ਹਿੱਸਾ, ਇਸਕ ਬਾਝ ਨਮਾਜ ਦਾ ਹੱਜ ਨਾਹੀਂ, ਹਰਿਉ ਬੂਟ, ਅੰਨ੍ਹੇਰ-ਕੋਠੜੀ ਤੇ ਹਾਏ ਨੀ ਮਨਮੀਤ ਕੁਰੇ।

ਲਘੂ ਨਾਟਕਾਂ ਦਾ ਵੇਰਵਾ:- ਅਰਬਦ ਨਰਬਦ ਧੁੰਦੂਕਾਰਾ, ਬਿਗਾਨੇ ਬੋਹੜ ਦੀ ਛਾਂ, ਸੁੱਕੀ ਕੁੱਖ, ਇੱਕ ਰਮਾਇਣ ਹੋਰ, ਭੱਠ ਖੇੜਿਆਂ ਦਾ ਰਹਿਣਾ, ਗਾਨੀ, ਤੇੜਾਂ, ਲੋਹੇ ਦਾ ਪੁੱਤ, ਐਇੰ ਨੀ ਹੁਣ ਸਰਨਾ, ਉਂਈ-ਮੂੰਈਂ ਦਾ ਕੁਸ ਨੀ ਹੁੰਦਾ, ਕਉਲੇ ਉੱਤੇ ਰੱਖਿਆ ਕੌਲਾ, ਚੱਲ ਵੀਰਨਾ ਵੇ ਉਥੇ ਚੱਲੀਏ, ਬੰਦ ਬੂਹਿਆਂ ਵਾਲੀ ਹਵੇਲੀ ਤੇ ਪੱਪੂ ਦੀ ਪੈਂਟ ਆਦਿ।

ਪ੍ਰੋ. ਔਲਖ ਨੇ ਅਜਿਹੇ ਅਨੇਕਾਂ ਹੀ ਖ਼ੂਬਸੂਰਤ ਪੂਰੇ ਨਾਟਕ/ਇਕਾਂਗੀ ਨਾਟਕ/ਲਘੂ ਨਾਟਕ ਲਿਖੇ ਅਤੇ ਬਹੁਤ ਹੀ ਸਫ਼ਲਤਾ ਨਾਲ ਉਨ੍ਹਾਂ ਦਾ ਮੰਚਨ ਵੀ ਕੀਤਾ।ਇਸ ਤੋਂ ਇਲਾਵਾ ਪ੍ਰੋ. ਔਲਖ ਨੇ ਹੋਰਨਾਂ ਲੇਖਕਾਂ ਦੀਆਂ ਕੁਝ ਕਹਾਣੀਆਂ ਤੇ ਨਾਵਲਾਂ ਨੂੰ ਵੀ ਨਾਟਕੀ ਰੂਪ ਵੀ ਦਿੱਤਾ ਸੀ। ਆਪਣੇ ਸਾਹਿਤਕ ਸਫਰ ਵਿੱਚ ਉਹਨਾਂ ਨੇ ਆਪਣੀ ਸਵੈਜੀਵਨੀ ਦਾ ਨਾਂ 'ਨੰਗਾ ਢਿੱਡ' ਵੀ ਚਿਤਵਿਆ ਸੀ ਜਿਸ ਦੇ ਕੁਝ ਕੁ ਕਾਂਡ ਲਿਖੇ ਗਏ ਸੀ ਜੋ ਕਿ ਜੀਵਨ ਯਾਦਾਂ ਦੀ ਪੁਸਤਕ 'ਭੁੰਨੀ ਹੋਈ ਛੱਲੀ' ਵਿਚ ਛਪੇ ਹਨ।

ਵੱਖ-ਵੱਖ ਵਿਦਵਾਨਾਂ ਦੇ ਪ੍ਰੋ. ਔਲਖ ਤੇ ਉਸਦੀ ਨਾਟ ਕਲਾ ਬਾਰੇ ਵਿਚਾਰ:-

ਪ੍ਰੋਫੈਸਰ ਗੁਰਦਿਆਲ ਸਿੰਘ:- 'ਹੁਣ ਤੱਕ ਔਲਖ ਨੇ ਜਿੰਨੇ ਵੀ ਨਾਟਕ ਲਿਖੇ ਹਨ ਉਨ੍ਹਾਂ ਦੀ ਤਿੱਖੀ ਤੇ ਪ੍ਰਭਾਵਸ਼ਾਲੀ ਹੋਣ ਦਾ ਮੂਲ ਕਾਰਨ ਉਹਦੇ ਜੀਵਨ ਅਨੁਭਵ ਦੀ ਪ੍ਰਪੱਕਤਾ ਹੈ ਤੇ ਉਹਨੇ ਹੌਲੀ-ਹੌਲੀ ਨਾਟਕਕਾਰ ਦੇ ਤੌਰ ਤੇ ਆਪਣੀ ਵੱਖਰੀ ਥਾਂ ਬਣਾ ਲਈ ਹੈ।

ਭਾਅ ਜੀ ਗੁਰਸ਼ਰਨ ਸਿੰਘ:- 'ਬਿਗਾਨੇ ਬੋਹੜ ਦੀ ਛਾਂ' ਔਲਖ ਦਾ ਸਾਰਿਆਂ ਨਾਟਕਾਂ ਨਾਲੋਂ ਮਕਬੂਲ ਨਾਟਕ ਹੈ ਪਰ ਮੇਰੀ ਨਜ਼ਰ ਵਿੱਚ 'ਬਹਿਕਦਾ ਰੋਹ' ਉਸਦੀ ਸ਼ਾਹਕਾਰ ਰਚਨਾ ਹੈ।

ਰੰਗਕਰਮੀ ਸਾਹਿਬ ਸਿੰਘ:-ਅਜਮੇਰ ਔਲਖ ਸਮਾਜ ਅੰਦਰ ਵਾਪਰ ਰਹੇ ਕਿਸੇ ਅਣਮਨੁੱਖੀ ਵਰਤਾਰੇ ਨੂੰ ਪਹਿਲਾਂ ਆਪਣੇ ਤਜਰਬੇ 'ਚੋਂ ਨਿਕਲੀ ਕਿਸੇ ਘਟਨਾ ਜਾਂ ਪਾਤਰ ਨਾਲ ਜੋੜਦਾ, ਫਿਰ ਇਸ ਨੂੰ ਨਵਿਆਉਂਦਾ ਤੇ ਫੇਰ ਸਮੇਂ ਦਾ ਹਾਣੀ ਬਣਾ ਕੇ ਪੇਸ ਕਰਦਾ।"ਝਨਾਂ ਦੇ ਪਾਣੀ", " ਸੱਤ ਬਿਗਾਨੇ", ਬਿਗਾਨੇ ਬੋਹੜ ਦੀ ਛਾਂ" ਆਦਿ ਨਾਟਕ ਇਸ ਦੀ ਪ੍ਰਤੱਖ ਉਦਾਹਰਨ ਹਨ।

ਲੇਖਕ ਗੁਰਬਚਨ ਸਿੰਘ ਭੁੱਲਰ:- ਅਜਮੇਰ ਸਿੰਘ ਔਲਖ ਸਬਦ ਦੇ ਸਹੀ ਅਰਥਾਂ ਵਿੱਚ ਸੂਰਮਾ ਸੀ। ਜਿੰਨੀ ਸੂਰਬੀਰਤਾ ਨਾਲ ਉਹ ਪੂੰਜੀਵਾਦੀ ਅਰਥ-ਵਿਵਸਥਾ ਦੇ ਝੰਬੇ ਹੋਏ ਮਜਦੂਰਾਂ ਤੇ ਕਿਸਾਨਾਂ ਦੀ ਪੀੜ ਹਰਨ ਵਾਸਤੇ ਆਪਣੇ ਨਾਟਕਾਂ ਰਾਹੀਂ ਮੰਚ ਉੱਤੇ ਲੜਿਆ, ਓਨੀ ਹੀ ਸੂਰਬੀਰਤਾ ਨਾਲ ਉਹ ਬੇਹੱਦ ਚੰਦਰੇ ਰੋਗ ਦੇ ਝੰਬੇ ਹੋਏ ਸਰੀਰ ਦੀ ਪੀੜ ਹਰਨ ਵਾਸਤੇ ਆਪਣੇ ਅਡੋਲ ਹੌਸਲੇ ਨਾਲ ਹਸਪਤਾਲੀ ਕਮਰਿਆਂ ਵਿੱਚ ਲੜਿਆ।

ਸਾਇਰ ਡਾ. ਸੁਰਜੀਤ ਪਾਤਰ:- ਭਾਅ ਜੀ ਗੁਰਸਰਨ ਸਿੰਘ ਦੀ ਸੂਹੀ ਲਾਟ ਦੇ ਵਾਰਸ, ਪਿੰਡਾਂ ਦੇ ਲੋਕਾਂ ਦੇ ਦਿਲਾਂ ਦਾ ਦਰਦ ਪਛਾਨਣ ਵਾਲੇ ਅਜਮੇਰ ਸਿੰਘ ਔਲਖ ਹੀ ਸਨ। ਮੈਂ ਕਦੀ ਲਿਖਿਆ ਸੀ ਕਿ-

"ਏਸ ਤਪਦੇ ਥਲ ਵਿੱਚ, ਦੂਸਰਾ ਕਿਹੜਾ ਖਲੋਵੇਗਾ।
ਏਸੇ ਹੀ ਥਲ 'ਚੋਂ ਉੱਗਿਆ ਕੋਈ ਰੁੱਖ ਹੋਵੇਗਾ"।

ਸੋ, ਏਸ ਲਈ ਔਲਖ ਇਸ ਧਰਤੀ 'ਚੋਂ ਉੱਗਿਆ ਰੁੱਖ, ਜਿਸਨੇ ਉਹ ਦੁੱਖ ਦੇਖੇ, ਉਹ ਪੀੜਾਂ ਦੇਖੀਆਂ।

ਪ੍ਰੋ. ਔਲਖ ਆਪਣੇ ਨਾਟਕਾਂ ਬਾਰੇ ਕਹਿੰਦਾ ਹੁੰਦਾ ਸੀ- ਮੇਰੇ ਨਾਟਕਾਂ ਵਿੱਚ ਮੇਰੇ ਆਪਣੇ ਹੀ ਰੰਗਮੰਚ ਉਤੇ ਪੇਸ਼ ਹੁੰਦੇ ਦਿਸਦੇ ਹਨ।ਉਹ ਲੜਦੇ-ਝਗੜਦੇ ਹਨ, ਰੋਂਦੇ-ਕਰਲਾਉਂਦੇ ਹਨ, ਰੁਸਦੇ-ਮੰਨਦੇ ਹਨ ਤੇ ਲੁੱਟੇ-ਖੋਹੇ ਜਾਂਦੇ ਮਰਦੇ-ਖਪਦੇ ਹਨ। ਮੈਂ ਆਪਣੇ ਨਾਟਕਾਂ ਵਿਚ ਆਪਣਿਆਂ ਦਾ ਹੀ ਢਿੱਡ ਨੰਗਾ ਕੀਤਾ ਹੈ।

**ਮਾਣ ਸਨਮਾਨ:-**

ਪੰਜਾਬੀ ਸਾਹਿਤ ਅਕਾਦਮੀ ਦੁਆਰਾ 'ਅਰਬਦ ਨਰਬਦ ਧੁੰਦੂਕਾਰਾ' ਨੂੰ 1981 ਵਿੱਚ ਬਿਹਤਰੀਨ ਇਕਾਂਗੀ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 'ਅੰਨ੍ਹੇ ਨਿਸਾਨਚੀ' ਨੂੰ 1983 ਵਿੱਚ ਈਸਵਰ ਚੰਦਰ ਪੁਰਸਕਾਰ, ਇੰਟਰਨੈਸਨਲ ਐਸੋਸੀਏਸਨ ਆਫ ਪੰਜਾਬੀ ਆਰਟਿਸਟਸ ਵੱਲੋਂ 1991 ਵਿੱਚ ਬਿਹਤਰੀਨ ਸਾਹਿਤਕਾਰ ਦਾ ਸਨਮਾਨ,ਪੰਜਾਬੀ ਸਾਹਿਤ ਅਕਾਦਮੀ ਵੱਲੋਂ 1996 ਕਰਤਾਰ ਸਿੰਘ ਧਾਲੀਵਾਲ ਇਨਾਮ,ਫ਼ੁੱਲ ਮੈਮੋਰੀਅਲ ਟਰੱਸਟ ਵੱਲੋਂ 1997 ਵਿੱਚ ਗੁਰਦਿਆਲ ਸਿੰਘ ਫੁੱਲ ਇਨਾਮ, ਲੋਕ ਸੱਭਿਆਚਾਰਿਕ ਵਿਕਾਸ ਮੰਚ ਜੈਤੋ ਵੱਲੋਂ 1999 ਪੰਜਾਬੀ ਰੰਗਮੰਚ ਸੇਵਾ ਸਨਮਾਨ,ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਵੱਲੋਂ 1999 ਪੰਜਾਬੀ ਬੋਲੀ ਸੇਵਾ ਇਨਾਮ,ਪੰਜਾਬੀ ਕਲਾ ਕੇਂਦਰ ਬੰਬਈ ਚੰਡੀਗੜ੍ਹ ਵੱਲੋਂ 2000 ਬਲਰਾਜ ਸਾਹਨੀ ਯਾਦਗਾਰੀ ਇਨਾਮ,ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 2000 ਵਿੱਚ ਜੀਵਨ ਗੌਰਵ ਸਨਮਾਨ, ਸੰਨ 2000 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਨਾਟਕਕਾਰ ਦਾ ਪੁਰਸਕਾਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤਾ ਗਿਆ।

ਸੰਨ 2003 ਵਿੱਚ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਵੱਲੋਂ ਪੰਜਾਬੀ ਨਾਟਕਕਾਰ ਅਵਾਰਡ, ਭਾਰਤੀ ਸਾਹਿਤ ਅਕਾਦਮੀ ਨੇ 2006 ਵਿੱਚ ਇਕਾਂਗੀ ਸੰਗ੍ਰਹਿ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਲਈ ਪੁਰਸਕਾਰ, ਭਾਰਤੀ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਵੱਲੋਂ 22 ਮਾਰਚ 2006 ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ ਅਬਦੁਲ ਕਲਾਮ ਨੇ ਆਪਣੇ ਕਰ-ਕਮਲਾਂ ਨਾਲ ਵਿਗਿਆਨ ਭਵਨ ਨਵੀਂ ਦਿੱਲੀ ਪੁਰਸਕਾਰ ਦਿੱਤਾ ਗਿਆ।ਇਸ ਤੋਂ ਇਲਾਵਾ ਗੁਰਸਰਨ ਸਿੰਘ ਲੋਕ ਕਲਾ ਸਨਮਾਨ ਕਾਫਲਾ ਵੱਲੋਂ 1 ਮਾਰਚ 2015 ਨੂੰ ਪ੍ਰੋ. ਔਲਖ ਨੂੰ ਹਜਾਰਾਂ ਲੋਕਾਂ ਦੇ ਇੱਕਠ ਵਿੱਚ 'ਭਾਈ ਲਾਲੋ ਕਲਾ ਸਨਮਾਨ' ਦੇ ਕੇ ਵੱਡਾ ਮਾਣ ਬਖਸ਼ਿਆ।

ਪ੍ਰੋ. ਅਜਮੇਰ ਔਲਖ ਨੂੰ ਉਹਨਾਂ ਦੀ ਨਾਟਕ ਕਲਾ ਤੋਂ ਸਮਝਦਿਆਂ, ਜੋ ਗੱਲ ਸਾਹਮਣੇ ਆਉਂਦੀ ਹੈ ਉਹ ਇਹੀ ਹੈ ਕਿ ਪ੍ਰੋ.ਔਲਖ ਨੇ ਆਪਣੇ ਨਾਟਕਾਂ ਵਿੱਚ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਂਡੂ ਮੁਹਾਵਰੇ ਰਾਹੀਂ ਰੰਗਮੰਚ 'ਤੇ ਲਿਆਂਦਾ ਹੈ। ਨਾਟਕਾਂ ਵਿੱਚ ਪੇਂਡੂ ਮੁਹਾਵਰੇ ਦੀ ਵਰਤੋਂ ਕਰਨ ਦਾ ਹੁਨਰ ਈਸਵਰ ਚੰਦਰ ਨੰਦਾ ਤੋਂ ਬਾਅਦ ਪ੍ਰੋ. ਅਜਮੇਰ ਔਲਖ ਦੇ ਹਿੱਸੇ ਹੀ ਆਇਆ। ਪ੍ਰੋ. ਔਲਖ ਦੇ ਨਾਟਕਾਂ ਦੀ ਬੋਲੀ ਆਮ ਲੋਕਾਂ ਦੀ ਬੋਲੀ ਸੀ, ਬੇਸੱਕ ਕੁੱਝ ਵਿਦਵਾਨ ਉਹਦੇ ਨਾਟਕਾਂ ਦੀ ਭਾਸਾ ਤੇ ਇਤਰਾਜ ਵੀ ਜਤਾਉਂਦੇ ਹਨ ਪਰ ਉਹ ਆਪਣੇ ਮਾਲਵੇ ਦੇ ਪਿੰਡਾਂ ਦੀ ਆਵਾਜ ਬਣਕੇ ਹੀ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹਦੇ ਪੇਂਡੂ ਪਾਤਰਾਂ ਦੇ ਬੋਲ ਉਹਦੀ ਮਲਵਈ ਬੋਲੀ ਕਰਕੇ ਸਿੱਧੇ ਦਰਸ਼ਕਾਂ ਦੇ ਦਿਲਾਂ ਤੇ ਆਪਣਾ ਪ੍ਰਭਾਵ ਪਾਉਂਦੇ ਹਨ।

ਉਹਦੇ ਨਾਟਕਾਂ ਨੂੰ ਪੇਂਡੂ ਲੋਕਾਂ ਨੇ ਆਪਣੇ ਹੋਣ ਦਾ ਮਾਣ ਵੀ ਖੂਬ ਦਿੱਤਾ।ਉਹਨਾਂ ਦੇ ਲਿਖੇ ਹਰੇਕ ਨਾਟਕ ਨੂੰ ਦੇਖਣ ਵਾਲਿਆਂ ਦਾ ਆਪਣਾ ਵਿਸਾਲ ਦਾਇਰਾ ਰਿਹਾ।

2008 ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪ੍ਰੋ. ਔਲਖ ਜੂਝਦੇ ਆਪਣੀ ਜ਼ਿੰਦਗੀ ਨੂੰ 2017 ਤੱਕ ਤਾਂ ਲੈ ਆਏ ਪਰ 15 ਜੂਨ 2017 ਦਾ ਦਿਨ ਉਹਨਾਂ ਦੀ ਜ਼ਿੰਦਗੀ ਦਾ ਆਖਰੀ ਦਿਨ ਹੋ ਨਿੱਬੜਿਆ।ਪ੍ਰੋ. ਔਲਖ ਦੀ ਕਲਾ ਨੂੰ ਚਾਹੁਣ ਵਾਲੇ ਅੱਜ ਵੀ ਉਹਨਾਂ ਨੂੰ ਸੱਤ ਬਿਗਾਨੇ ਵਾਲਾ ਔਲਖ, ਬਿਗਾਨੇ ਬੋਹੜ ਦੀ ਛਾਂ ਵਾਲਾ ਔਲਖ, ਭੱਜੀਆਂ ਬਾਹਾਂ ਵਾਲਾ ਔਲਖ, ਅੰਨ੍ਹੇ ਨਿਸਾਨਚੀ ਵਾਲਾ ਔਲਖ,ਲੋਕ ਕਲਾ ਮੰਚ ਵਾਲਾ ਔਲਖ, ਮਾਨਸੇ ਦਾ ਪ੍ਰੋ. ਔਲਖ ਆਦਿ ਵੱਖੋ-ਵੱਖ ਆਪੋ-ਆਪਣੇ ਵੱਲੋਂ ਦਿੱਤੇ ਮਹੁਬੱਤੀ ਨਾਂਵਾਂ ਨਾਲ ਯਾਦ ਕਰਦੇ ਹਨ।ਪ੍ਰੋ. ਅਜਮੇਰ ਔਲਖ ਸੱਚਮੁੱਚ ਭਾਜੀ ਗੁਰਸਰਨ ਸਿੰਘ ਦੇ ਰੰਗਮੰਚੀ ਥੜੇ ਦਾ ਵਾਰਸ ਹੋ ਨਿੱਬੜਿਆ।

**ਸ. ਸੁਖਚੈਨ ਸਿੰਘ ਕੁਰੜ (ਪੰਜਾਬੀ ਅਧਿਆਪਕ ਤੇ ਭਾਸਾ ਮੰਚ ਸਰਪ੍ਰਸਤ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ (ਫ਼ਿਰੋਜ਼ਪੁਰ)**

# ਬਾਤਾਂ ਫੁਕਰਿਆਂ ਦੀਆਂ

ਸੁਰੂ ਤੋਂ ਹੀ ਹਰ ਭਾਈਚਾਰੇ ਵਿੱਚ ਸਭ ਨੂੰ ਸੁਭਾਅ ਪੱਖੋਂ ਵੱਖ ਵੱਖ ਕਿਸਮ ਦੇ ਲੋਕ ਮਿਲਦੇ ਹਨ। ਕਿਸੇ ਦਾ ਸੁਭਾਅ ਨਰਮ ਹੁੰਦਾ ਤੇ ਕਿਸੇ ਦਾ ਸੁਭਾਅ ਗਰਮ ਹੁੰਦਾ ਹੈ। ਕੋਈ ਨਿਮਰ ਸੁਭਾਅ ਦਾ ਤੇ ਕੋਈ ਬੜਾ ਹੰਕਾਰੀ ਹੁੰਦਾ ਹੈ। ਕੋਈ ਵਹਿਮੀ ਤੇ ਕੋਈ ਸਪਸਟ ਜਿਹਾ ਇਨਸਾਨ ਹੁੰਦਾ ਹੈ।ਚਲੋ ਇਹ ਤਾਂ ਆਮ ਜਿਹੀ ਗੱਲ ਹੈ ਪਰ ਅੱਜ ਆਪਾਂ ਇੱਕ ਹੋਰ ਈ ਕਿਸਮ ਦੇ ਸੁਭਾਅ ਦੀ ਗੱਲ ਕਰਦੇ ਹਾਂ ਮਤਲਬ ਕਿ ਫੁਕਰਿਆਂ ਦੀ ਗੱਲ ਕਰਦੇ ਹਾਂ। ਵੈਸੇ ਫੁਕਰਾ ਕੌਣ ਹੁੰਦਾ ਹੈ ? ਅਸਲ ਵਿੱਚ ਫੁਕਰੇ ਬਾਹਲੇ ਈ ਡੰਡਪਾਊ ,ਵਿਖਾਵਾ ਕਰ ਕਰ ਕੇ ਆਪਣੇ ਆਪ ਨੂੰ ਮਹਾਨ,ਵੱਡੇ , ਅਮੀਰ, ਚੰਗੇ ਜਾਂ ਇਉਂ ਸਮਝ ਲਓ ਕਿ ਸਰਬ ਗੁਣਾਂ ਦੀ ਪੋਟਲੀ ਹੋਣ ਦੀ ਡੌਂਡੀ ਪਿੱਟਣ ਵਾਲੇ ਕਮੀਨੇ ਲੋਕ ਹੁੰਦੇ ਹਨ। ਇਸ ਕਿਸਮ ਦੇ ਲੋਕ ਸਾਡੇ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਸੱਭਿਆਚਾਰਕ ਖੇਤਰਾਂ ਵਿੱਚ ਆਮ ਹੀ ਵੇਖਣ ਨੂੰ ਮਿਲ ਜਾਂਦੇ ਹਨ।

ਇੱਕ ਵਾਰੀ ਦੀ ਗੱਲ ਆ ਕਿ ਸਾਡੇ ਜਾਣ ਪਛਾਣ ਚੋਂ ਇੱਕ ਕੁੜੀ ਮਿਲੀ,ਓਹਦਾ ਇੱਕ ਫੌਜੀ ਮੁੰਡੇ ਨਾਲ ਨਵਾਂ ਨਵਾਂ ਵਿਆਹ ਹੋਇਆ ਸੀ। ਮੈਂ ਉਸ ਨੂੰ ਪੁੱਛ ਲਿਆ ਕਿ ਪਤੀ ਫੌਜ ਵਿੱਚ ਕੀ ਕਰਦਾ ਹੈ ਤੇ ਕਿੰਨੇ ਚਿਰ ਬਾਅਦ ਗੇੜਾ ਮਾਰ ਲੈਂਦਾ ਹੈ, ਬੱਸ ਫੇਰ ਕੀ ਸੀ ਉਹਦੀਆਂ ਗੱਲਾਂ ਸੁਣ ਸੁਣ ਕੇ ਆਏਂ ਲੱਗੇ ਬਈ ਜਿਵੇਂ ਭਾਰਤ ਦੀ ਸਾਰੀ ਫੌਜ ਓਹਦੇ ਆਦਮੀ ਦੇ ਸਿਰ ਤੇ ਈ ਚੱਲਦੀ ਹੈ,ਆਖਣ ਲੱਗੀ,"ਇਹ (ਉਸ ਦਾ ਪਤੀ) ਤਾਂ ਰੋਜ ਬਾਰਡਰ ਟੱਪ ਕੇ ਗੁਆਂਢੀ ਮੁਲਕ ਜਾਂਦੇ ਹਨ,ਤੇ ਰਾਤ ਨੂੰ ਉਹਨਾਂ ਦਾ ਭੇਤ ਲੈ ਕੇ ਮੁੜਦੇ ਨੇ, ਇਹਨਾਂ ਦੀ ਸਲਾਹ ਬਿਨਾਂ ਆਰਮੀ ਵਾਲੇ ਕੁਛ ਨੀ ਕਰਦੇ। ਇਹ ਓਧਰੋਂ ਸਿਗਨਲ ਮਾਰ ਮਾਰ ਕੇ ਦੱਸ ਦੇ ਆ ਕਿ ਕਿੱਥੇ ਕੀ ਹੁੰਦਾ,ਬਾਰਡਰ ਦੀ ਸਾਰੀ ਆਰਮੀ ਇੰਨ੍ਹਾਂ ਦੇ ਸਿਰ ਤੇ ਈ ਚੱਲਦੀ ਆ,ਇਸ ਲਈ ਛੁੱਟੀ ਬਹੁਤ ਔਖੀ ਮਿਲਦੀ ਹੈ।"ਮੇਰੀ ਤਾਂ ਉਸ ਤੋਂ ਅੱਗੇ ਕੁਛ ਪੁੱਛਣ ਦੀ ਹਿੰਮਤ ਹੀ ਨਾ ਪਈ। ਇਸ ਕਿਸਮ ਦੇ ਫੁਕਰੇ ਸਾਡੇ ਸਮਾਜ ਨਾਲ ਸਬੰਧ ਰੱਖਦੇ ਹਨ। ਬਹੁਤ ਲੋਕਾਂ ਕੋਲ ਭਾਵੇਂ ਸਾਈਕਲ ਲੈਣ ਦੀ ਹਿੰਮਤ ਨਾ ਹੋਵੇ ਪਰ ਜੇ ਕਿਸੇ ਦੀ ਕੋਈ ਨਵੀਂ ਚੀਜ ਦੇਖਣ ਲੱਗਣ ਤਾਂ ਆਪਣੇ ਬਾਰੇ ਵਧਾ ਚੜ੍ਹਾ ਕੇ ਉਸ ਤੋਂ ਵੀ ਮਹਿੰਗੀ ਚੀਜ ਦਾ ਨਾਂ ਲੈ ਲੈ ਕੇ ਆਖਣਗੇ ਕਿ ਅਸੀਂ ਵੀ ਲੈਣ ਲੱਗੇ ਸੀ ਬੱਸ ਐਵੇਂ ਸਾਡੇ ਫਲਾਣੇ ਨੂੰ ਪਸੰਦ ਨੀ ਆਈ ਤਾਂ ਫਿਰ ਅਸੀਂ ਲਈ ਨੀ।

ਸਮਾਜ ਵਿੱਚ ਫੁਕਰਿਆਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ।ਲੋਕ ਅਸਲੀਅਤ ਤੋਂ ਦੂਰ ਭੱਜਦੇ ਬਨਾਵਟੀ ਜ਼ਿੰਦਗੀ ਵਿੱਚ ਜ਼ਿਆਦਾ ਦਿਲਚਸਪੀ ਲੈਣ ਲੱਗ ਪਏ ਹਨ। ਇੱਕ ਹੋਰ ਮੀਆਂ ਬੀਵੀ ਦੀ ਗੱਲ ਦੱਸਦੀ ਹਾਂ। ਉਹਨਾਂ ਨੇ ਸੋਸਲ ਮੀਡੀਆ ਤੇ ਯੂਟਿਊਬ ਤੇ ਆਪਣੇ ਆਪ ਨੂੰ ਲੋਕਾਂ ਵਿੱਚ ਇਸ ਤਰ੍ਹਾਂ ਪੇਸ ਕੀਤਾ ਹੋਇਆ ਹੈ ਕਿ ਉਹ ਬਹੁਤ ਘੁੰਮਣ ਫਿਰਨ ਵਾਲੇ, ਬਹੁਤ ਅਮੀਰ ਲੋਕ ਹਨ। ਬਹੁਤ ਲੋਕ ਮਗਰ ਲਾਏ ਹੋਏ ਹਨ। ਜਦ ਉਨ੍ਹਾਂ ਦੀ ਅਸਲੀਅਤ ਜ਼ਿੰਦਗੀ ਸਾਹਮਣੇ ਆਈ ਤਾਂ ਪਤਾ ਲੱਗਿਆ ਉਹ ਲੋਕਾਂ ਤੋਂ ਉਧਾਰ ਫੜ ਫੜ ਕੇ ਇਹ ਸਭ ਵਿਖਾਵੇ ਦੇ ਕੰਮ ਕਰ ਰਹੇ ਹਨ ਉਨ੍ਹਾਂ ਸਿਰ ਕਈ ਲੱਖਾਂ ਦਾ ਕਰਜਾ ਹੈ। ਕਈ ਵਾਰ ਉਹਨਾਂ ਦਾ ਬਿਜਲੀ ਦਾ ਬਿੱਲ ਨਾ ਭਰਨ ਕਾਰਨ ਕੁਨੈਕਸਨ ਕੱਟਿਆ ਗਿਆ ਹੈ।ਫੋਕੀ ਸੋਹਰਤ ਲਈ ਜਿਸ ਨਵੇਂ ਬੰਦੇ ਕੋਲ ਬੈਠਦੇ ਹਨ ਉਹਨਾਂ ਨੂੰ ਕਰੋੜਾਂ ਦੀਆਂ ਫੁਕਰੀਆਂ ਗੱਲਾਂ ਨਾਲ ਪ੍ਰਭਾਵਿਤ ਕਰਕੇ ਦੋ ਚਾਰ ਲੱਖ ਦੇ ਥੱਲੇ ਲਾ ਦਿੰਦੇ ਹਨ। ਮਗਰੋਂ ਕੀਹਦੀ ਮਾਂ ਨੂੰ ਮਾਸੀ ਆਖਣਾ ?

ਸਾਡੇ ਸਮਾਜ ਵਿੱਚ ਕਈ ਫੁਕਰੇ ਬਹੁਤ ਮਹਿੰਗੇ ਤੋਂ ਮਹਿੰਗੇ ਕੱਪੜੇ ਪਾ ਕੇ ਫਿਰ ਚਾਰ ਲੋਕਾਂ ਵਿੱਚ ਖੜ੍ਹ ਜਾਣ ਜਾਂ ਕਿਸੇ ਰਿਸਤੇਦਾਰੀ ਵਿੱਚ ਚਲੇ ਜਾਣ,ਫੁਕਰੀ ਸੁਰੂ ਹੋਣ ਲੱਗੇ ਦੇਰ ਨੀ ਲੱਗਦੀ, ਆਪਣੇ ਕੱਪੜਿਆਂ ਦੀ ਗੱਲ ਸੁਰੂ ਕਰਕੇ ਉਨ੍ਹਾਂ ਦੀ ਕੀਮਤ ਦੱਸੇ ਬਿਨਾਂ ਕਿੱਥੇ ਚੈਨ ਮਿਲਦੀ ਹੈ ।ਕਈਆਂ ਵੱਲੋਂ ਗੱਡੀਆਂ ਦੀਆਂ ਗੱਲਾਂ ਕਰੀ ਜਾਣੀਆਂ, ਕਈਆਂ ਵੱਲੋਂ ਆਪਣੇ ਘਰ ਰੱਖੇ ਨੌਕਰਾਂ ਦੀਆਂ ਗੱਲਾਂ ਕਰੀ ਜਾਣਾ, ਰੁਤਬਿਆਂ ਦੀਆਂ ਗੱਲਾਂ ਕਰਨਾ, ਹੋਰ ਤਾਂ ਹੋਰ ਅੱਜ ਕੱਲ੍ਹ ਆਪਣੇ ਸਕਲ ਸੂਰਤ ਜਾਂ ਉਮਰ ਨੂੰ ਲੈਕੇ ਫੁਕਰੀਆਂ ਮਾਰਨਾ ਆਮ ਜਿਹੀ ਗੱਲ ਹੁੰਦੀ ਜਾ ਰਹੀ ਹੈ। ਕਈ ਫੁਕਰੇ ਤਾਂ ਆਪਣੇ ਆਪ ਨੂੰ ਮੋਹਤਬਰਪੁਣੇ ਦਾ ਦਿਖਾਵਾ ਕਰਨ ਲਈ ਅੱਠ ਦਸ ਚਮਚਿਆਂ ਨੂੰ ਦੋ ਤਿੰਨ ਗੱਡੀਆਂ ਵਿੱਚ ਬਿਠਾਏ ਬਿਨਾਂ ਕਿਤੇ ਤੁਰਦੇ ਈ ਨਹੀਂ,ਚਾਹੇ ਗਾਹਾਂ ਵਾਲਿਆਂ ਦਾ ਕੂੰਡਾ ਹੋ ਜਾਵੇ। ਕਿਸੇ ਦਾ ਧੇਲੇ ਦਾ ਕੰਮ ਨਾ ਕਰਨ ਵਾਲੇ ਮੋਢੀ ਬਣੇ ਫਿਰਦੇ ਹਨ, ਕਾਬਲੀਅਤਖੁਣੇ ਲੋਕ ਫੁਕਰੀਆਂ ਦੇ ਸਿਰ ਤੇ ਮਾਹਿਰਾਂ ਦੀਆਂ ਸੂਚੀਆਂ ਵਿੱਚ ਨਾਂ ਲਿਖਵਾਈ ਫਿਰਨਗੇ। ਸਾਡੇ ਸਮਾਜ ਵਿੱਚ ਫੁਕਰੀਆਂ ਮਾਰ ਮਾਰ ਕੇ ਗੱਲਾਂ ਦਾ ਕੜਾਹ ਬਣਾਉਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਹੈ।

ਇਸੇ ਤਰ੍ਹਾਂ ਧਾਰਮਿਕ ਖੇਤਰਾਂ ਵਿੱਚ ਸੱਚੇ ਸੁੱਚੇ ਮਾਰਗ ਦਰਸਕ ਬਹੁਤ ਘੱਟ ਮਿਲਣਗੇ,ਇਸ ਤੋਂ ਉਲਟ ਐਸੋ ਇਸਰਤ ਦਾ ਜੀਵਨ ਬਤੀਤ ਕਰਨ ਵਾਲੇ, ਬਹੁਤੀਆਂ ਗੱਲਾਂ ਮਾਰਨ ਵਾਲੇ, ਆਪਣੀ ਵਡਿਆਈ ਦੇ ਗੀਤ ਗਾਉਣ ਵਾਲੇ ਤੇ ਦੂਜਿਆਂ ਦਾ ਭੰਡੀ ਪ੍ਰਚਾਰ ਕਰ ਕਰ ਕੇ ਲੋਕਾਂ ਨੂੰ ਆਪਣੀਆਂ ਫੁਕਰੀਆਂ ਗੱਲਾਂ ਨਾਲ ਪ੍ਰਭਾਵਿਤ ਕਰਨ ਵਾਲੇ ਬਹੁਤੇ ਮਿਲਦੇ ਹਨ। ਰਾਜਨੀਤਕ ਫੁਕਰਿਆਂ ਦੀ ਤਾਂ ਗੱਲ ਹੀ ਛੱਡੋ,ਉਹ ਦੱਸਦੇ ਕੁਝ ਹਨ ਤੇ ਕਰਦੇ ਕੁਝ ਹਨ। ਸਭਿਆਚਾਰਕ ਖੇਤਰ ਵਿੱਚ ਵੀ ਫੁਕਰਿਆਂ ਨੇ ਕਮੀ ਨਹੀਂ ਛੱਡੀ ਉਸ ਵਿੱਚ ਵੀ ਸਭਿਆਚਾਰ ਦਾ ਊੜਾ ਆੜਾ ਨਾ ਜਾਨਣ ਵਾਲੇ ਲੋਕ ਸਭਿਆਚਾਰ ਦੇ ਰਖਵਾਲੇ ਬਣੇ ਫਿਰਦੇ ਹਨ ।ਇਹ ਸਭ ਫੁਕਰੀਆਂ ਮਾਰ ਕੇ ਹੀ ਉੱਪਰ ਤੱਕ ਪਹੁੰਚਣ ਦਾ ਮਾਧਿਅਮ ਹੈ। ਇਸ ਤਰ੍ਹਾਂ ਕਈ ਵਾਰ ਹਮਾਤੜ - ਤਮਾਹਤੜ ਫੁਕਰੇ ਨਾ ਹੁੰਦੇ ਹੋਏ ਵੀ ਕਿਤੇ ਨਾ ਕਿਤੇ ਗਲਤੀ ਵਸ ਮਾੜੀ ਮੋਟੀ ਫੁਕਰੀ ਮਾਰ ਹੀ ਬੈਠਦੇ ਹਨ ।ਪਰ ਫਿਰ ਵੀ ਫੁਕਰਿਆਂ ਦੀਆਂ ਫੁਕਰੀਆਂ ਗੱਲਾਂ ਨਾਲ ਮਨੋਰੰਜਨ ਤਾਂ ਕਰ ਲੈਣਾ ਚਾਹੀਦਾ ਹੈ ਪਰ ਫੁਕਰੇ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

**ਬਰਜਿੰਦਰ ਕੌਰ ਬਿਸਰਾਓ...**
9988901324

# ਆਜੋ ਹਥੌਲਾ ਪਵਾ ਲਓ !



ਸਾਡੇ ਲਾਗੇ ਪਿੰਡ ਇਕ ਬਾਬਾ ਸੀ, ਪੂਰੀ ਚੜ੍ਹਾਈ ਸੀ ਬਾਬੇ ਦੀ, ਅਖੇ, ਕੋਈ ਚੀਜ ਗਵਾਚ ਗਈ ਹੋਵੇ, ਹੱਥ ਆਲੇ ਅੰਗੂਠੇ 'ਚ ਚੋਰ ਦੀ ਫੋਟੋ ਦਿਖਾ ਦਿੰਦਾ ਏ, ਵੱਡੀ ਤੋਂ ਵੱਡੀ ਬੀਮਾਰੀ ਬਾਬੇ ਦੀ ਦਿੱਤੀ ਪੁੜੀ ਫੂਕਣ ਨਾਲ ਦੂਰ ਹੋ ਜਾਂਦੀ ਏ, ਜਿਸ 'ਚ ਚੁੱਲ੍ਹੇ ਦੀ ਸਵਾਹ ਹੁੰਦੀ ਸੀ, ਕਿਸੇ ਦਾ ਮਾੜਾ ਕਰਾਉਣਾ ਹੋਵੇ ਬਾਬੇ ਕੋਲ ਉਸਦੇ ਰੱਖੇ ਪੈਰਾਂ ਥੱਲੇ ਦੀ ਮਿੱਟੀ ਲੈ ਜਾਓ, ਘਰ ਦਾ ਕਲੇਸ਼-ਲੜਾਈ-ਝਗੜਾ, ਔਲਾਦ ਨਾ ਹੋਣਾ ਖਾਸਕਰ ਮੁੰਡਾ ਨਾ ਹੋਣਾ, ਨੌਕਰੀ, ਵਿਆਹ, ਤਲਾਕ, ਬੰਦਾ-ਜਨਾਨੀ ਵੱਸ 'ਚ ਕਰਨਾ, ਕੁੱਲ ਮਿਲਾ ਕੇ ਬਾਬੇ ਕੋਲ ਹਰੇਕ ਸਮਾਜਿਕ, ਪਰਿਵਾਰਕ, ਆਰਥਿਕ ਤੇ ਸਿਹਤ ਸੰਬੰਧਤ ਸਮੱਸਿਆ ਦਾ ਹੱਲ ਸੀ, ਕਹਿੰਦੇ ਬਾਬਾ ਅੰਤਰਜਾਮੀ ਸੀ। ਲਓ ਜੀ ਸਾਡੇ ਪਿੰਡ ਆਲੀ ਭੂਆ ਤੁਲਸੀ, ਜੋ ਵਿਆਹੀ ਤਾਂ ਪਾਸੇ ਸੀ ਪਰ ਫੁੱਫੜ ਗਿਰਧਾਰੀ ਬਚਪਨ ਤੋਂ ਈ ਕਿੱਸੇ ਸੁਣਾਉਣ ਦਾ ਸ਼ੁਕੀਨ ਸੀ, ਡੱਕਾ ਨਹੀਂ ਤੋੜਦਾ ਸੀ ਤਾਂ ਭੂਆ ਤੁਲਸੀ ਬੱਚੇ ਪਾਲਣ ਲਈ ਸਾਡੇ ਪਿੰਡ ਈ ਆ ਗਈ ਸੀ। ਹੁਣ ਵੱਡਾ ਪਰਿਵਾਰ, ਸੀਮਤ ਆਮਦਨ ਸਮੱਸਿਆਵਾਂ ਤਾਂ ਨਿਤ ਈ ਆਉਣੀਆਂ ਸੀ ਸੋ ਭੂਆ ਨੇ ਸੋਚਿਆ ਬਾਬੇ ਕੋਲ ਚੱਲੀਏ ਉਹ ਕਰੂ ਕੋਈ ਹੱਲ। ਸਾਡੇ ਬਾਗੜੀ ਸਮਾਜ 'ਚ ਪੁਰਾਣੀਆਂ ਬੁੱਢੀਆਂ ਘਗਰਾ-ਕੁੜਤਾ ਪਾਉਂਦੀਆਂ ਨੇ ਤੇ ਸਿਰ ਤੇ ਇਕ ਬੋਰਲਾ ਵੀ ਬੰਨ੍ਹਦੀਆਂ ਨੇ, ਜੋ ਸਿਰਫ ਸੁਹਾਗਣ ਔਰਤਾਂ ਈ ਬੰਨ੍ਹਦੀਆਂ ਨੇ। ਭੂਆ ਨੇ ਉਦਣ ਕੇਸੀ ਸ਼ਨਾਨ ਕੀਤਾ ਸੀ ਤੇ ਕਾਹਲੀ 'ਚ ਬਿਨਾਂ ਬੋਰਲਾ ਬੰਨ੍ਹੇ, ਬਾਬੇ ਦੇ 21 ਕਿਲੋ ਦਾਣੇ, 21 ਰੁਪਈਆ ਤੇ ਹੋਰ ਨਿਕ-ਸੁਕ, ਜੋ ਬਾਬੇ ਦੀਆਂ ਖਾਸਮਖਾਸ ਪਿੰਡ ਦੀਆਂ ਲੋਕਲ ਚੇਲੀਆਂ ਨੇ ਦੱਸਿਆ ਸੀ, ਉਹ ਲੈ ਕੇ ਚੱਲ ਪਈ।

ਲਓ ਜੀ ਬਾਬੇ ਦਾ ਦਰਬਾਰ ਲੱਗਾ ਸੀ, ਪੂਰੀ ਰੌਣਕ ਸੀ, ਕਾਫੀ ਭੀੜ ਲੱਗੀ ਸੀ ਜਿਸ 'ਚ ਜਿਆਦਾਤਰ ਔਰਤਾਂ ਈ ਸਨ। ਬਾਬਾ ਧੂਣੀ ਤੋਂ ਉੱਠਦੇ ਧੂੰਏ 'ਚ ਸਿਰ ਹਿਲਾ-ਹਿਲਾ ਕੇ ਪੌਣ ਆਉਣ ਦਾ ਭੁਲੇਖਾ ਪਾ ਰਿਹਾ ਸੀ, ਬਾਬੇ ਦੇ ਕੁੱਝ ਕੁ ਆਪਣੇ ਈ ਬੰਦੇ ਵੱਡੇ-ਵੱਡੇ ਨੋਟਾਂ ਦਾ ਚੜ੍ਹਾਵਾ ਚੜਾਉਂਦੇ, ਹੋਰ ਲੋਕਾਂ ਨੂੰ ਬਾਬੇ ਵੱਲੋਂ ਕੀਤੇ ਉਨਾਂ ਦੇ ਭਲੇ ਦਾ ਝੂਠਾ ਗੁਣਗਾਨ ਕਰਦੇ, ਆਪਣੀ ਛਿੱਲ ਪਟਾਉਣ ਲਈ ਉਕਸਾਉਂਦੇ ਵਾਰ-ਵਾਰ, ਮੂਰਤੀਆਂ ਦੀ ਥਾਂ ਬਾਬੇ ਦੇ ਪੈਰਾਂ 'ਚ ਮੱਥਾ ਟੇਕ ਰਹੇ ਸੀ ਤੇ ਬਾਬੇ ਨੂੰ ਦੇਖਕੇ ਸਾਹਮਣੇ ਬੈਠੀ ਇਕ ਖਾਸ 'ਭਗਤਣੀ' ਵੀ ਵਾਲ ਖੋਲ ਸਿਰ ਹਿਲਾਉਣ ਲੱਗੀ ਜਿਸ ਨੂੰ ਦੋ ਕੁ ਕੋਲ ਬੈਠੀਆਂ ਭਗਤਣੀਆਂ ਫੜ੍ਹ ਕੇ ਸ਼ਾਂਤ ਕਰਨ ਦਾ ਦਿਖਾਵਾ ਕਰਦੀਆਂ, ਹੋਰ ਲੱਛਣ ਕਰਨ ਲਈ ਉਕਸਾ ਰਹੀਆਂ ਸਨ, ਕੁੱਲ ਮਿਲਾ ਕੇ ਆਪਣੇ ਦੁੱਖ-ਤਕਲੀਫਾਂ ਤੋਂ ਪ੍ਰੇਸ਼ਾਨ ਲੋਕਾਂ ਨੂੰ ਅੰਧਵਿਸ਼ਵਾਸ ਦੇ ਜਾਲ 'ਚ ਫਸਾ ਕੇ ਸ਼ਰੇਆਮ ਅੰਨ੍ਹੀ ਲੁੱਟ ਮਚਾਈ ਜਾ ਰਹੀ ਸੀ। ਲੋਕ ਨੰਬਰ ਵਾਈਜ ਆਪਣੀ ਸਮੱਸਿਆ ਦਾ ਹੱਲ ਕਰਵਾ ਕਰ ਰਹੇ ਸੀ, ਭੂਆ ਦੀ ਵੀ ਵਾਰੀ ਆ ਗਈ। ਭੂਆ ਹੱਥ ਜੋੜ ਕੇ ਖੜੀ ਹੋ ਬੋਲੀ, "ਘਰੇ ਬਹੁਤ ਪ੍ਰੇਸ਼ਾਨੀ ਏ, ਬਾਬਾ ਜੀ" । ਬਾਬੇ ਨੇ ਭੂਆ ਵੱਲ ਝਾਂਕਿਆ, ਉਸਨੇ ਦੇਖਿਆ ਕਿ ਮੱਥੇ ਤੇ ਬੋਰਲਾ ਤਾਂ ਹੈ ਨ੍ਹੀਂ, ਸੋ ਇਹ ਬੁੱਢੀ ਵਿਧਵਾ ਈ ਹੋਣੀ ਏ।

ਬਾਬਾ ਲੋਰ 'ਚ ਬੋਲਿਆ, "ਬਸ ਚੁੱਪ ਕਰਜਾ, ਬਾਬੇ ਜਾਣੀ ਜਾਣ ਨੇ, ਤੂੰ ਕੀ ਦੱਸਦੀ ਏਂ, ਮੈਂ ਦੱਸਦਾ ਆਂ ਤੇਰੇ ਘਰੇ ਪ੍ਰੇਸ਼ਾਨੀ ਕੀ ਏ, ਤੇਰੇ ਘਰੇ ਪੈਸਾ ਆਉਂਦਾ ਤਾਂ ਏ ਪਰ ਰੁੱਕਦਾ ਨਹੀਂ, ਘਰ ਵਿੱਚ ਨਿਤ ਈ ਚੂੰ-ਚੜਾਟਾ ਰਹਿੰਦਾ ਏ, ਤੂੰ ਤਾਂ ਸਾਰਿਆਂ ਦਾ ਕਰਦੀ ਏ ਤੇਰਾ ਕੋਈ ਨ੍ਹੀਂ ਕਰਦਾ, ਤੇਰੇ ਪੜੋਸੀ-ਰਿਸ਼ਤੇਦਾਰ ਤੇਰੀਆਂ ਚੁਗਲੀਆਂ ਕਰਦੇ ਨੇ, ਕੀ-ਕੀ ਦੱਸਾਂ ਮੈਨੂੰ ਸਭ ਦਿਖਾਈ ਦੇ ਰਿਹਾ ਏ, ਘਰੇ ਪਸ਼ੂਆਂ ਦੀ ਡਾਰ ਪਰ ਦੁੱਧ ਨ੍ਹੀਂ ਹੁੰਦਾ, ਸੌਦਾ-ਪੱਤਾ, ਕਣਕ-ਆਟਾ ਪਤਾ ਨ੍ਹੀਂ ਕਦੋਂ ਮੁੱਕ ਜਾਂਦਾ ਏ," ਆਖਦੇ-ਆਖਦੇ ਬਾਬੇ ਨੇ ਸਿਗਰਟ ਦਾ ਲੰਬਾ ਕਸ਼ ਖਿੱਚਿਆ ਤਾਂ ਭੰਗ ਦੀ ਹਵਾੜ ਪੂਰੇ ਮਾਹੋਲ 'ਚ ਘੁਲ੍ਹ ਗਈ, ਇੱਧਰ ਭੂਆ ਨੂੰ ਬਾਬੇ ਦੀਆਂ ਦੱਸੀਆਂ ਸਾਰੀਆਂ ਗੱਲਾਂ ਪੂਰੀਆਂ ਸੱਚੀਆਂ ਜਾਪੀਆਂ ਤੇ ਉਹ ਬਾਬੇ ਦੇ ਚਰਨਾਂ 'ਚ ਨਤਮਸਤਕ ਹੋ ਕਹਿੰਦੀ, ""ਬਾਬਾ ਜੀ, ਸਭ ਸੱਚ ਏ, ਤੁਸੀਂ ਤਾਂ ਅੰਤਰਜਾਮੀ ਓ, ਮੇਰੀ ਸਮੱਸਿਆ ਦਾ ਕਾਰਣ ਤੇ ਹੱਲ ਦੱਸੋ" । ਬਾਬੇ ਦੇ ਭਗਤ-ਭਗਤਣੀਆਂ ਜੋਸ਼ ਨਾਲ, ਬਾਬੇ ਦੇ ਜੈਕਾਰੇ ਛੱਡਣ ਲੱਗੇ। ਬਾਬਾ ਵੀ ਜੋਸ਼ 'ਚ ਆ ਕੇ ਕਹਿੰਦਾ, "ਲੈ ਸੁਣ ਫੇਰ, ਤੇਰੀ ਸਾਰੀ ਮੁਸੀਬਤ ਦੀ ਜੜ੍ਹ ਤਾਂ ਤੇਰਾ ਮਰਿਆ ਖਸਮ ਏ, ਤੈਨੂੰ ਰੰਡੀ ਕਰਕੇ ਵੀ ਉਹਨੇ ਤੇਰਾ ਖਹਿੜਾ ਨ੍ਹੀਂ ਛੱਡਿਆ, ਦਰਅਸਲ ਉਹਦੀ ਦੁਨੀਆ ਤੇ ਤਾਂਘ ਬਾਕੀ ਰਹਿ ਗਈ ਏ, ਇਸੇ ਕਰਕਾ ਉਸਦੀ ਭੁੱਖੀ ਆਤਮਾ ਭਟਕਦੀ ਫਿਰ ਰਹੀ ਏ, ਵੱਡਾ ਉਪਾਅ ਕਰਨਾ ਪਏਗਾ, ਮੱਸਿਆ ਆਲੀ ਰਾਤ ਤੇਰੇ ਘਰੇ ਬਾਬੇ ਦਾ ਭੰਡਾਰਾ ਰੱਖ ਫੇਰ ਬਾਬਾ ਆਪ ਤੇਰੇ ਮਰੇ ਖਸਮ ਦਾ ਇਲਾਜ ਕਰੂਗਾ" । ਬਾਬਾ ਚੁੱਪ ਕਰਦਾ ਇਸ ਤੋਂ ਪਹਿਲਾਂ ਈ ਭੂਆ ਨੇ ਉੱਥੇ ਪਿਆ ਚਿਮਟਾ ਚੁੱਕਿਆ ਤੇ ਨਸ਼ੇੜੀ ਬਾਬੇ ਨੂੰ ਢਾਹ ਲਿਆ, ਭੂਆ ਨਾਲੇ ਕੁੱਟੀ ਜਾਵੇ ਤੇ ਨਾਲੇ ਆਖੀ ਜਾਵੇ, "ਮਰਜਾਣਿਆਂ, ਉਹ ਤਾਂ ਤੇਰਾ ਪਿਓ ਗਿਰਧਾਰੀ, ਜਿਉਂਦਾ ਭੂਤ ਏ, ਸੰਤਰਾ ਦਾ ਅਧੀਆ ਠੋਕ ਕੇ ਉਪਰੋਂ ਬਾਜਰੇ ਦੀਆਂ ਛੇ ਰੋਟੀਆਂ ਪਾੜ ਕੇ ਘੁਰਾੜੇ ਮਾਰਦਾ ਘਰੇ ਸੁੱਤਾ ਪਿਆ ਏ, ਕੰਜਰਾ, ਮੇਰੇ ਦਾਣੇ ਤੇ ਪੈਸੇ ਮੋੜ, ਠੱਗ ਕਿਸੇ ਥਾਂ ਦਾ" । ਬਾਬੇ ਤੇ ਉਸਦੇ ਚੇਲਿਆਂ ਨੇ ਮਸਾਂ ਭੂਆ ਦਾ ਚੜ੍ਹਾਵਾ ਮੋੜ ਆਪਣੇ ਬਾਬੇ ਨੂੰ ਛੁਡਾਇਆ।

ਇਹ ਤਾਂ ਇਕ ਬਾਬੇ ਦੀ ਕਹਾਣੀ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਏ ਕਿ ਅੱਜ ਦੇ ਵਿਗਿਆਨਕ ਯੁੱਗ 'ਚ ਵੀ ਸਾਡੇ ਜਿਆਦਾਤਰ ਲੋਕ ਅੰਧਵਿਸ਼ਵਾਸ 'ਚ ਪਏ ਹੋਏ ਨੇ, ਹਾਲਾਤ ਵੇਖੋ ਬਾਬੇ ਇਸੇ ਵਿਗਿਆਨ ਨੂੰ ਵਰਤਦਿਆਂ ਮੋਬਾਈਲ ਤੇ ਆਨਲਾਈਨ ਹਥੌਲੇ ਪਾ ਰਹੇ ਨੇ, ਬਾਬੇ ਟੀਵੀ, ਅਖਬਾਰ ਤੇ ਸੋਸ਼ਲ ਮੀਡੀਆ ਰਾਹੀਂ ਆਪਣੀ ਮਸ਼ਹੂਰੀ ਕਰ ਰਹੇ ਨੇ, ਲੋਕ ਅੱਜ ਵੀ ਬਾਬਿਆਂ ਦੇ ਕਹਿਣ ਤੇ ਇਕ-ਦੂਜੇ ਦੀਆਂ ਪੈੜਾਂ ਦੀ ਮਿੱਟੀ ਚੁੱਕਦੇ ਫਿਰ ਰਹੇ ਨੇ, ਮਾਨਸਿਕ ਬੀਮਾਰ ਕੁੜੀਆਂ-ਔਰਤਾਂ ਦਾ ਸ਼ਰੇਆਮ ਸਰੀਰਕ ਸੋਸ਼ਣ ਹੋ ਰਿਹਾ ਏ, ਬਵਾਸੀਰ ਤੋਂ ਲੈ ਕੇ ਕੈਂਸਰ ਤੀਕ ਦੇ ਰੋਗੀਆਂ ਨੂੰ ਹਥੌਲੇ ਬਹਾਨੇ ਠੱਗਿਆ ਜਾ ਰਿਹਾ ਏ, ਬਾਬੇ ਫੋਨ ਤੇ ਈ ਆਨਲਾਈਨ ਪੇਮੈਂਟ ਲੈ ਕੇ ਟੂਣੇ-ਟੋਟਕੇ ਦੱਸ ਠੱਗੀਆਂ ਮਾਰ ਰਹੇ ਨੇ, ਇਹ ਬਾਬੇ ਲੋਕਾਂ ਨੂੰ ਡਰਾਕੇ, ਇਕ-ਦੂਜੇ ਖਿਲਾਫ ਭੜਕਾ ਕੇ, ਆਪਣੇ ਘਰ ਭਰ ਰਹੇ ਨੇ । ਇਕ ਸਪੇਸ਼ਲ ਬਾਬਾ ਏ, ਅਖੇ ਗਰਭਵਤੀ ਔਰਤ ਦੇ ਪੇਟ ਤੇ ਹੱਥ ਰੱਖਦਾ ਏ, ਤੇ ਮੁੰਡਾ ਹੋ ਜਾਂਦਾ ਏ, ਮੂਰਖ ਲੋਕ ਜਾਲ 'ਚ ਹੋਰ ਫੱਸ ਜਾਂਦੇ ਨੇ ਜਦੋਂ ਚਾਰ ਚੋਂ ਦੋ ਔਰਤਾਂ ਨੂੰ ਮੁੰਡਾ ਹੋ ਜਾਂਦਾ ਏ ਤੇ ਉਹ ਬਾਬੇ ਦੇ ਮੁਫ਼ਤ ਪ੍ਰਚਾਰਕ ਬਣ ਜਾਂਦੇ ਨੇ । ਇਹ ਚੁਸਤ-ਚਲਾਕ ਲੋਕ ਬਾਬੇ ਬਣ ਕੇ ਲੋਕਾਂ ਨੂੰ, ਖਾਸਕਰ ਔਰਤਾਂ ਨੂੰ ਆਪਣੇ ਜਾਲ 'ਚ ਲੈ ਕੇ ਉਨਾਂ ਦਾ ਆਰਥਿਕ, ਸਮਾਜਿਕ ਤੇ ਸ਼ਰੀਰਕ ਸੋਸ਼ਣ ਕਰਦੇ ਨੇਂ। ਮੈਂ ਹੁਣ ਤੱਕ ਸੈਂਕੜੇ ਟੂਣੇ ਤੋੜ ਚੁੱਕਾ ਆਂ, ਲੋਕਾਂ ਨੂੰ ਵੀ ਇਹਨਾਂ ਵਹਿਮਾਂ-ਭਰਮਾਂ ਤੋਂ ਕੱਢਣ ਦੀ ਅਤੇ ਅੰਧਵਿਸ਼ਵਾਸਾਂ ਤੋਂ ਨਾ ਡਰਨ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਅੱਜ ਵੀ ਇਹ ਠੱਗੀ ਵੱਡੇ ਪੱਧਰ ਤੇ ਜਾਰੀ ਏ, ਆਸ ਏ ਕਿ ਮੇਰੇ ਦੇਸ਼ ਦੇ ਸੂਝਵਾਨ ਲੋਕ ਜਲਦੀ ਅੰਧਵਿਸ਼ਵਾਸਾਂ ਤੋਂ ਮੁਕਤ ਹੋਣਗੇ ਤੇ ਸਰਕਾਰ ਦੇ ਨੁਮਾਇੰਦੇ ਤੇ ਰਾਜਨੀਤਕ ਦਲਾਂ ਦੇ ਲੀਡਰ, ਇੰਨਾਂ ਧਰਮ ਦੇ ਦੁਸ਼ਮਣ, ਧਾਰਮਿਕ ਗੁੰਡਿਆਂ ਨੂੰ ਵੋਟਬੈਂਕ ਕਾਰਨ ਮੱਥੇ ਟੇਕ ਕੇ ਵੱਡੇ ਬਾਬੇ ਬਣਾਉਣ ਦੀ ਥਾਂ, ਇੰਨਾਂ ਦੀ ਅਸਲ ਥਾਂ ਜੇਲਾਂ 'ਚ ਡੱਕਣਗੇ।

**ਅਸ਼ੋਕ ਸੋਨੀ, ਕਾਲਮਨਵੀਸ**
**ਪਿੰਡ ਖੂਈ ਖੇੜਾ ਫਾਜ਼ਿਲਕਾ**
**9872705078**

## ਗੁੱਝੇ ਭੇਦ ਖੋਲਦਾ, ਜੇਲ ਮੰਤਰੀ ਦਾ ਵਿਧਾਨਸਭਾ 'ਚ ਸੰਬੋਧਨ

ਸਰਕਾਰ, ਕਾਨੂੰਨ ਤੇ ਸਿਸਟਮ ਇੰਝ ਵੀ ਚੱਲ ਸਕਦਾ ਏ, ਸੁਣ ਕੇ ਬਹੁਤ ਹੈਰਾਨੀ ਹੋਈ। ਮੁਖਤਾਰ ਅੰਸਾਰੀ, ਕੌਣ ਨ੍ਹੀਂ ਜਾਣਦਾ ਇਸ ਸ਼ਖਸ ਨੂੰ, ਯੂਪੀ ਦਾ ਬਾਹੂਬਲੀ, ਗੈਂਗਸਟਰ ਤੇ ਬਦਨਾਮ ਲੀਡਰ ਏ, ਕਿੰਨੇ ਈ ਕੇਸ ਇਸਤੇ ਦਰਜ ਨੇ। ਯੂਪੀ 'ਚ ਗੈਂਗਸਟਰਾਂ ਖਿਲਾਫ, ਯੋਗੀ ਸਰਕਾਰ ਦੇ ਸਖਤ ਅਭਿਆਨ ਤਹਿਤ, ਕਾਨੂੰਨ ਤੋਂ ਭੱਜ ਰਹੇ ਇਸ ਸ਼ਖਸ ਤੇ ਉਦੋਂ 2019 'ਚ ਸਖਤ ਕਾਰਵਾਈ ਹੋਣੀ ਤੈਅ ਸੀ। ਹੁਣ ਇੱਥੋਂ ਅਸਲ ਕਹਾਣੀ ਸ਼ੁਰੂ ਹੁੰਦੀ ਏ, ਹਰਜੋਤ ਸਿੰਘ ਬੈਂਸ ਜੀ ਅਨੁਸਾਰ, 2019 'ਚ ਪੰਜਾਬ ਸਰਕਾਰ 'ਚ ਉਸਦੇ ਖਾਸਮਖਾਸਾਂ ਵੱਲੋਂ ਅੰਨ੍ਹੀ ਹਨੇਰਗਰਦੀ ਕੀਤੀ ਗਈ। ਪੰਜਾਬ 'ਚ ਅਗਲਿਆਂ ਨੇ ਇਕ ਲੰਡੂ ਜਿਹੀ, ਫਿਰੌਤੀ ਦੀ, ਐਫ ਆਈ ਆਰ ਦਰਜ ਕਰਵਾ ਕੇ, ਯੂਪੀ ਤੋਂ ਮੁਖਤਾਰ ਅੰਸਾਰੀ ਨੂੰ ਪੰਜਾਬ ਲਿਆਂਦਾ ਗਿਆ, ਤੁਸੀਂ ਹੈਰਾਨ ਹੋ ਜਾਣਾ ਏ ਜਾਣ ਕੇ, ਰੋਪੜ ਜੇਲ ਪਹੁੰਚਣ ਤੋਂ ਬਾਅਦ, ਦੋ ਸਾਲ ਇੱਥੇ ਰਹਿਣ ਤੱਕ, ਮੁਖਤਾਰ ਅੰਸਾਰੀ ਨੇ ਕਦੇ ਵੀ ਜਮਾਨਤ ਨਹੀਂ ਮੰਗੀ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਕੇਸ 'ਚ ਅੱਜ ਤੱਕ ਪੁਲਸ ਨੇ ਚਲਾਨ ਈ ਪੇਸ਼ ਨਹੀਂ ਕੀਤਾ। ਹਜੇ ਹੋਰ ਸੁਣੋ, 25 ਜਣਿਆਂ ਆਲੀ ਇਕ ਬੈਰਕ ਨੂੰ ਰਾਤੋਂ-ਰਾਤ ਸਰਕਾਰੀ ਖਰਚੇ ਤੇ ਰਿਨੋਵੇਟ ਕਰਕੇ, ਉਹ ਬੈਰਕ ਇਸਨੂੰ ਇਕੱਲੇ ਨੂੰ ਅਲਾਟ ਕੀਤੀ।

ਇਸ ਬੈਰਕ 'ਚ, ਉਸਨੂੰ ਹਰੇਕ ਉਹ ਸਹੂਲਤ ਪ੍ਰਦਾਨ ਕੀਤੀ ਗਈ, ਜੋ ਉਹ ਚਾਹੁੰਦਾ ਸੀ, ਇਹਨਾਂ ਦੀ ਪਤਨੀ ਵੀ ਇਹਨਾਂ ਨਾਲ ਸਾਰਾ-ਸਾਰਾ ਦਿਨ ਜੇਲ 'ਚ ਰਹਿੰਦੀ ਰਹੀ, ਇੱਥੇ ਈ ਬਸ ਨਹੀਂ, ਯੂਪੀ ਸਰਕਾਰ ਨੇ ਦੋ ਸਾਲਾਂ 'ਚ 20 ਵਾਰੀ ਪ੍ਰੋਡਕਸ਼ਨ ਵਾਰੰਟ ਤੇ ਅੰਸਾਰੀ ਨੂੰ ਲਿਜਾਣ ਦੀ ਮੰਗ ਕੀਤੀ ਪਰ ਯਾਰੀ ਪੁਗਾਉਣ ਦੀ ਹੱਦ ਵੇਖੋ, ਪੰਜਾਬ ਸਰਕਾਰ ਨੇ ਹਰੇਕ ਵਾਰ ਇਨਕਾਰ ਕੀਤਾ। ਯੂਪੀ ਸਰਕਾਰ, ਅੰਸਾਰੀ ਨੂੰ ਲਿਜਾਣ ਲਈ ਸੁਪਰੀਮ ਕੋਰਟ ਪਹੁੰਚ ਗਈ ਤਾਂ ਸਾਡੀ ਪੰਜਾਬ ਸਰਕਾਰ ਨੇ, ਸਾਡੇ ਸੂਬੇ ਦੇ ਖਜਾਨੇ 'ਚੋਂ 55 ਲੱਖ ਰੁਪਈਆ ਭਰਕੇ, ਚੋਟੀ ਦੇ ਵਕੀਲ ਕਰਕੇ ਸੁਪਰੀਮ ਕੋਰਟ 'ਚ ਵੀ ਪੂਰੀ ਵਾਹ ਲਾ ਦਿੱਤੀ ਸੀ, ਪਰ ਅਖੀਰ 'ਅੱਖ ਅੱਡੀ ਹੀ ਰਹਿ ਗਈ, ਕੱਜਲ ਨੂੰ ਇੱਲ ਲੈ ਗਈ', ਅੰਸਾਰੀ ਨੂੰ ਯੂਪੀ ਲੈ ਗਏ। ਹੁਣ ਇਸ ਸਾਰੀ ਗੱਲ ਦਾ ਖੁਲਾਸਾ ਵਿਧਾਨਸਭਾ 'ਚ ਆਨ ਰਿਕਾਰਡ, ਲਾਈਵ ਕੈਮਰਿਆਂ ਤੇ ਮੌਜੂਦਾ ਜੇਲ ਮੰਤਰੀ ਹਰਜੋਤ ਬੈਂਸ ਵੱਲੋਂ ਕਰਨ ਤੋਂ ਬਾਅਦ ਪਿਛਲੀ ਸਰਕਾਰ ਦੇ ਇਕ ਖਾਸ ਨੁਮਾਇੰਦੇ ਨੂੰ ਛੱਡ, ਬਾਕੀਆਂ ਨੂੰ ਕੁੱਝ ਖਾਸ ਮਹਿਸੂਸ ਨਹੀਂ ਹੋ ਰਿਹਾ, ਗੱਲ ਵੀ ਸਹੀ ਏ 'ਘਰ ਪਕਦੀਆਂ ਦੇ, ਸਾਰੇ ਸਾਕ' ਹੁੰਦੇ ਨੇ। ਪਰ ਹਰਜੋਤ ਬੈਂਸ ਸਾਬ੍ਹ ਤੇ ਭਗਵੰਤ ਮਾਨ ਜੀ, ਕੀ ਅਸੀਂ ਹੁਣ ਵੀ ਦਰਾਣੀਆਂ-ਜਿਠਾਣੀਆਂ ਵਾਂਗ ਵਜਦੇ ਮਹਿਣਿਆਂ ਦਾ ਈ ਆਨੰਦ ਮਾਣਦੇ ਰਹਾਂਗੇ, ਕਾਰਵਾਈ ਕਿਉਂ ਨ੍ਹੀਂ ਕਰਦੇ ਤੁਸੀਂ, ਸਾਰੇ ਪੰਜਾਬ ਦੀ ਚਾਬੀ ਤਾਂ ਤੁਹਾਡੇ ਹੱਥ ਫੜਾ ਦਿੱਤੀ ਏ, ਜਾਂ ਹੁਣ ਇਹਨਾਂ ਤੇ ਕਾਰਵਾਈ ਵੀ ਆਮ ਲੋਕ ਕਰਣਗੇ।

**ਅਸ਼ੋਕ ਸੋਨੀ, ਕਾਲਮਨਵੀਸ**
**ਪਿੰਡ ਖੂਈ ਖੇੜਾ, ਫਾਜ਼ਿਲਕਾ**
**9872705078**

# ਬੱਚਿਆਂ ਦਾ ਨਾਨਕਿਆਂ ਪ੍ਰਤੀ ਘਟਦਾ ਮੋਹ

ਹੁਣ ਕੋਈ ਨਹੀਂ ਕਹਿੰਦਾ, ਨਾਨਕੇ ਜਾਵਾਂਗੇ, ਮੋਟੇ ਹੋ ਕੇ ਆਵਾਂਗੇ । ਇਹ ਕਹਾਵਤ ਹੁਣ ਬੜੀ ਪੁਰਾਣੀ ਜਿਹੀ ਲੱਗ ਰਹੀ ਹੈ। ਕੋਈ ਸਮਾਂ ਹੁੰਦਾ ਸੀ ਬੱਚੇ ਬੜੀ ਬੇਸਬਰੀ ਨਾਲ ਗਰਮੀਆਂ ਦੀਆਂ ਛੁੱਟੀਆਂ ਦੀ ਉਡੀਕ ਕਰਦੇ ਸਨ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਸਾਰੇ ਚਾਅ-ਮਲ੍ਹਾਰ ਤਾਂ ਨਾਨਕੇ ਜਾ ਕੇ ਹੀ ਪੂਰੇ ਹੁੰਦੇ ਹਨ। ਦੂਜੇ ਪਾਸੇ ਮਾਂ ਵੀ ਸਾਰਾ ਸਾਲ ਇਸ ਉਮੀਦ ਵਿਚ ਕੱਟ ਦਿੰਦੀ ਹੈ ਕਿ ਛੁੱਟੀਆਂ ਵਿਚ ਧੀਆਂ ਬੱਚਿਆਂ ਨੂੰ ਨਾਨਕੇ ਲੈ ਕੇ ਆਉਣਗੀਆਂ। ਬੱਚੇ ਵੀ ਰੋਜ਼ ਦਿਨ ਗਿਣਦੇ ਹਨ ਕਿ ਕਿੰਨੇ ਦਿਨ ਨਾਨਕੇ ਜਾਣ ਚ ਰਹਿ ਗਏ ਹਨ। ਉਹ ਵੀ ਜਾਣਦੇ ਹਨ ਕਿ ਸਾਰੀਆਂ ਖ਼ਾਹਿਸ਼ਾਂ ਤੇ ਜ਼ਿਦਾਂ ਉਥੇ ਹੀ ਜਾ ਕੇ ਪੂਰੀਆਂ ਹੋਣਗੀਆਂ। ਉਹ ਕਈ-ਕਈ ਦਿਨ ਪਹਿਲਾਂ ਲਿਸਟਾਂ ਬਣਾਉਣੀਆਂ ਸ਼ੁਰੂ ਕਰ ਦਿੰਦੇ ਹਨ ਕਿ ਕਿਹੜੀ ਫ਼ਰਮਾਇਸ਼ ਕਿਸ ਕੋਲੋਂ ਪੂਰੀ ਕਰਨੀ ਹੈ। ਉਨ੍ਹਾਂ ਵਾਸਤੇ ਨਾਨਕਾ ਘਰ ਗਿਫ਼ਟ ਸੈਂਟਰ ਤੋਂ ਘੱਟ ਨਹੀਂ ਹੁੰਦਾ ਸੀ, ਜਿਸ ਚੀਜ਼ ਤੇ ਹੱਥ ਰੱਖੋ, ਉਹ ਹੀ ਮਿਲ ਜਾਂਦੀ ਸੀ। ਨਾਨੀ ਹੀ ਉਨ੍ਹਾਂ ਵਾਸਤੇ ਸਾਲ ਭਰ ਚੀਜ਼ਾਂ ਜੋੜਦੀ ਰਹਿੰਦੀ ਸੀ। ਨਾਨਾ ਵੇਖ-ਵੇਖ ਕੇ ਖ਼ੁਸ਼ ਹੁੰਦਾ ਸੀ ਜਦੋਂ ਬੱਚੇ ਆਪਣੀਆਂ ਚੀਜ਼ਾਂ ਲੁਕੋ-ਲੁਕੋ ਰੱਖਦੇ ਸਨ। ਇਹ ਉਹ ਜਗ੍ਹਾ ਹੁੰਦੀ ਸੀ ਜਿਥੇ ਨਾ ਕੋਈ ਰੋਕ-ਟੋਕ ਹੁੰਦੀ ਸੀ, ਹਰ ਤਰ੍ਹਾਂ ਦਾ ਮਨ-ਪਸੰਦ ਖਾਣਾ, ਮੌਜ-ਮਸਤੀ, ਘੁੰਮਣ-ਫਿਰਨ ਦੇ ਨਾਲ-ਨਾਲ ਸਾਲ ਭਰ ਦੇ ਸਾਰੇ ਵਾਅਦੇ ਪੂਰੇ ਕੀਤੇ ਜਾਂਦੇ ਸਨ।



ਛੁੱਟੀਆਂ ਵਿਚ ਧੀਆਂ ਨੂੰ ਵੀ ਪੇਕੇ ਜਾਣ ਦੀ ਬਹੁਤ ਖਿੱਚ ਹੁੰਦੀ ਸੀ। ਇਹ ਹੀ ਇਕ ਜਗ੍ਹਾ ਹੁੰਦੀ ਹੈ ਜਿਥੇ ਉਹ ਜਾ ਕੇ ਆਪਣਾਪਣ ਮਹਿਸੂਸ ਕਰਦੀਆਂ। ਪੁਰਾਣੀਆਂ ਯਾਦਾਂ ਨੂੰ ਆਪਣੇ ਬੱਚਿਆਂ ਨਾਲ ਸਾਂਝਾ ਕਰਦੀਆਂ ਹਨ। ਗਲੀ-ਮੁਹੱਲੇ ਤੇ ਪੁਰਾਣੇ ਲੋਕਾਂ ਨੂੰ ਮਿਲ ਕੇ ਤਰੋਤਾਜ਼ਾ ਹੋ ਜਾਂਦੀਆਂ ਹਨ। ਸਾਲ ਭਰ ਦੇ ਦੁੱਖ-ਸੁਖ ਦਾ ਪਿਟਾਰਾ ਵੀ ਉਹ ਮਾਂ ਨਾਲ ਫੋਲ ਕੇ ਦਿਲ ਹੌਲਾ ਕਰ ਲੈਂਦੀ ਹੈ। ਬੱਚੇ ਜਾ ਕੇ ਮਾਮੇ-ਮਾਸੀ ਦੇ ਦੁਆਲੇ ਹੋ ਜਾਂਦੇ ਹਨ। ਧੀਆਂ ਨੂੰ ਤਾਂ ਇਹ ਪਤਾ ਵੀ ਨਹੀਂ ਹੁੰਦਾ ਕਿ ਬੱਚੇ ਕੀ ਕਰ ਰਹੇ ਹਨ। ਉਹ ਤਾਂ ਪੇਕੇ ਸਾਲ ਭਰ ਦੀ ਥਕਾਵਟ ਲਾਉਣ ਆਉਂਦੀਆਂ ਹਨ।

ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਹੁਣ ਬੱਚਿਆਂ ਦਾ ਆਪਣੇ ਨਾਨਕਿਆਂ ਪ੍ਰਤੀ ਮੋਹ ਘਟ ਰਿਹਾ ਹੈ। ਨਾਨਾ-ਨਾਨੀ ਜਿਹੜੇ ਬੜੀ ਉਮੀਦ ਨਾਲ ਸਾਲ ਭਰ ਉਨ੍ਹਾਂ ਦੇ ਆਉਣ ਦੀ ਉਡੀਕ ਕਰਦੇ ਰਹਿੰਦੇ ਸਨ, ਉਥੇ ਹੁਣ ਜਾਣਾ ਪਸੰਦ ਹੀ ਨਹੀਂ ਕਰਦੇ। ਉਨ੍ਹਾਂ ਨੂੰ ਨਾਨਕੇ ਬੋਰ ਲਗਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਸੋਸ਼ਲ ਮੀਡੀਆ ਹੈ, ਕਹਿਣ ਨੂੰ ਤਾਂ ਸੋਸ਼ਲ ਹੈ। ਪਰ ਇਸ ਦੀ ਵਰਤੋਂ ਸਭ ਨੂੰ ਇਕੱਲੇ ਕਰਦੀ ਜਾ ਰਹੀ ਹੈ। ਸਮਾਰਟ ਫ਼ੋਨ ਨੇ ਬੱਚਿਆਂ ਨੂੰ ਇਕੱਲਾ ਕਰ ਦਿੱਤਾ ਹੈ। ਉਹ ਉਸ ਨਾਲ ਹੀ ਸਾਰਾ ਦਿਨ ਬਿਤਾਉਣ ਵਿਚ ਅਨੰਦ ਮਹਿਸੂਸ ਕਰਦੇ ਹਨ। ਕਿਤੇ ਜਾਣਾ ਉਨ੍ਹਾਂ ਨੂੰ ਬੋਝ ਲਗਦਾ ਹੈ, ਕਿਸੇ ਦਾ ਘਰ ਆਉਣਾ ਵੀ ਉਨ੍ਹਾਂ ਨੂੰ ਪਸੰਦ ਨਹੀਂ। ਉਹ ਆਜ਼ਾਦ ਰਹਿਣਾ ਪਸੰਦ ਕਰਦੇ ਹਨ। ਅੱਜ ਦੇ ਯੁੱਗ ਵਿਚ ਵੱਟਸਐਪ, ਫੇਸਬੁੱਕ ਤੇ ਨੈੱਟ ਆਦਿ ਹੀ ਉਨ੍ਹਾਂ ਦੇ ਮਿੱਤਰ ਅਤੇ ਰਿਸ਼ਤੇਦਾਰ ਹਨ। ਇਨ੍ਹਾਂ ਦੀ ਹਾਜ਼ਰੀ ਵਿਚ ਨਾਨਕਿਆਂ ਦੀ ਅਹਿਮੀਅਤ ਬਹੁਤ ਕਮਜ਼ੋਰ ਪੈ ਗਈ ਹੈ ਤੇ ਇੰਝ ਜਾਪਦਾ ਹੈ ਜਿਵੇਂ ਇਹ ਰਿਸ਼ਤਾ ਹੀ ਬੇਬੱਸ ਹੋ ਗਿਆ ਹੈ।

ਹੁਣ ਲੋਕ ਰਿਸ਼ਤੇਦਾਰਾਂ ਤੇ ਬੋਝ ਬਣਨ ਦੀ ਬਜਾਏ ਛੁੱਟੀਆਂ ਦਾ ਅਨੰਦ ਮਾਨਣਾ ਜ਼ਿਆਦਾ ਪਸੰਦ ਕਰਦੇ ਹਨ। ਕਈ ਬੱਚੇ ਆਪਣੇ ਦੋਸਤਾਂ ਨਾਲ ਛੁੱਟੀਆਂ ਮਨਾਉਂਦੇ ਹਨ। ਕਈ ਪਰਿਵਾਰ ਆਪਣੀ ਹੈਸੀਅਤ ਅਨੁਸਾਰ ਕਿਸੇ ਪਹਾੜੀ ਸਥਾਨ, ਧਾਰਮਿਕ ਜਾਂ ਇਤਿਹਾਸਕ ਥਾਂ ਤੇ ਜਾਣ ਦੇ ਨਾਲ-ਨਾਲ ਵਿਦੇਸ਼ੀ ਟੂਰ ਤੇ ਜਾਣਾ ਵੀ ਪਸੰਦ ਕਰਦੇ ਹਨ। ਘਰਾਂ ਵਿਚ ਹਰ ਤਰ੍ਹਾਂ ਦੀ ਸਹੂਲਤ ਹੋਣ ਕਰਕੇ ਧੀਆਂ ਪੇਕੇ ਤੇ ਬੱਚੇ ਨਾਨਕੇ ਜਾਣ ਤੋਂ ਜੀਅ ਚਰਾਉਂਦੇ ਹਨ। ਆਧੁਨਿਕ ਤਕਨੀਕਾਂ ਨੇ ਵੀ ਲੋਕਾਂ ਨੂੰ ਬਹੁਤ ਨੇੜੇ ਕਰ ਦਿੱਤਾ ਹੈ। ਫ਼ੋਨ ਜਾਂ ਵੀਡੀਓ ਕਾਲ ਕਰ ਕੇ ਇਕ ਦੂਜੇ ਕੋਲੋਂ ਪਲ-ਪਲ ਦੀ ਖ਼ਬਰ ਲੈਂਦੇ ਰਹਿੰਦੇ ਹਨ। ਪਰ ਨਾਨਕੇ ਤਾਂ ਅੱਜ ਵੀ ਗਰਮੀਆਂ ਦੀਆਂ ਛੁੱਟੀਆਂ ਵਿਚ ਦੋਹਤੇ-ਦੋਹਤੀਆਂ ਦੀ ਉਡੀਕ ਕਰਦੇ ਹਨ। ਬੇਸ਼ੱਕ ਤੁਸੀਂ ਬਹੁਤ ਦਿਨਾਂ ਵਾਸਤੇ ਛੁੱਟੀਆਂ ਵਿਚ ਨਾਨਕੇ ਨਾ ਜਾਓ। ਪਰ ਉਨ੍ਹਾਂ ਦੀ ਉਡੀਕ ਨੂੰ ਉਦਾਸੀ ਵਿਚ ਬਦਲਣ ਨਾ ਦਿਓ। ਆਪਣੀ ਸਹੂਲੀਅਤ ਅਨੁਸਾਰ ਦੋ-ਚਾਰ ਦਿਨਾਂ ਲਈ ਨਾਨਕਿਆਂ ਦੇ ਵਿਹੜੇ ਦੀ ਰੌਣਕ ਜ਼ਰੂਰ ਬਣੋ। ਉਥੇ ਜਾ ਕੇ ਸਮਾਰਟ ਫ਼ੋਨ ਤੇ ਮਸਤ ਰਹਿਣ ਦੀ ਬਜਾਏ ਨਾਨੀ-ਨਾਨੇ ਕੋਲੋਂ ਆਸ਼ੀਰਵਾਦ ਲੈਣ ਦੇ ਨਾਲ-ਨਾਲ ਉਨ੍ਹਾਂ ਦੇ ਅਨੁਭਵਾਂ ਨੂੰ ਸਿੱਖੋ ਅਤੇ ਉਸ ਦਾ ਲਾਭ ਉਠਾਓ। ਸਮੇਂ-ਸਮੇਂ ਤੇ ਉਨ੍ਹਾਂ ਨਾਲ ਸੰਪਰਕ ਕਰਦੇ ਰਹੋ ਅਤੇ ਅਸੀਸਾਂ ਲੈਂਦੇ ਰਹੋ।

# ਅਖ਼ਬਾਰ ਪੜ੍ਹਨੀ ਕਭੀ ਮੱਤ ਛੋੜਨਾ !



ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ। ਫ਼ੌਜ ਵਿਚ ਨਵਾਂ- ਨਵਾਂ ਭਰਤੀ ਹੋਇਆ ਸਾਂ ਮੈਂ। ਅਜੇ ਟ੍ਰੇਨਿੰਗ ਹੀ ਚੱਲ ਰਹੀ ਸੀ। ਸਾਡਾ ਟ੍ਰੇਨਿੰਗ ਕੈਂਪ ਪੂਨਾ ਸ਼ਹਿਰ (ਮਹਾਂਰਾਸ਼ਟਰ) ਵਿਚ ਸੀ। ਸਭ ਕੁਝ ਵਧੀਆ ਢੰਗ ਨਾਲ ਚੱਲ ਰਿਹਾ ਸੀ। ਹਾਂ, ਸਰੀਰਕ ਪੱਖੋਂ ਥਕਾਵਟ ਵਧੇਰੇ ਹੁੰਦੀ ਸੀ ਕਿਉਂਕਿ ਸਵੇਰੇ ਪੰਜ ਕਿਲੋਮੀਟਰ ਦੌੜ ਅਤੇ ਫੇਰ ਸਾਰਾ ਦਿਨ ਸਖ਼ਤ ਟ੍ਰੇਨਿੰਗ; ਸਰੀਰ ਥੱਕ- ਟੁੱਟ ਜਾਂਦਾ ਸੀ। ਪਰ ਜੋਸ਼ ਨਾਲ ਟ੍ਰੇਨਿੰਗ ਕਰਦੇ ਸਾਂ ਕਿਉਂਕਿ ਫੌ ?ਜੀ ਅਫ਼ਸਰ ਬਣਨਾ ਬਚਪਣ ਦਾ ਸੁਫ਼ਨਾ ਸੀ ਜਿਹੜਾ ਕਿ ਸਖ਼ਤ ਟ੍ਰੇਨਿੰਗ ਤੋਂ ਬਾਅਦ ਹੀ ਪੂਰਾ ਹੋਣਾ ਸੀ। ਖ਼ੈਰ,

ਮੈਨੂੰ ਸ਼ੁਰੂ ਤੋਂ ਹੀ ਕਿਤਾਬਾਂ ਪੜ੍ਹਨ ਦਾ ਬਹੁਤ ਚਸਕਾ ਰਿਹੈ। ਪਰ ਟ੍ਰੇਨਿੰਗ ਕਰਦਿਆਂ ਵਕਤ ਹੀ ਨਹੀਂ ਮਿਲਦਾ ਸੀ। ਹਾਂ, ਸਾਡੇ ਕੈਂਪ ਵਿਚ ਹਿੰਦੀ ਰਸਾਲੇ ਅਤੇ ਕੁਝ ਹਿੰਦੀ ਅਖ਼ਬਾਰਾਂ ਜ਼ਰੂਰ ਆਉਂਦੀਆਂ ਸਨ ਪਰ ਉਹ ਉਂਝ ਹੀ ਸਟੈਂਡ ਤੇ ਪਈਆਂ ਰਹਿੰਦੀਆਂ; ਕਿਸੇ ਕੋਲ ਪੜ੍ਹਨ ਦਾ ਵਕਤ ਨਹੀਂ ਸੀ ਹੁੰਦਾ।

ਕੈਂਪ ਦੀ ਸੁਰੱਖਿਆ ਵਾਸਤੇ ਰਾਤੀਂ ਡਿਊਟੀਆਂ ਲੱਗ ਜਾਂਦੀਆਂ। ਸਾਡਾ ਸੀਨੀਅਰ ਡਿਊਟੀਆਂ ਵੰਡ ਦਿੰਦਾ। ਅਸੀਂ ਦਿਨ ਵਿਚ ਟ੍ਰੇਨਿੰਗ ਕਰਦੇ ਅਤੇ ਰਾਤੀਂ ਤਿੰਨ / ਚਾਰ ਘੰਟੇ ਦੀ ਡਿਊਟੀ (ਪਹਿਰਾ) ਦਿੰਦੇ। ਮੈਂ ਪੜ੍ਹਨ- ਲਿਖਣ ਵਿਚ ਰਤਾ ਠੀਕ ਸਾਂ ਇਸ ਲਈ ਮੈਨੂੰ ਕਾਗਜ਼ੀ ਕਾਰਵਾਈ ਲਈ ਛੱਡ ਦਿੰਦੇ ਸਨ; ਜਿਵੇਂ ਕੋਰਸ ਦੀਆਂ ਲਿਸਟਾਂ ਬਣਾਉਣੀਆਂ, ਅਗਲੇ ਦਿਨ ਦਾ ਪ੍ਰੋਗਰਾਮ ਬਣਾਉਣਾ, ਪੂਰੇ ਦਿਨ ਦਾ ਲੇਖਾ- ਜੋਖਾ ਲਿਖ ਕੇ ਸੀਨੀਅਰ ਨੂੰ ਦੇਣਾ ਅਤੇ ਆਰਡਰ ਬੁੱਕ ਲਿਖਣਾ ਆਦਿ।

ਪਰ ਹਫ਼ਤੇ ਵਿਚ ਇੱਕ ਵਾਰ ਮੇਰਾ ਨੰਬਰ ਵੀ ਡਿਊਟੀ ਦੇਣ ਲਈ ਆ ਜਾਂਦਾ। ਇੰਝ ਹੀ ਇੱਕ ਦਿਨ (ਦਿਨ ਨਹੀਂ ਰਾਤ) ਮੇਰੀ ਡਿਊਟੀ ਲੱਗ ਗਈ। ਮੈਂ ਆਪਣੇ ਫ਼ੌਜੀ ਕੈਂਪ ਦੇ ਦੁਆਲੇ ਚੱਕਰ ਮਾਰ ਕੇ ਮੁੱਖ ਗੇਟ ਦੇ ਕੋਲ ਆ ਗਿਆ। ਰਾਤ ਦਾ ਸ਼ਾਇਦ ਇੱਕ ਵੱਜਾ ਸੀ। ਮੈਨੂੰ ਆਪਣੇ ਆਸੇ-ਪਾਸੇ ਕੋਈ ਨਹੀਂ ਦਿੱਸਿਆ। ਮੈਂ ਉਸ ਸਟੈਂਡ ਕੋਲ ਅੱਪੜ ਗਿਆ ਜਿੱਥੇ ਅਖ਼ਬਾਰ ਅਤੇ ਰਸਾਲੇ ਰੱਖੇ ਹੁੰਦੇ ਸਨ। ਪਤਾ ਨਹੀਂ ਮੇਰੇ ਮਨ ਵਿਚ ਕਿੰਝ ਇਹ ਵਿਚਾਰ ਆਇਆ ਕਿ ਮੈਂ ਅਖ਼ਬਾਰ ਦੇ ਪੰਨੇ ਪਲਟਣ ਲੱਗਾ। ਪੰਨੇ ਪਲਟਦਿਆਂ ਅਖ਼ਬਾਰ ਪੜ੍ਹਨ ਵਿਚ ਮਗਨ ਹੋ ਗਿਆ। ਇੰਨੇ ਨੂੰ ਸਾਡਾ ਸੀਨੀਅਰ ਪਤਾ ਨਹੀਂ ਕਿੱਧਰੋਂ ? ਡਿਊਟੀ ਚੈੱਕ ਕਰਨ ਲਈ ਆ ਪਹੁੰਚਿਆ। ਮੈਨੂੰ ਅਖ਼ਬਾਰ ਪੜ੍ਹਨ ਵਿਚ ਰੁੱਝਾ ਦੇਖ ਕੇ ਉਹ ਗੁੱਸੇ ਨਾਲ ਲਾਲ ਹੋ ਗਿਆ।

'ਸੰਤਰੀ ?' ਉਹਨੇ ਉੱਚੀ ਆਵਾਜ਼ ਮਾਰੀ।

'ਜੀ ਸਾਬ੍ਹ' ਮੇਰੇ ਮੂੰਹੋਂ ਇਹ ਦੋ ਸ਼ਬਦ ਹੀ ਨਿਕਲੇ। ਮੈਂ ਡਰ ਗਿਆ। ਅਖ਼ਬਾਰ ਉਵੇਂ ਹੀ ਛੱਡ ਮੈਂ ਗੇਟ ਵੱਲ ਨੂੰ ਭੱਜਾ। ਸੀਨੀਅਰ ਆਪਣੇ ਹੱਥ ਕੱਛਾਂ ਵਿੱਚ ਦਿੱਤੀ ਖ਼ੜਾ ਮੇਰੇ ਵੱਲ ਅੱਖਾਂ ਕੱਢ ਰਿਹਾ ਸੀ।

ਗਾਲ਼ ਕੱਢ ਕੇ ਉਹ ਬੋਲਿਆ, 'ਕਹਾਂ ਮਰ ਗਿਆ ਥਾ?'

'ਸਾਬ੍ਹ, ਮੈਂ ਉੰਦਰ ਚੱਕਰ ਮਾਰਨੇ ਗਿਆ ਥਾ' ਮੈਂ ਡਰਦਿਆਂ ਕਿਹਾ।

'ਸਾਲੇ, ਬਕਵਾਸ ਕਰਤਾ ਹੈ।' ਉਹ ਸੱਚਮੁੱਚ ਬਹੁਤ ਗੁੱਸੇ ਵਿਚ ਸੀ।

ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ - 90414-98009

'ਚੱਲ ਬੈਂਡ ਹੋ ਜਾ (ਭਾਵ ਹੱਥ ਥੱਲੇ ਜ਼ਮੀਨ ਤੇ ਲਾ ਕੇ ਝੁੱਕ ਜਾ)।'

ਹੁਕਮ ਦੀ ਪਾਲਣਾ ਕਰਦਿਆਂ ਮੈਂ ਬੈਂਡ ਹੋ ਗਿਆ। ਉਸਦਾ ਗੁੱਸਾ ਅਜੇ ਵੀ ਸ਼ਾਂਤ ਨਹੀਂ ਸੀ ਹੋਇਆ।

'ਚੱਲ ਫ੍ਰੰਟ ਰੂਲ (ਜਿਵੇਂ ਨਿੱਕੇ ਜੁਆਕ ਅੱਗੇ ਨੂੰ ਕਲਾਬਾਜੀਆਂ ਮਾਰਦੇ ਹਨ) ਸ਼ੁਰੂ ਕਰ।'

ਮੈਂ ਲਗਭਗ ਅੱਧਾ ਘੰਟਾ ਫ੍ਰੰਟ ਰੂਲ ਮਾਰਦਾ ਰਿਹਾ। ਮੇਰੀ ਹਾਲਤ ਖ਼ਰਾਬ ਹੋ ਗਈ। ਉਹ ਕੋਲ ਹੀ ਖੜਾ ਸੀ।

'ਚੱਲ ਖ਼ੜਾ ਹੋ। ਆਗੇ ਸੇ ਡਿਊਟੀ ਧਿਆਨ ਸੇ ਦੇਣਾ।' ਆਖ ਕੇ ਉਹ ਬੈਰਕ ਵੱਲ ਨੂੰ ਚਲਾ ਗਿਆ। ਮੇਰੇ ਮਨ ਵਿਚ ਪਛਤਾਵਾ ਵੀ ਹੋਇਆ ਸੀ ਕਿ ਮੈਂ ਕਿਉਂ ਅਖ਼ਬਾਰ ਪੜ੍ਹਦਾ ਪਿਆ ਸਾਂ ? ਹਾਲਾਂਕਿ ਪੂਨਾ ਸ਼ਹਿਰ ਵਿਚ ਕੋਈ ਵੱਡੀ ਸੁਰੱਖਿਆ ਦੀ ਲੋੜ ਨਹੀਂ ਹੁੰਦੀ ਕਿਉਂਕਿ ਫ਼ੌਜੀ ਕੈਂਪ ਸ਼ਹਿਰ ਦੇ ਬਿਲਕੁਲ ਅੰਦਰ ਹੈ ਪਰ ਫ਼ੌਜੀਆਂ ਦੀ ਆਦਤ ਵਿਚ ਸ਼ਾਮਿਲ ਕਰਵਾਉਣ ਲਈ ਇੱਥੇ ਡਿਊਟੀ ਲਾਜ਼ਮੀ ਲਗਾਈ ਜਾਂਦੀ ਹੈ।

ਸਹਿਜੇ- ਸਹਿਜੇ ਸਮਾਂ ਬਤੀਤ ਹੁੰਦਾ ਗਿਆ। ਸਾਡੀ ਟ੍ਰੇਨਿੰਗ ਖ਼ਤਮ ਹੋ ਗਈ। ਟ੍ਰੇਨਿੰਗ ਖ਼ਤਮ ਹੋਣ ਤੇ ਮੈਨੂੰ ਉਸ ਕੋਰਸ ਦਾ ਸਰਵੋਤਮ ਅਵਾਰਡ ਮਿਲਿਆ। ਮੇਰੇ ਸਾਰੇ ਸਾਥੀ ਬਹੁਤ ਖ਼ੁਸ਼ ਸਨ। ਮੈਂ ਵੀ ਸਭ ਦੀਆਂ ਮੁਬਾਰਕਾਂ ਕਬੂਲ ਕਰ ਰਿਹਾ ਸਾਂ। ਇੰਨੇ ਨੂੰ ਮੇਰਾ ਸੀਨੀਅਰ ਮੇਰੇ ਕੋਲ ਆ ਗਿਆ।

'ਜੈ ਹਿੰਦ ਸਾਬ੍ਹ।' ਮੈਂ ਉੱਚੀ ਆਵਾਜ਼ ਵਿਚ ਕਿਹਾ।

'ਜੈ ਹਿੰਦ। ਏਕ ਬਾਤ ਕਹੂੰ ?' ਸੀਨੀਅਰ ਬੋਲਿਆ।

'ਜੀ ਸਾਬ੍ਹ।' ਮੈਂ ਸਾਵਧਾਨ ਹੋ ਕੇ ਕਿਹਾ।

'ਅਖ਼ਬਾਰ ਪੜ੍ਹਨੀ ਕਭੀ ਮੱਤ ਛੋੜਨਾ।' ਕਹਿ ਕੇ ਉਹ ਉੱਚੀ ਹੱਸ ਪਿਆ।

ਮੇਰਾ ਰੋਣਾ ਨਿਕਲ ਆਇਆ। ਮੈਨੂੰ ਜੱਫ਼ੀ ਵਿਚ ਲੈ ਕੇ ਬੋਲਿਆ, ਸਾਬ੍ਹ, 'ਯੇ ਪੜ੍ਹਨੇ ਦੀ ਲੱਤ ਆਪਕੋ ਏਕ ਦਿਨ ਬੁਲੰਦੀ ਪਰ ਲੇਕਰ ਜਾਏਗੀ, ਯਾਦ ਰੱਖਣਾ।'

ਉਹੀ ਹੋਇਆ। ਫ਼ੌਜ ਵਿਚ ਰਹਿੰਦਿਆਂ ਮੈਂ ਪੰਜਾਬੀ ਸਾਹਿਤ ਉੱਪਰ ਪੀਐੱਚ[ ਡੀ[ ਤੱਕ ਦੀ ਪੜ੍ਹਾਈ ਕੀਤੀ। ਪੰਜਾਬੀ ਸਾਹਿਤ ਉੱਪਰ ਚਾਰ ਕਿਤਾਬਾਂ ਲਿਖੀਆਂ ਅਤੇ 400 ਤੋਂ ਵੱਧ ਲੇਖ ਅਖ਼ਬਾਰਾਂ/ ਰਸਾਲਿਆਂ ਵਿਚ ਪ੍ਰਕਾਸ਼ਤ ਹੋਏ ਅਤੇ ਹੁਣ ਵੀ ਨਿਰੰਤਰ ਜਾਰੀ ਹਨ।

ਆਖ਼ਰ ਵਿਚ ਬੰਦੇ ਨੂੰ ਆਪਣੇ ਸ਼ੌਂਕ ਨਹੀਂ ਮਰਨ ਦੇਣੇ ਚਾਹੀਦੇ। ਹਾਲਾਤ ਜਿਵੇਂ ਦੇ ਮਰਜ਼ੀ ਹੋਣ ਆਪਣੀ ਮੰਜਿ ?ਲ ਲਈ ਲਗਾਤਾਰ ਯਤਨ ਕਰਦੇ ਰਹਿਣਾ ਚਾਹੀਦਾ ਹੈ। ਜਿਹੜੇ ਲੋਕ ਲਗਾਤਾਰ ਮਿਹਨਤ ਕਰਦੇ ਰਹਿੰਦੇ ਹਨ ਉਹ ਆਖ਼ਰ ਨੂੰ ਆਪਣੀ ਮੰਜਿ ?ਲ ਨੂੰ ਪ੍ਰਾਪਤ ਕਰ ਲੈਂਦੇ ਹਨ।

ਹੁਣ ਵੀ ਜਦੋਂ ਮੈਂ ਅਖ਼ਬਾਰ ਪੜ੍ਹਦਾ ਹਾਂ ਤਾਂ ਮੈਨੂੰ ਵੀਹ ਸਾਲ ਪੁਰਾਣੀ ਆਪਣੇ ਸੀਨੀਅਰ ਦੀ ਗੱਲ ਚੇਤੇ ਆ ਜਾਂਦੀ ਹੈ;

'ਅਖ਼ਬਾਰ ਪੜ੍ਹਨੀ ਕਭੀ ਮੱਤ ਛੋੜਨਾ।'

## 3 ਜੂਨ ਜਨਮਦਿਨ ਤੇ ਵਿਸ਼ੇਸ਼ ਲੇਖ

# ਪੰਜਾਬੀ ਦਾ ਮਹਾਨ ਕਵੀ ਗੀਤਕਾਰ ਨੰਦ ਲਾਲ ਨੂਰਪੁਰੀ

ਪੰਜਾਬੀ, ਕਵੀ, ਲੇਖਕ ਅਤੇ ਗੀਤਕਾਰ ਨੰਦ ਲਾਲ਼ ਨੂਰਪੁਰੀ ਦਾ ਜਨਮ 3 ਜੂਨ 1906 ਨੂੰ ਪਿਤਾ ਬਿਸ਼ਨ ਸਿੰਘ ਅਤੇ ਮਾਤਾ ਹੁਕਮ ਦੇਵੀ ਦੀ ਕੁਖੋਂ ਪਿੰਡ ਨੂਰਪੁਰ ਜ਼ਿਲ੍ਹਾ ਲਾਇਲਪੁਰ(ਅਣਵੰਡੇ ਪੰਜਾਬ)ਵਿਚ ਹੋਇਆ।ਨੰਦ ਲਾਲ ਨੂਰਪੁਰੀ ਨੇ ਆਪਣੀ ਵੱਖਰੀ ਪਛਾਣ ਬਣਾਉਣ ਲਈ ਆਪਣੇ ਨਾਮ ਦੇ ਪਿੱਛੇ ਪਿੰਡ ਦਾ ਨਾਮ ਲਗਾ ਲਿਆ ਸੀ।

ਦਸਵੀਂ ਤੱਕ ਦੀ ਸਿੱਖਿਆ ਖ਼ਾਲਸਾ ਹਾਈ ਸਕੂਲ ਲਾਇਲਪੁਰ ਤੋਂ ਪ੍ਰਾਪਤ ਕਰਨ ਤੋਂ ਬਾਅਦ ਖ਼ਾਲਸਾ ਕਾਲਜ ਵਿਚ ਦਾਖ਼ਲਾ ਲੈ ਲਿਆ ਫਿਰ ਕੁਝ ਸਮਾਂ ਅਧਿਆਪਕ ਦੀ ਨੌਕਰੀ ਕੀਤੀ। ਨੰਦ ਲਾਲ ਨੂਰਪੁਰੀ ਛੇ ਫੁੱਟ ਲੰਬਾ ਸੰਡੋਲ ਸਰੀਰ ਦਾ ਜਵਾਨ ਮੁੰਡਾ ਸੀ ਉਸ ਦੇ ਤਾਕਤਵਾਰ ਅਤੇ ਕੱਦਾਵਾਰ ਸਰੀਰ ਨੇ ਪੁਲੀਸ ਅਫ਼ਸਰ ਨੂੰ ਪ੍ਰਭਾਵਿਤ ਕੀਤਾ ਉਸ ਨੇ ਇਸ ਨੂੰ ਬੀਕਾਨੇਰ ਵਿਖੇ ਏ. ਐਸ. ਆਈ ਭਰਤੀ ਕਰ ਲਿਆ।ਬੀਕਾਨੇਰ ਰਹਿੰਦਿਆਂ ਹੀ ਇਸ ਦਾ ਵਿਆਹ ਸਮਿਤਰਾ ਦੇਵੀ ਨਾਲ ਹੋ ਗਿਆ। ਇਸ ਘਰ ਛੇ ਲੜਕੀਆਂ ਅਤੇ ਦੋ ਲੜਕਿਆਂ ਸਤਿਨਾਮ ਤੇ ਸਤਿਕਰਤਾਰ ਨੇ ਜਨਮ ਲਿਆ। ਪੁਲੀਸ ਦੀ ਨੌਕਰੀ ਕਰਦਿਆਂ ਇਕ ਪੁਲੀਸ ਮੁਕਾਬਲੇ ਨੇ ਉਸ ਦੇ ਮਨ ਨੂੰ ਕਾਫੀ ਠੇਸ ਪਹੁੰਚਾਈ ਉਸ ਦਾ ਕਵੀ ਮਨ ਕੁਰਲਾ ਉਠਿਆ ਫਿਰ ਉਸ ਨੇ ਲਿਖਿਆ–

– ਇਥੋਂ ਉਡਜਾ ਭੋਲਿਆ ਪੰਛੀਆ,
ਵੇ ਤੂੰ ਆਪਣੀ ਜਾਨ ਬਚਾ
ਇੱਥੇ ਘਰ ਘਰ ਫ਼ਾਹੀਆਂ ਗੱਡੀਆਂ,
ਵੇ ਤੂੰ ਛੁਰੀਆਂ ਹੇਠ ਨਾ ਆ।

1934 ਤੋਂ 1940 ਤੱਕ ਛੇ ਸਾਲ ਪੁਲੀਸ ਦੀ ਨੌਕਰੀ ਕਰਕੇ ਤਿਆਗ ਦਿੱਤੀ ਫਿਰ ਵਾਪਸ ਆਪਣੇ ਪਿੰਡ ਚੱਲਿਆ ਗਿਆ। ਪ੍ਰੋ. ਮੋਹਣ ਸਿੰਘ ਅਨੁਸਾਰ ਇੰਨਾਂ ਦਿਨਾਂ ਵਿਚ ਸ਼ੋਰੀ ਫ਼ਿਲਮ ਕੰਪਨੀ ਦੀ ਮੰਗ ਉੱਤੇ ਇਸ ਨੇ ਪੰਜਾਬੀ ਫ਼ਿਲਮ @ਮੰਗਤੀ @ ਦੇ ਗੀਤ ਲਿਖੇ ਜਿਸ ਨਾਲ ਬਤੌਰ ਗੀਤਕਾਰ ਉਸ ਜੀ ਮੰਗ ਵਧਣ ਲੱਗੀ।ਇਸ ਤਰਾਂ @ਗੀਤ ਬਹਾਰਾਂ ਦੇ @ ਅਤੇ @ਵਲਾਇਤ ਪਾਸ @ਫ਼ਿਲਮਾਂ ਦੇ ਲਿਖੇ ਗੀਤ ਵੀ ਬਹੁਤ ਮਕਬੂਲ ਹੋਏ।

1947 ਨੂੰ ਦੇਸ਼ ਦੇ ਵਟਵਾਰੇ ਦਾ ਸੰਤਾਪ ਵੀ ਇਸ ਨੂੰ ਪਿੰਡੇ ਤੇ ਹੰਡਾਉਣਾ ਪਿਆ। ਇਸ ਹਫੜਾ ਦਫੜੀ ਵਿਚ ਇਸਨੇ ਲਹਿੰਦੇ ਪੰਜਾਬ ਦਾ ਨੂਰਪੁਰ(ਲਾਇਲਪੁਰ)ਪਿੰਡ ਛੱਡ ਕੇ ਚੜ੍ਹਦੇ ਪੰਜਾਬ ਮਾਡਲ ਹਾਊਸ ਕਲੋਨੀ ਜਲੰਧਰ ਵਿਖੇ ਰਿਹਾਇਸ਼ ਕਰ ਲਈ।ਆਜ਼ਾਦੀ ਤੋਂ ਬਾਅਦ ਕੁਝ ਸਮਾਂ ਭਾਸ਼ਾ ਵਿਭਾਗ ਵਿਚ ਨੌਕਰੀ ਕੀਤੀ ਪਰ ਦੋ ਢਾਈ ਸਾਲ ਬਾਅਦ ਉਹ ਵੀ ਤਿਆਗ ਦਿੱਤੀ ਫਿਰ ਉਹ ਕਵੀ ਦਰਬਾਰਾਂ ਅਤੇ ਰੇਡੀਉ ਰਾਹੀ ਜਿੰਦਗੀ ਬਤੀਤ ਕਰਨ ਲੱਗਾ।

ਨੰਦ ਲਾਲ ਨੂਰਪੁਰੀ ਦੀ ਸਿੱਖ ਧਰਮ ਲਈ ਅਥਾਹ ਸ਼ਰਧਾ ਅਤੇ ਪਿਆਰ ਸੀ ਉਸ ਨੇ ਕਈ ਧਾਰਮਿਕ ਗੀਤ ਲਿਖੇ ਜੋ ਸਾਰੇ ਹੀ ਮਕਬੂਲ ਹੋਏ–

– ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।
– ਵਸਦੇ ਅਨੰਦਪੁਰ ਨੂੰ ਛੱਡ ਚਲਿਆ ਕਲਗੀਆਂ
ਵਾਲਾ।
– ਅੱਧੀ ਰਾਤੀ ਮਾਂ ਗੁਜਰੀ ਬੈਠੀ
ਘੋੜੀ ਚੰਦਾਂ ਦੀ
ਗਾਵੇ,
ਅੱਖੀਆਂ ਦੇ ਤਾਰਿਆਂ ਦਾ ਮੈਨੂੰ
ਚਾਨਣਾ ਨਜ਼ਰ
ਨਾ ਆਵੇ।
– ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ
ਵਿਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ
– ਕਿੱਡੇ ਸੋਹਣੇ ਚੰਦ ਨੀ ਤੇ ਕਿੱਡੇ ਸੋਹਣੇ ਬਾਲ ਨੀ,
ਟੁਰੇ ਜਾਂਦੇ ਸੂਬੇ ਦੇ ਸਿਪਾਹੀਆਂ ਦੇ ਜੋ ਨਾਲ ਨੀ।

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ +91 9914184794

ਇਹ ਗੀਤ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋਏ।

ਨੂਰਪੁਰੀ ਨੇ ਸਭ ਤੋਂ ਪਹਿਲਾਂ 1925 ਵਿਚ ਦੇਸ਼ ਭਗਤੀ ਦਾ ਗੀਤ @ ਮੈਂ ਵਤਨ ਦਾ ਸ਼ਹੀਦ@ ਲਿਖਿਆ–

– ਮੈਂ ਵਤਨ ਦਾ ਸ਼ਹੀਦ ਹਾਂ, ਮੇਰੀ ਯਾਦ ਭੁਲਾ ਦੇਣੀ
ਮੇਰੇ ਖ਼ੂਨ ਦੀ ਇਕ ਪਿਆਲੀ, ਕਿਸੇ ਪਿਆਸੇ ਨੂੰ
ਪਿਲਾ ਦੇਣੀ।

ਨੰਦ ਲਾਲ ਨੂਰਪੁਰੀ ਨੇ ਹੋਰ ਬਹੁਤ ਸਾਰੇ ਸਾਫ਼ ਸੁਥਰੇ ਗੀਤ ਲਿਖੇ ਜਿੰਨਾਂ ਵਿਚੋਂ ਪੰਜਾਬੀ ਸਭਿਆਚਾਰ ਦੀ ਝਲਕ ਮਾਰਦੀ ਸੀ–

–ਜੂਤੀ ਕਸੂਰੀ ਪੈਰੀਂ ਨਾ ਪੂਰੀ,ਹਾਏ ਰੱਬਾ ਵੇ ਸਾਨੂੰ
ਤੁਰਨਾ ਪਿਆ
ਜਿੰਨਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ,ਉਹਨੀ ਰਾਹੀ
ਵੇ ਮੈਨੂੰ ਮੁੜਨਾ ਪਿਆ।
– ਚੰਨ ਵੇ ! ਕਿ ਸ਼ੌਕਣ ਮੇਲੇ ਦੀ,
ਪੈਰ ਧੋ ਕਿ ਝਾਂਜਰਾਂ ਪਾਉਂਦੀ ਮੇਲਦੀ ਆਉਂਦੀ
ਕਿ ਸ਼ੌਕਣ ਮੇਲੇ ਦੀ।
– ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ,
ਗਲੀਆਂ ਦੇ ਵਿਚ ਡੰਡ ਪਾਉਂਦੀਆਂ ਗਈਆਂ।
– ਹਟੋ ਨੀ ਸਹੇਲੀਉ ਹਟਾਉ ਨਾ ਨੀ ਗੋਰੀਉ,
ਗੁੜ ਵਾਂਗੂੰ ਮਿੱਠੀਓ ਨੀ ਗੰਨੇ ਦੀਉ ਪੋਰੀਉ।
ਨੀ ਮੈਨੂੰ ਅੱਗ ਦੇ ਭਬੂਕੇ ਵਾਂਗੂੰ ਮੱਚ ਲੈਣ ਦੇ,
ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ।

ਅਜਿਹੇ ਬਹੁਤ ਸਾਰੇ ਗੀਤ ਸੁਰਿੰਦਰ ਕੌਰ ਤੇ ਪਰਕਾਸ਼ ਕੌਰ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋਏ।ਜਦ ਦੇਸ਼ ਆਜ਼ਾਦ ਹੋਇਆ ਭਾਖੜੇ ਡੈਮ ਤੋਂ ਬਿਜਲੀ ਪੈਦਾ ਹੋ ਕੇ ਪੰਜਾਬ ਵੱਲ ਆਉਣ ਲੱਗ ਪਈ ਤਾਂ ਉਸ ਖੁਸ਼ੀ ਵਿਚ ਨੂਰਪੁਰੀ ਨੇ ਗੀਤ ਲਿਖਿਆ ਜੋ ਹਰਚਰਨ ਗਰੇਵਾਲ ਨੇ ਗਾਇਆ–

– ਚੰਦ ਨਾਲੋਂ ਗੋਰੀ ਉੱਤੇ ਚੁੰਨੀ ਸੁੱਚੇ ਕੱਚ ਦੀ
ਭਾਖੜੇ ਤੋਂ ਆਉਂਦੀ ਮੁਟਿਆਰ ਇਕ ਨੱਚਦੀ।

ਨੰਦ ਲਾਲ ਨੂਰਪੁਰੀ ਦੀਆਂ ਅੱਡ ਅੱਡ ਪ੍ਰਕਾਸ਼ਤ ਪੁਸਤਕਾਂ ਵਿਚ ਨੂਰੀ ਪਰੀਆਂ, ਵੰਗਾਂ,ਜਿਉਂਦਾ ਪੰਜਾਬ, ਨੂਰਪੁਰੀ ਦੇ ਗੀਤ ਅਤੇ ਸੁਗਾਤ ਸ਼ਾਮਲ ਹਨ ਇੰਨਾਂ ਚੋਂ ਆਖ਼ਰੀ ਪੁਸਤਕ ▾ਸੁਗਾਤ @ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਪਹਿਲਾ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਸੀ।ਨੂਰਪੁਰੀ ਨੇ 125 ਕੁ ਕਾਵਿ ਵੰਨਗੀਆਂ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੀਆਂ ਜਿੰਨਾਂ ਵਿਚ ਕਵਿਤਾਵਾਂ, ਗੀਤ ਤੇ ਗਜਲਾਂ ਸ਼ਾਮਲ ਹਨ ਇੰਨ੍ਹਾਂ ਵਿਚ ਗੀਤਾਂ ਦੀ ਗਿਣਤੀ ਸਭ ਨਾਲੋਂ ਜਿਆਦਾ 71 ਹੈ ਕਵਿਤਾਵਾਂ 25 ਅਤੇ ਗਜਲਾਂ 12 ਹਨ। ਉਸ ਦੀ ਸਮੂਚੀ ਰਚਨਾਂ ਨੂੰ ਇਕ ਸਚੁੱਜੀ ਤਰਤੀਬ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰੋ. ਮੋਹਨ ਸਿੰਘ ਦੀ ਸੰਪਾਦਨਾਂ ਹੇਠ 1969 ਵਿਚ ਨੰਦ ਲਾਲ ਨੂਰਪੁਰੀ ਕਾਵਿ ਸੰਗ੍ਰਿਹ ਹੇਠ ਛਾਪਿਆ ਗਿਆ।

ਇਸ ਦੀ ਸਾਹਿਤ ਸੇਵਾ ਤੇ ਦੇਸ਼ ਸੇਵਾ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਸਰਕਾਰ ਨੇ 75 ਰੁਪਏ ਮਹੀਨਾ ਵਜੀਫ਼ਾ ਲਗਾ ਦਿੱਤਾ ਸੀ ਪਰ ਫਿਰ ਵੀ ਘਰ ਦਾ ਗੁਜ਼ਾਰਾ ਚੱਲਣਾ ਮੁਸ਼ਕਲ ਹੋ ਗਿਆ ਸੀ।

ਉਸ ਦੇ ਗੀਤਾਂ ਗਜਲਾਂ ਵਿਚੋਂ ਨਿਰਾਸ਼ਾ ਦਾ ਰੰਗ ਨਜ਼ਰ ਆਉਣ ਲੱਗ ਪਿਆ ਸੀ ਉਸ ਨੇ ਲਿਖਿਆ– –

ਬੜਾ ਦੁਨੀਆਂ ਦਾ ਮੈਂ ਸਤਾਇਆ ਹੋਇਆ ਹਾਂ
ਕਿ ਤੰਗ ਇਸ ਜਿੰਦਗੀ ਤੋਂ ਆਇਆ ਹੋਇਆ ਹਾਂ
ਕੱਫ਼ਨ ਵਿਚ ਜਰਾ ਸੌਣ ਦੇਵੋ ਨਾ ਬੋਲੋ
ਮੈਂ ਜਿੰਦਗੀ ਦੇ ਪੰਧ ਦਾ ਥਕਾਇਆ ਹੋਇਆ ਹਾਂ।

ਤੰਗੀਆਂ ਤੁਰਛੀਆਂ ਹੋਣ ਕਰਕੇ ਨੂਰਪੁਰੀ ਨੇ ਹਲਾਤਾਂ ਨਾਲ ਸਮਝੌਤਾ ਨਾ ਕੀਤਾ।ਉਸ ਦੇ ਮਨ ਦੇ ਵਿਚਾਰ ਹੌਲੀ ਹੌਲੀ ਆਤਮ ਹੱਤਿਆ ਵੱਲ ਨੂੰ ਲੈ ਤੁਰੇ। 13 ਮਈ 1966 ਦੀ ਚੰਦਰੀ ਰਾਤ ਨੂੰ ਸਾਰੇ ਲੋਕ ਸੌਂ ਗਏ।ਅੱਧੀ ਰਾਤ ਘਰ ਦੇ ਨਜ਼ਦੀਕ ਵਾਲੇ ਖੂਹ ਵਿਚ ਖੜਾਕ ਹੋਇਆ ਗਰਮੀ ਦੀ ਰੁੱਤ ਕਰਕੇ ਲੋਕ ਕਮਰਿਆਂ ਤੋਂ ਬਾਹਰ ਹੀ ਸੁੱਤੇ ਹੋਏ ਸਨ ਉਹ ਇਕ ਦਮ ਖੂਹ ਵੱਲ ਭੱਜ ਪਏ।ਜਦ ਘਰਦਿਆਂ ਨੇ ਨੰਦ ਲਾਲ ਨੂਰਪੁਰੀ ਦਾ ਬਿਸਤਰਾ ਖਾਲੀ ਵੇਖਿਆ ਤੇ ਖੂਹ ਲਾਗੇ ਪਹੁੰਚ ਕੇ ਚਪਲਾਂ ਪਛਾਣੀਆਂ ਤਾਂ ਵਿਰਲਾਪ ਨੇ ਕੰਧਾਂ ਕੋਲ਼ੇ ਵੀ ਹਿਲਾ ਦਿੱਤੇ।ਇੰਨ੍ਹੀ ਵੱਡੀ ਸਖਸ਼ੀਅਤ ਦਾ ਇਤਨਾਂ ਦੁੱਖਦਈ ਅੰਤ ! ਅੱਜ ਵੀ ਇਹਨਾਂ ਸਰਕਾਰਾਂ ਦੇ ਮੱਥੇ ਤੇ ਕਲੰਕ ਹੈ। ਹਰਚਰਨ ਗਰੇਵਾਲ, ਸਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੇ ਰੱਜ ਕੇ ਨੂਰਪੁਰੀ ਦੇ ਗੀਤਾਂ ਨੂੰ ਗਾਇਆ ਆਪਣਾ ਨਾਮ ਵੀ ਕਲਾਕਾਰਾਂ ਦੀ ਪਹਿਲੀ ਕਤਾਰ ਵਿਚ ਲਿਖਵਾ ਲਿਆ ਤੇ ਕਾਰਾਂ ਕੋਠੀਆਂ ਵੀ ਬਣਾ ਲਈਆਂ ਸਨ ਪਰ ਇਸ ਦੀ ਕਿਸੇ ਨੇ ਸਾਰ ਨਾ ਲਈ।ਨੰਦ ਲਾਲ ਨੂਰਪੁਰੀ ਗਰੀਬੀ ਹੋਣ ਕਰਕੇ ਪੈਰੀਂ ਚੱਪਲਾਂ ਤੇ ਆਉਣ ਜਾਣ ਲਈ ਸਾਇਕਲ ਤੇ ਗੁਜ਼ਾਰਾ ਕਰਦਾ ਇਸ ਨਰਦਈ ਸੰਸਾਰ ਨੂੰ ਅਲਵਿਦਾ ਕਹਿ ਗਿਆ ਸੀ।ਨੂਰਪੁਰੀ ਦੀਆਂ ਲਿਖੀਆਂ ਲਾਈਨਾਂ–

– ਚੱਲ ਜੀਆ ਘਰ ਆਪਣੇ ਚੱਲੀਏ,
ਨਾ ਕਰ ਮੱਲਾ ਅੜੀਆਂ।
ਇਹ ਪਰਦੇਸ਼ ਦੇਸ਼ ਨਹੀ ਸਾਡਾ,
ਇੱਥੇ ਗੁੰਝਲਾਂ ਬੜੀਆਂ।

# ਫਲਸਤੀਨ ਵਿੱਚ ਸ਼ਾਂਤੀ ਮਨੁੱਖਤਾ ਦੀ ਪ੍ਰੀਖਿਆ ਹੈ

## ਜ਼ੁਲਮ ਸਹਿਣ ਤੋਂ ਬਾਅਦ ਜੋ ਸੱਚ ਸਾਹਮਣੇ ਆਉਂਦਾ ਹੈ, ਉਹ ਕਰਬਲਾ ਵਿਚ ਹੁਸੈਨ ਦੀ ਸ਼ਹਾਦਤ ਤੱਕ ਪ੍ਰਭਾਵੀ ਰਹਿੰਦਾ ਹੈ।





ਜ਼ਫ਼ਰ ਇਕਬਾਲ ਜ਼ਫ਼ਰ
ਲਾਹੌਰ ਪਾਕਿਸਤਾਨ

ਸੰਸਾਰ ਵਿੱਚ ਸੈਂਕੜੇ ਧਰਮਾਂ ਦੇ ਲੋਕ ਹਨ, ਜੇਕਰ ਸਾਰੇ ਧਰਮਾਂ ਦੇ ਵਿਸ਼ਵਾਸਾਂ ਨੂੰ ਇਕੱਠਾ ਕੀਤਾ ਜਾਵੇ ਤਾਂ ਸਿਰਫ ਮਨੁੱਖਤਾ ਅਤੇ ਭਲਾ ਹੀ ਸਾਹਮਣੇ ਆਵੇਗਾ ਜੋ ਮਨੁੱਖਤਾ ਦਾ ਦੁਸ਼ਮਣ ਹੈ, ਉਹ ਵੀ ਧਰਮ ਦਾ ਪਾਪੀ ਹੋਵੇਗਾ, ਕਿਉਂਕਿ ਕੋਈ ਵੀ ਧਰਮ ਜ਼ੁਲਮ ਦੀ ਇਜਾਜ਼ਤ ਨਹੀਂ ਦਿੰਦਾ। ਇਨਸਾਨੀਅਤ ਹੀ ਇਨਸਾਨੀਅਤ ਹੈ। ਸ਼ਾਇਦ ਜ਼ੁਲਮ ਕਰਨ ਵਾਲੇ ਇਹ ਭੁੱਲ ਗਏ ਹਨ ਕਿ ਜ਼ੁਲਮ ਸਹਿਣ ਨਾਲ ਜੋ ਸੱਚ ਸਾਹਮਣੇ ਆਉਂਦਾ ਹੈ, ਉਸ ਨੂੰ ਕਰਬਲਾ ਵਿਚ ਹੁਸੈਨ ਦੀ ਸ਼ਹਾਦਤ ਦਾ ਦਿਨ-ਰਾਤ ਅਧਿਐਨ ਕਰੋ। ਹਰ ਰੋਜ਼ ਇਜ਼ਰਾਈਲ ਗਾਜ਼ਾ ਵਿੱਚ 42 ਬੰਬ ਸੁੱਟਦਾ ਹੈ, ਜਿਸ ਨਾਲ 12 ਇਮਾਰਤਾਂ ਤਬਾਹ ਹੋ ਜਾਂਦੀਆਂ ਹਨ, 6 ਬੱਚਿਆਂ ਸਮੇਤ 15 ਲੋਕ ਸ਼ਹੀਦ ਹੁੰਦੇ ਹਨ ਅਤੇ 35 ਤੋਂ ਵੱਧ ਲੋਕ ਜ਼ਖਮੀ ਹੁੰਦੇ ਹਨ, 80% ਵਪਾਰਕ ਸਥਾਨ, ਦੁਕਾਨਾਂ, ਮਾਰਕੀਟ ਪਲਾਜ਼ਾ ਅਤੇ ਆਮਦਨ ਦੇ ਹੋਰ ਸਰੋਤ ਤਬਾਹ ਹੋ ਜਾਂਦੇ ਹਨ 267 ਮਸਜਿਦਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ, ਉਸ ਨੇ ਆਪਣੀ ਹੰਕਾਰੀ ਬੇਰਹਿਮੀ ਅਤੇ ਤਾਕਤ ਨਾਲ ਨਾ ਸਿਰਫ 25 ਹਸਪਤਾਲਾਂ ਨੂੰ ਧਰਮ ਦੀ ਵਰਤੋਂ ਕਰਨ ਵਾਲੇ ਲੋਕਾਂ ਨਾਲ ਲੜਾਈ ਸ਼ੁਰੂ ਕਰ ਦਿੱਤੀ ਹੈ 100 ਵਿੱਚੋਂ 73 ਸਕੂਲ ਤਬਾਹ ਹੋ ਚੁੱਕੇ ਹਨ, ਜਿਨ੍ਹਾਂ ਨੇ ਇਹ ਵੀ ਨਹੀਂ ਦੇਖਿਆ ਕਿ ਇਸ ਬੰਬ ਦੀ ਤਬਾਹੀ ਨੇ ਮਨੁੱਖਤਾ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਹੈ ਅਜਿਹੇ ਬੱਚੇ ਸ਼ਹੀਦ ਹੋਏ ਜਿਨ੍ਹਾਂ ਦੀ ਉਮਰ ਇੱਕ ਸਾਲ ਤੋਂ ਲੈ ਕੇ ਤਿੰਨ ਸਾਲ ਤੱਕ ਸੀ, ਜਿਨ੍ਹਾਂ ਦੀ ਉਮਰ 4 ਤੋਂ 5 ਸਾਲ ਤੱਕ ਸੀ, ਉਨ੍ਹਾਂ ਵਿੱਚੋਂ 1042 ਬੱਚੇ ਸ਼ਹੀਦ ਹੋਏ ਜਿਨ੍ਹਾਂ ਦੀ ਉਮਰ 6 ਤੋਂ 12 ਸਾਲ ਸੀ। ਤੇਰਾਂ ਤੋਂ ਸਤਾਰਾਂ ਸਾਲ ਦੀ ਉਮਰ ਦੇ 664 ਬੱਚੇ ਸ਼ਹੀਦ ਹੋਏ 25 ਸਾਲ ਤੋਂ ਘੱਟ ਉਮਰ ਦੇ ਸ਼ਹੀਦ ਹੋਏ ਬੱਚਿਆਂ ਦੀ ਗਿਣਤੀ 966 ਹੈ ਅਤੇ 26 ਤੋਂ 55 ਸਾਲ ਦੀ ਉਮਰ ਦੇ ਸ਼ਹੀਦਾਂ ਦੀ ਗਿਣਤੀ 2506 ਹੈ।ਹਰ ਦਸ ਮਿੰਟ ਵਿੱਚ ਇੱਕ ਫਲਸਤੀਨੀ ਬੱਚਾ ਹੋ ਰਿਹਾ ਹੈ। ਸ਼ਹੀਦ ਹੋ ਗਏ, ਅਤੇ ਸੱਠ ਪ੍ਰਤੀਸ਼ਤ ਇਮਾਰਤਾਂ ਦੇ ਮਲਬੇ ਹੇਠ ਦੱਬੇ ਹੋਏ ਲੋਕਾਂ ਦੀ ਗਿਣਤੀ ਕਲਪਨਾ ਤੋਂ ਪਰੇ ਹੈ, ਜਿਸ ਨੂੰ ਮਿਸਰ ਦੀ ਸਰਹੱਦ ਕਿਹਾ ਜਾਂਦਾ ਹੈ 17 ਕਿਲੋਮੀਟਰ ਦੀ ਸਰਹੱਦ @ਤੇ, ਜਿਵੇਂ ਕਿ ਉਹ ਫਲਸਤੀਨੀ ਆਬਾਦੀ ਦੇ ਬਾਹਰ ਇੱਕ ਸੁਰੱਖਿਅਤ ਪਨਾਹਗਾਹ ਵਿੱਚ ਬੈਠੇ ਸਨ ਜਦੋਂ ਉਹਨਾਂ ਨੇ ਸੁਣਿਆ ਕਿ ਇਜ਼ਰਾਈਲ ਉਹਨਾਂ ਦੀਆਂ ਇਮਾਰਤਾਂ ਦਾ ਮਲਬਾ ਇਕੱਠਾ ਕਰ ਰਿਹਾ ਹੈ ਅਤੇ ਉਹਨਾਂ ਨੂੰ ਸਮੁੰਦਰ ਵਿੱਚ ਲੈ ਜਾ ਰਿਹਾ ਹੈ ਜਿੱਥੇ ਉਹ ਇੱਕ ਬੰਦਰਗਾਹ ਬਣਾਉਣਾ ਚਾਹੁੰਦੇ ਸਨ ਲਾਸ਼ਾਂ ਦੀ ਭਾਲ ਵਿੱਚ ਉਨ੍ਹਾਂ ਨੂੰ ਬੰਬ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਜੇ ਕੋਈ ਆਪਣੇ ਰਿਸ਼ਤੇਦਾਰਾਂ ਅਤੇ ਘਰਾਂ ਨੂੰ ਗੁਆਉਣ ਵਾਲੇ ਲੋਕਾਂ ਲਈ ਭੋਜਨ ਲੈ ਕੇ ਆਉਂਦਾ ਹੈ, ਤਾਂ ਉਸ @ਤੇ ਬੰਬ ਸੁੱਟੇ ਜਾਂਦੇ ਹਨ। ਉੱਥੇ ਮੁਸਲਮਾਨਾਂ ਲਈ ਬੇਹੱਦ ਸ਼ਰਮ ਅਤੇ ਉਦਾਸੀਨਤਾ ਦੀ ਗੱਲ ਇਹ ਹੈ ਕਿ ਇਸ ਸਮੇਂ ਪੂਰੇ ਅਮਰੀਕਾ ਵਿੱਚ ਇਜ਼ਰਾਈਲ ਅਤੇ ਫਲਸਤੀਨ ਦੇ ਹੱਕ ਵਿੱਚ ਯੂਨੀਵਰਸਿਟੀਆਂ ਵਿੱਚ ਦੰਗੇ ਅਤੇ ਪ੍ਰਦਰਸ਼ਨ ਹੋ ਰਹੇ ਹਨ, ਜਿਸ ਵਿੱਚ 2200 ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 70 ਰਬੜ ਦੀਆਂ ਗੋਲੀਆਂ ਨੇ ਨਿਊਯਾਰਕ @ਚ 6 ਸਾਲ ਦੀ ਬੱਚੀ ਹਿੰਦ ਦੇ ਨਾਂ @ਤੇ ਰੱਖ ਦਿੱਤਾ ਹੈ, ਜਿਸ ਦਾ ਪੂਰਾ ਪ ਰਿ ਵਾ ਰ ਪਾਕਿਸਤਾਨ @ਚ 220 ਹੈ ਤੁਸੀਂ ਇਸ ਲਈ ਬਾਹਰ ਹੋ ? ਕਿੰਨੇ ਪਾਕਿਸਤਾਨੀਆਂ ਨੇ ਫਲਸਤੀਨ ਦੇ ਦਰਦ ਨੂੰ ਆਪਣੇ ਸੀਨੇ ਵਿੱਚ ਮਹਿਸੂਸ ਕੀਤਾ ਅਤੇ ਇਜ਼ਰਾਈਲੀ ਜ਼ੁਲਮ ਨੂੰ ਰੋਕਣ ਲਈ ਫਲਸਤੀਨੀ ਮੁਸਲਮਾਨਾਂ ਦੀ ਮਦਦ ਕਰਨ ਦਾ ਜਜ਼ਬਾ ਦੇਖਿਆ ਜਾਂ ਉਹ ਮੁਸਲਮਾਨ ਜੋ ਜੰਗਬੰਦੀ ਦੀ ਪ੍ਰਾਪਤੀ ਲਈ ਲੜਨ ਦੀ ਬਜਾਏ ਸਿਰਫ ਇੱਕਜੁੱਟ ਹੋ ਸਕਦੇ ਹਨ, ਜੇਕਰ ਤੁਸੀਂ ਫੌਜ ਦੀ ਗਿਣਤੀ ਅਤੇ ਬਜਟ ਨੂੰ ਵੇਖਦੇ ਹੋ, ਤਾਂ ਤੁਹਾਨੂੰ ਪਤਾ ਲੱਗੇਗਾ ਜਾਣੋ ਕਿ ਬੰਗਲਾਦੇਸ਼ ਦੀ ਫੌਜ 160,000 ਹੈ ਜਿਸਦਾ ਬਜਟ 3.6 ਬਿਲੀਅਨ ਡਾਲਰ ਹੈ। ਸੀਰੀਆ ਦੀ ਫੌਜ ਦਾ ਬਜਟ 154 ਹਜ਼ਾਰ 1.87 ਅਰਬ ਡਾਲਰ ਹੈ। ਮਲੇਸ਼ੀਆ ਦੀ ਫੌਜ ਦਾ ਬਜਟ 100,410 ਬਿਲੀਅਨ ਡਾਲਰ ਹੈ। ਪਾਕਿਸਤਾਨ ਦੀ ਫੌਜ 637 ਹਜ਼ਾਰ ਹੈ ਅਤੇ 2017 ਵਿਚ ਇਸ ਦਾ ਬਜਟ 7 ਅਰਬ ਡਾਲਰ ਹੈ।ਇੰਡੋਨੇਸ਼ੀਆ ਦੀ ਫੌਜ 9 ਲੱਖ 75 ਹਜ਼ਾਰ ਹੈ ਅਤੇ ਇਰਾਨ ਦੀ ਫੌਜ ਦਾ ਬਜਟ 5 ਲੱਖ 34 ਹਜ਼ਾਰ ਹੈ ਅਤੇ ਬਜਟ 14 ਅਰਬ ਡਾਲਰ ਹੈ ਦੁਨੀਆ ਵਿਚ ਅਜਿਹਾ ਕੋਈ ਜਹਾਜ਼, ਮਿਜ਼ਾਈਲ, ਪਣਡੁੱਬੀ, ਜੰਗੀ ਸਾਜ਼ੋ-ਸਾਮਾਨ ਨਹੀਂ ਹੈ ਜੋ ਅਮਰੀਕਾ ਅਤੇ ਸਾਊਦੀ ਅਰਬ, ਯੂ.ਏ.ਈ. ਇਸ ਨੂੰ ਨਾ ਖਰੀਦੋ, ਤੁਸੀਂ ਇਸ ਲਈ ਨਹੀਂ ਲੜੇ ਕਿਉਂਕਿ ਕੋਈ ਵੀ ਤੁਹਾਡੇ ਲਈ ਬਹਾਦਰੀ ਅਤੇ ਸਵੈ-ਧਰਮ ਵੇਚਣ ਨਹੀਂ ਆਇਆ ਹੈ, ਦੂਜੇ ਪਾਸੇ, ਫਲਸਤੀਨੀ ਲੋਕਾਂ @ਤੇ ਕਿਆਮਤ ਦਾ ਦਿਨ ਲਿਆਉਣ ਵਾਲੀ ਇਜ਼ਰਾਈਲ ਦੀ ਫੌਜ ਦਾ ਬਜਟ ਸਿਰਫ 18.5 ਹੈ। ਅਰਬਾਂ ਡਾਲਰਾਂ ਦੇ ਨਾਲ, ਇੱਕ ਯਹੂਦੀ, ਇੱਕ ਹਿੰਦੂ, ਪੰਜ ਈਸਾਈ ਅਤੇ ਇੱਕ ਮੁਸਲਿਮ ਦੇਸ਼ ਹੈ, ਜੋ ਕਿ ਇਸਲਾਮਿਕ ਦੇਸ਼ਾਂ ਵਿੱਚੋਂ ਇੱਕ ਹੀ ਪ੍ਰਮਾਣੂ ਦੇਸ਼ ਹੈ, ਗਾਜ਼ਾ ਦੇ ਨੇਤਾ ਇਸਮਾਈਲ ਹਨੀਹ ਨੇ ਕਿਹਾ ਕਿ ਜੇਕਰ ਪਾਕਿਸਤਾਨ ਨੂੰ ਧਮਕੀ ਦਿੱਤੀ ਜਾਵੇ ਜੰਗ ਬੰਦ ਹੋ ਸਕਦੀ ਹੈ ਜੇਕਰ ਤੁਸੀਂ ੭ ਦੀ ਕਵਰੇਜ ਨੂੰ ਦਸ ਮਿੰਟ ਤੱਕ ਦੇਖਦੇ ਹੋ, ਤਾਂ ਉਨ੍ਹਾਂ ਲੋਕਾਂ ਦੀਆਂ ਛਾਤੀਆਂ ਧੜਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਨ੍ਹਾਂ ਕੋਲ ਮਨੁੱਖਤਾ ਅਤੇ ਇਸਲਾਮ ਦੇ ਪੱਖਪਾਤੀ ਫੈਸਲੇ ਹਨ ਅਤੇ ਇਸ ਨੂੰ ਨਿਜ਼ਾਮ ਤੋਂ ਬਾਹਰ ਕੱਢਣਾ ਸਮੇਂ ਦੀ ਅਹਿਮ ਲੋੜ ਹੈ ਕਿ ਮੌਜੂਦਾ ਦੁਨਿਆਵੀ ਸ਼ਕਤੀਆਂ ਧਰਤੀ @ਤੇ ਮਨੁੱਖੀ ਸ਼ਾਂਤੀ ਅਤੇ ਸੁਰੱਖਿਆ ਦੀ ਮੰਗ ਨੂੰ ਪੂਰਾ ਨਹੀਂ ਕਰ ਸਕੀਆਂ, ਇਹ ਬਹੁਤ ਜ਼ਰੂਰੀ ਹੈ ਕਿ ਇਸਲਾਮ ਵੀ ਆਪਣੇ ਮੁਸਲਮਾਨਾਂ ਅਤੇ ਲੋਕਾਂ ਨੂੰ ਸਿਖਾਉਂਦਾ ਹੈ ਸੰਸਾਰ ਦੇ ਸਾਰੇ ਧਰਮਾਂ ਨਾਲ ਸਬੰਧਤ, ਪਿਆਰ ਦੀ ਚਾਦਰ ਵਿੱਚ ਸੁਰੱਖਿਆ ਦੀ ਪਨਾਹ ਦੇਣ ਲਈ. ਤੁਹਾਨੂੰ ਆਪਣੀ ਸਥਿਤੀ ਬਾਰੇ ਚਿੰਤਾ ਕਰਨੀ ਪਵੇਗੀ ਨਹੀਂ ਤਾਂ, ਇਹ ਔਖਾ ਨਹੀਂ, ਆਸਾਨ ਹੋਣਾ ਔਖਾ ਹੈ ਦੁਨੀਆਂ ਤੇਰਾ ਰਾਜ ਹੋਵੇ, ਹੇ ਮੁਸਲਮਾਨ ਇਸ ਲਈ ਸਮਝੋ ਜੇਕਰ ਤੁਸੀਂ ਮੁਸਲਮਾਨ ਬਣਨਾ ਚਾਹੁੰਦੇ ਹੋ





# ਅਮਰੀਕਾ ਵਿੱਚ ਦਿਵਾਲੀਆਂ ਹੋਣ ਦੇ ਨੇੜੇ ਅਨੇਕਾਂ ਸ਼ਹਿਰ

ਸੰਯੁਕਤ ਰਾਜ ਅਮਰੀਕਾ (ਅੱਗੇ ਤੋਂ ਅਮਰੀਕਾ) ਆਰਥਿਕ ਪੱਖੋਂ ਦੁਨੀਆਂ ਦੀ ਸਭ ਤੋਂ ਮਜਬੂਤ ਆਰਥਿਕਤਾ ਹੈ ਪਰ ਅੱਜ ਇਹ ਲਗਾਤਾਰ ਆਪਣੇ ਨਿਘਾਰ ਵੱਲ ਵਧ ਰਿਹਾ ਹੈ। ਇੱਕ ਪਾਸੇ ਜੰਗਾਂ ਵਿੱਚ ਅੰਨ੍ਹਾ ਪੈਸਾ ਝੋਕ ਰਿਹਾ ਹੈ ਤੇ ਦੂਸਰੇ ਪਾਸੇ ਆਪਣੇ ਦੇਸ਼ ਅੰਦਰ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਮੁਲਕ ਤੇ ਆਮ ਲੋਕਾਂ ਸਿਰ ਕਰਜੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ। ਇਸੇ ਨੂੰ ਉਜਾਗਰ ਕਰਦੀਆਂ ਹੋਈਆਂ ਖਬਰਾਂ ਪਿਛਲੇ ਸਮੇਂ ਵਿੱਚ ਆਈਆਂ ਜਿਸ ਵਿੱਚ ਇਹ ਗੱਲ ਸਾਹਮਣੇ ਆਈ ਕਿ ਅਮਰੀਕਾ ਨੇ ਇੱਕ ਪਾਸੇ ਤਾਂ ਸਾਲ 2023 ਵਿੱਚ ਤਕਰੀਬਨ 916 ਅਰਬ ਡਾਲਰ ਫੌਜੀ ਖਰਚਾ ਕੀਤਾ ਜਦਕਿ ਦੂਸਰੇ ਪਾਸੇ ਅਮਰੀਕਾ ਦੇ 38 ਸੂਬੇ ਫੰਡਾਂ ਦੀ ਘਾਟ ਨਾਲ਼ ਜੂਝ ਰਹੇ ਹਨ ਤੇ ਅਮਰੀਕਾ ਦੇ ਸਭ ਤੋਂ ਪੁਰਾਣੇ ਤੇ ਆਰਥਿਕ ਪੱਖੋਂ ਮਜਬੂਤ ਸ਼ਹਿਰ ਵਿੱਤੀ ਘਾਟੇ ਦਾ ਸ਼ਿਕਾਰ ਹਨ ਜਿਨ੍ਹਾਂ ਵਿੱਚ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ, ਨਿਊਯਾਰਕ, ਡੈਨਵਰ, ਸਿਆਟਲ, ਲਾਸ ਐਂਜਲਸ, ਬੋਸਟਨ ਆਦਿ ਸ਼ਾਮਲ ਹਨ। ਅਮਰੀਕਾ ਸਿਰ ਤਕਰੀਬਨ 34 ਖਰਬ ਡਾਲਰ ਦਾ ਕਰਜਾ ਹੈ। ਇਹ ਅਮਰੀਕਾ ਦੇ ਕੁੱਲ ਅਰਥਚਾਰੇ ਦਾ ਲੱਗਭੱਗ 100 ਫੀਸਦੀ ਹੈ। ਆਰਥਿਕ ਮਾਹਰਾਂ ਦੀ ਮੰਨੀਏ ਤਾਂ ਜਲਦੀ ਹੀ ਇਹ ਅੰਕੜਾ 100 ਫੀਸਦੀ ਤੋਂ ਪਾਰ ਹੋ ਜਾਵੇਗਾ ਜਿਹੜਾ ਅਮਰੀਕਾ ਨੂੰ ਹੋਰ ਨਿਘਾਰ ਵੱਲ ਲੈ ਕੇ ਜਾਵੇਗਾ। ਇਸ ਕੁੱਲ ਕਰਜੇ ਵਿੱਚੋਂ ਲਗਭਗ 25.5 ਖਰਬ ਡਾਲਰ ਦਾ ਕਰਜਾ ਫੈਡਰਲ ਸਰਕਾਰ ਸਿਰ ਹੈ ਜਦਕਿ ਬਾਕੀ ਕਰਜਾ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਸਿਰ ਹੈ। ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਤਕਰੀਬਨ 53 ਸਹਿਰ ਵਿੱਤੀ ਘਾਟੇ ਦਾ ਬੋਝ ਢੋਅ ਰਹੇ ਹਨ। ਇਹਨਾਂ ਵਿੱਚੋਂ ਜਿਹੜੇ ਪੰਜ ਸਭ ਤੋਂ ਵੱਡੇ ਵਿੱਤੀ ਘਾਟੇ ਦਾ ਸ਼ਿਕਾਰ ਹਨ ਉਹਨਾਂ ਵਿੱਚ ਨਿਊਯਾਰਕ ਪਹਿਲੇ ਨੰਬਰ ’ਤੇ ਹੈ। ਨਿਊਯਾਰਕ ਦੀ ਆਰਥਿਕਤਾ ਲੱਗਭੱਗ ਦੋ ਖਰਬ ਡਾਲਰ ਦੀ ਹੈ ਪਰ ਇਸ ਸ਼ਹਿਰ ਸਿਰ ਵੀ ਲੱਗਭੱਗ 96 ਅਰਬ ਡਾਲਰ ਦਾ ਕਰਜਾ ਹੈ। ਅੱਗੇ ਲੌਸ ਐਂਜਲਸ ਸ਼ਹਿਰ ਆਉਂਦਾ ਹੈ ਜਿਸਦੀ ਆਰਥਿਕਤਾ ਇੱਕ ਖਰਬ ਡਾਲਰ ਦੀ ਹੈ ਤੇ ਇਸ ਉੱਤੇ 37 ਅਰਬ ਡਾਲਰ ਦਾ ਕਰਜਾ ਹੈ; ਇਸ ਤੋਂ ਬਾਅਦ ਸ਼ਿਕਾਗੋ ਹੈ ਜਿਸਦੀ ਆਰਥਿਕਤਾ 765 ਅਰਬ ਡਾਲਰ, ਸੈਨ ਫਰਾਂਸਿਸਕੋ 670 ਅਰਬ ਡਾਲਰ ਤੇ ਵਾਸ਼ਿੰਗਟਨ ਡੀਸੀ 608 ਅਰਬ ਡਾਲਰ ਦੀ ਆਰਥਿਕਤਾ ਹੈ। ਇਹਨਾਂ ਸ਼ਹਿਰਾਂ ਸਿਰ ਕ੍ਰਮਵਾਰ 38 ਅਰਬ ਡਾਲਰ, 35 ਅਰਬ ਡਾਲਰ ਤੇ 25 ਅਰਬ ਡਾਲਰ ਦਾ ਕਰਜਾ ਹੈ। ਇਹ ਸਿਰਫ ਸਰਕਾਰੀ ਕਰਜਾ ਹੈ, ਜੇ ਇਸ ਵਿੱਚ ਨਿੱਜੀ ਕਰਜੇ ਨੂੰ ਜੋੜ ਲਿਆ ਜਾਵੇ ਤਾਂ ਇਹਨਾਂ ਸ਼ਹਿਰਾਂ ਦਾ ਕਰਜਾ ਹੋਰ ਵੀ ਵਧ ਜਾਵੇਗਾ। ਰੇਟਿੰਗ ਏਜੰਸੀ ‘ਫਿਚ ਰੇਟਿੰਗ’ ਦੀ ਰਿਪੋਰਟ ਮੁਤਾਬਕ ਸ਼ਿਕਾਗੋ ਦੇ ਹਰ ਵਸਨੀਕ ਉੱਪਰ ਲੱਗਭੱਗ 42 ਹਜਾਰ ਡਾਲਰ ਤੱਕ ਕਰਜਾ ਹੈ, ਇਸੇ ਤਰ੍ਹਾਂ ਸੈਨ ਫਰਾਂਸਿਸਕੋ ਦੇ ਹਰ ਵਸਨੀਕ ਉੱਪਰ 27,500 ਅਮਰੀਕੀ ਡਾਲਰ ਦਾ ਕਰਜਾ ਹੈ। ਇਹ ਕਰਜਾ ਲਗਾਤਾਰ ਵਧ ਰਿਹਾ ਹੈ ਤੇ ਅਮਰੀਕੀ ਲੋਕਾਂ ਦੇ ਭਵਿੱਖ ਨੂੰ ਹਨੇਰੇ ਵੱਲ ਧੱਕ ਰਿਹਾ ਹੈ।

**ਅਮਰੀਕੀ ਸ਼ਹਿਰਾਂ ਦੀ ਕੰਗਾਲੀ**

ਅਸਲ ਵਿੱਚ ਸਰਮਾਏਦਾਰਾ ਪ੍ਰਬੰਧ ਵਿੱਚ ਅਰਥਚਾਰੇ ਨੂੰ ਠੁੰਮਣਾ ਦੇਣ ਲਈ ਕਰਜੇ ਦੀ ਅਹਿਮ ਭੂਮਿਕਾ ਹੁੰਦੀ ਹੈ। ਸਰਮਾਏਦਾਰਾ ਅਰਥਚਾਰੇ ਵਿੱਚ ਆਉਂਦੀ ਸੁਸਤੀ ਤੋਂ ਪਾਰ ਪਾਉਣ ਲਈ ਸਰਕਾਰਾਂ ਵਿਆਜ ਦਰਾਂ ਸੁੱਟਕੇ ਖੁੱਲ੍ਹਾ ਕਰਜਾ ਲੈਣ ਨੂੰ ਉਤਸ਼ਾਹਿਤ ਕਰਦੀਆਂ ਹਨ ਜਿਵੇਂ ਕਿ ਅਮਰੀਕਾ ਵਿੱਚ ਵੀ ਕੀਤਾ ਗਿਆ। ਸਰਮਾਏਦਾਰਾ ਤਰਕ ਇਹ ਹੁੰਦਾ ਹੈ ਕਿ ਭਾਵੇਂ ਲੋਕਾਂ ਕੋਲ਼ ਤਨਖਾਹ ਐਨੀ ਨਾ ਵੀ ਹੋਵੇ ਫਿਰ ਵੀ ਉਹ ਕਰਜਾ ਚੁੱਕ ਕੇ ਖਰੀਦਦਾਰੀ ਕਰਨ - ਘਰ ਖਰੀਦਣ, ਗੱਡੀ ਖਰੀਦਣ ਤੇ ਰੋਜਮਰ੍ਹਾ ਖਰੀਦਦਾਰੀ ਕਰਨ। ਦੂਜੇ ਪਾਸੇ ਸਰਮਾਏਦਾਰ ਕਰਜਾ ਲੈ ਕੇ ਨਿਵੇਸ਼ ਵਿੱਚ ਲਾਉਂਦੇ ਨੇ ਜਿਸ ਤੋਂ ਅਰਥਚਾਰੇ ਨੂੰ ਕੁਝ ਹੁਲਾਰਾ ਮਿਲ਼ਦਾ ਹੈ। ਇਸ ਨੂੰ ਮੋਟੇ ਰੂਪ ਵਿੱਚ ਕਰਜ ਵਿਸਥਾਰ ਦੀਆਂ ਨੀਤੀਆਂ ਕਿਹਾ ਜਾਂਦਾ ਹੈ। ਪਰ ਇਹ ਸਭ ਜੁਗਾੜਬਾਜੀ ਵਕਤੀ ਹੀ ਹੁੰਦੀ ਹੈ ਕਿਉਂ ਜੋ ਲਿਆ ਕਰਜਾ ਇੱਕ ਨਾ ਇੱਕ ਦਿਨ ਮੋੜਨਾ ਤਾਂ ਪੈਣਾ ਹੀ ਹੈ। ਇਸ ਤਰ੍ਹਾਂ

**ਦਵਿੰਦਰ ਕੌਰ**

ਹੌਲ਼ੀ-ਹੌਲ਼ੀ ਵਧਦੇ ਕਰਜੇ ਦਾ ਇਹ ਭੁਕਾਨਾ ਫਟਦਾ ਹੈ ਤੇ ਪੂਰੇ ਅਰਥਚਾਰੇ ਨੂੰ ਆਪਣੇ ਨਾਲ਼ ਲੈ ਡੁੱਬਦਾ ਹੈ। ਅਮਰੀਕਾ ਵੀ 2008 ਦੀ ਸਬਪ੍ਰਾਈਮ ਮੰਦੀ ਤੋਂ ਬਾਅਦ ਤੇਜੀ ਨਾਲ਼ ਕਰਜ ਵਿਸਥਾਰ ਦੀਆਂ ਨੀਤੀਆਂ ਉੱਤੇ ਵਧਿਆ। ਸਰਕਾਰ ਨੇ ਵਿਆਜ ਦਰਾਂ ਸੁੱਟਕੇ ਅੰਨ੍ਹਾ ਕਰਜਾ ਆਰਥਿਕਤਾ ਵਿੱਚ ਝੋਕਿਆ। ਲੌਕਡਾਊਨ ਤੋਂ ਬਾਅਦ ਵੀ ਤੇਜੀ ਨਾਲ਼ ਅਮਰੀਕੀ ਹਕੂਮਤ ਨੇ ਕਰਜਾ ਚੁੱਕ ਕੇ ਸਰਮਾਏਦਾਰਾਂ ਨੂੰ ਵੱਡੇ ਗੱਫੇ ਦਿੱਤੇ ਜਿਸ ਸਦਕਾ ਅੱਜ ਅਮਰੀਕਾ ਸਿਰ ਕਰਜਾ 2002 ਦੇ 6 ਖਰਬ ਡਾਲਰ ਤੋਂ ਵਧਕੇ ਵੀਹ ਸਾਲਾਂ ਵਿੱਚ ਹੀ 34 ਖਰਬ ਡਾਲਰ ਹੋ ਚੁੱਕਾ ਹੈ ਜਾਣੀ ਲੱਗਭੱਗ ਛੇ ਗੁਣਾ! ਕਰਜੇ ਦੇ ਵਧਣ ਪਿੱਛੇ ਫੌਰੀ ਕਾਰਨ ਅਮਰੀਕਾ ਵੱਲੋਂ ਇਰਾਕ, ਅਫਗਾਨਿਸਤਾਨ, ਸੀਰੀਆ ਆਦਿ ’ਤੇ ਥੋਪੀਆਂ ਸਾਮਰਾਜੀ ਜੰਗਾਂ ਤੇ 2007-08 ਦੀ ਮੰਦੀ ਵੇਲ਼ੇ ਤੇ ਲੌਕਡਾਊਨ ਵੇਲ਼ੇ ਅਮਰੀਕੀ ਸਰਮਾਏਦਾਰਾਂ ਨੂੰ ਦਿੱਤੇ ਵੱਡੇ-ਵੱਡੇ ਬੇਲਆਊਟ ਗੱਫੇ ਹਨ। ਪਰ ਪਿੱਛੇ ਮੂਲ ਕਾਰਣ ਇਸ ਸਰਮਾਏਦਾਰੀ ਦਾ ਵਜੂਦ ਸਮੋਇਆ ਮੁਨਾਫੇ ਦੀ ਦਰ ਡਿੱਗਣ ਦਾ ਨੇਮ ਹੈ ਜਿਸ ਤੋਂ ਪਾਰ ਪਾਉਣ ਲਈ ਇਹ ਸਭ ਤਿਕੜਮ ਕੀਤੇ ਜਾਂਦੇ ਹਨ।

**ਕਿਸ ਉੱਤੇ ਪਵੇਗਾ ਕਰਜੇ ਦਾ ਬੋਝ ?**

ਬਿਨਾਂ ਸ਼ੱਕ ਅਮਰੀਕਾ ਸਿਰ ਜਾਂ ਅਮਰੀਕੀ ਸ਼ਹਿਰਾਂ ਸਿਰ ਜੋ ਕਰਜਾ ਹੈ ਇਸ ਦਾ ਬੋਝ ਆਮ ਲੋਕਾਂ ਸਿਰ ਪਾਇਆ ਜਾਵੇਗਾ। ਹਾਕਮ ਜਮਾਤੀ ਵਿੱਤੀ ਸਲਾਹਕਾਰਾਂ ਨੇ ਸਰਕਾਰ ਅੱਗੇ ਇਹ ਤਜਵੀਜ ਪੇਸ਼ ਕੀਤੀ ਹੈ ਕਿ ਸਰਕਾਰ ਜਨਤਕ ਖਰਚਿਆਂ ਵਿੱਚ ਕਟੌਤੀ ਕਰੇ ਜਿਸ ਦਾ ਨਤੀਜਾ ਇਹ ਨਿਕਲ਼ਿਆ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਹੀ ਸਰਕਾਰ ਨੇ ਸਿਹਤ ਬਜਟ ਵਿੱਚ 7 ਫੀਸਦੀ ਤੱਕ ਦੇ ਕੱਟ ਲਾਏ ਹਨ। ਇਸ ਤੋਂ ਬਿਨਾਂ ਲੋਕਾਂ ਦੀਆਂ ਬੱਚਤਾਂ ਵੀ ਪਿਛਲੇ ਦਹਾਕੇ ਦੇ ਸਭ ਤੋਂ ਹੇਠਲੇ ਪੱਧਰ ’ਤੇ ਹਨ। ਅਮਰੀਕੀ ਸਰਕਾਰ ਦੇ ਵਿੱਤੀ ਸਲਾਹਕਾਰ, ਨੀਤੀਵਾਨ, ਦਰਬਾਰੀ ਅਰਥਸ਼ਾਸਤਰੀ ਅਜਾਰੇਦਾਰ ਸਰਮਾਏਦਾਰਾਂ ਨੂੰ ਤੇ ਸਾਮਰਾਜੀ ਜੰਗਾਂ ’ਤੇ ਕੀਤੇ ਖਰਚੇ ਨੂੰ ਅੱਖੋਂ ਓਹਲੇ ਕਰਦਿਆਂ ਕਹਿ ਰਹੇ ਹਨ ਕਿ ਸਰਕਾਰ ਸਿਰ ਕਰਜਾ ਮੁੱਖ ਤੌਰ ਉੱਤੇ ਜਨਤਕ ਖੇਤਰ ਵਿੱਚ ਖਰਚ ਕਰਨ ਨਾਲ਼ ਵਧਿਆ ਹੈ ਅਤੇ ਇਸ ਨੀਤੀ ’ਤੇ ਵਿਚਾਰ ਕਰ ਰਹੇ ਹਨ ਕਿ ਸਰਕਾਰ ਜਨਤਕ ਸੇਵਾਵਾਂ ਦੇ ਹਰ ਖੇਤਰ ਵਿੱਚ ਕੱਟ ਲਗਾਵੇ ਅਤੇ ਉਸ ਵਿੱਚੋਂ ਮਾਲੀਆ ਇਕੱਠਾ ਕਰਕੇ ਕਰਜਾ ਮੋੜਨ ਦੀਆਂ ਨੀਤੀਆਂ ਤੈਅ ਕਰੇ। ਜਿਸ ਦਾ ਨਤੀਜਾ ਇਹ ਨਿੱਕਲੇਗਾ ਕਿ ਲੋਕ ਜਿਹੜੇ ਪਹਿਲਾਂ ਹੀ ਰਿਕਾਰਡ ਮਹਿੰਗਾਈ, ਖੜ੍ਹੋਤ ਮਾਰੀਆਂ ਤਨਖਾਹਾਂ ਆਦਿ ਦੀ ਮਾਰ ਝੱਲ ਰਹੇ ਹਨ ਹੋਰ ਹੇਠਾਂ ਧੱਕੇ ਜਾਣਗੇ। ਲੋਕਾਂ ਨੂੰ ਮਿਲ਼ਣ ਵਾਲ਼ੀਆਂ ਸਰਕਾਰੀ ਸਹੂਲਤਾਂ ਵਿੱਚ ਵੱਡੇ ਪੱਧਰ ’ਤੇ ਕੱਟ ਲਾਏ ਜਾਣਗੇ ਜਿਸ ਨਾਲ਼ ਜਨਤਕ ਸਹੂਲਤਾਂ ਦਾ ਪੱਧਰ ਹੋਰ ਹੇਠਾਂ ਡਿੱਗੇਗਾ ਜਿਸਦਾ ਸਿੱਧਾ ਅਸਰ ਆਮ ਆਬਾਦੀ ’ਤੇ ਪਵੇਗਾ। ਇੱਕ ਸਰਕਾਰੀ ਰਿਪੋਰਟ ਮੁਤਾਬਕ ਵਿੱਤੀ ਸਲਾਹਕਾਰਾਂ ਨੇ ਇਹ ਵੀ ਸਲਾਹ ਦਿੱਤੀ ਹੈ ਕਿ ਅਮਰੀਕਾ ਵਿੱਚ ਬਜੁਰਗਾਂ ਨੂੰ ਮਿਲ਼ਣ ਵਾਲ਼ੀ ਪੈਨਸ਼ਨ ਵਿੱਚੋਂ ਕਟੌਤੀ ਕਰਕੇ ਕਰਜੇ ਮੋੜਨ ਲਈ ਵਰਤਿਆ ਜਾਵੇ। ਅੱਜ ਇੱਕ ਪਾਸੇ ਅਮਰੀਕਾ ਦੇ ਅਨੇਕਾਂ ਸ਼ਹਿਰ ਕਰਜੇ ਦੀ ਪੰਡ ਥੱਲੇ ਹਨ ਤੇ ਲੋਕਾਂ ਨੂੰ ਮਿਲ਼ਣ ਵਾਲ਼ੀਆਂ ਸਹੂਲਤਾਂ ਵਿੱਚ ਕਟੌਤੀ ਕਰਨ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ ਪਰ ਦੂਜੇ ਪਾਸੇ ਅਮਰੀਕੀ ਸਰਕਾਰ ਆਪਣੇ ਸਾਮਰਾਜੀ ਹਿੱਤਾਂ ਲਈ ਯੂਕਰੇਨ ਤੇ ਇਜਰਾਇਲ ਨੂੰ ਅਰਬਾਂ ਡਾਲਰ ਦੇ ਹਥਿਆਰ ਤੇ ਹੋਰ ਮਦਦ ਭੇਜ ਰਹੀ ਹੈ। ਅੱਜ ਅਮਰੀਕਾ ਦੇ ਕਿਰਤੀ ਲੋਕਾਂ ਨੂੰ ਇਹ ਗੱਲ ਸਮਝ ਜਾਣੀ ਚਾਹੀਦੀ ਹੈ ਕਿ ਜਿਸ ਕਰਜੇ ਦਾ ਬੋਝ ਉਹਨਾਂ ਸਿਰ ਪਾਇਆ ਜਾ ਰਿਹਾ ਹੈ ਇਹ ਉਹਨਾਂ ਦੀਆਂ ਜਿੰਦਗੀਆਂ ਨੂੰ ਹੋਰ ਹਨ੍ਹੇਰੇ ਵਿੱਚ ਲੈ ਜਾਵੇਗਾ। ਇਸ ਕਰਕੇ ਉਹਨਾਂ ਨੂੰ ਜਨਤਕ ਲਾਮਬੰਦੀ ਕਰਕੇ ਅਜਿਹੇ ਭਵਿੱਖ ਵੱਲ ਵਧਣਾ ਚਾਹੀਦਾ ਹੈ ਜਿੱਥੇ ਸਰਕਾਰ ਕਰਜੇ ਦਾ ਬੋਝ ਲੋਕਾਂ ’ਤੇ ਸੁੱਟਣ ਦੀ ਥਾਂ ਉਹਨਾਂ ਦੇ ਕੁੱਲ ਕਰਜੇ ’ਤੇ ਲੀਕ ਮਾਰੀ ਜਾਵੇ, ਵੱਡੇ ਸਰਮਾਏਦਾਰਾਂ ’ਤੇ ਮੋਟੇ ਟੈਕਸ ਲਾ ਕੇ ਲੋਕਾਂ ਦੀ ਭਲਾਈ ਲਈ ਖਰਚ ਕੀਤੇ ਜਾਣ ਆਦਿ। ਕਹਿਣ ਦੀ ਲੋੜ ਨਹੀਂ ਕਿ ਅੱਜ ਦੀਆਂ ਸਰਮਾਏਦਾਰਾਂ ਸਰਕਾਰਾਂ ਇਹ ਨਹੀਂ ਕਰ ਸਕਦੀਆਂ, ਇਸ ਲਈ ਅੱਜ ਇਸ ਢਾਂਚੇ ਨੂੰ ਬਦਲਣ ਲਈ ਲੋਕਾਂ ਨੂੰ ਲਾਮਬੰਦ ਕਰਨ ਦੀ ਲੋੜ ਹੈ




# ਘਰੇਲੂ ਹਿੰਸਾ ’ਤੇ ਰੋਕ ਲਗਾਉਣ ਲਈ ਸਭ ਧਿਰਾਂ ਸਹਿਯੋਗ ਦੇਣ

ਘਰੇਲੂ ਹਿੰਸਾ ਅਤਿਅੰਤ ਦੁੱਖਮਈ ਅਤੇ ਚਿੰਤਾਜਨਕ ਵਰਤਾਰਾ ਹੈ। ਇਹ ਅਜੋਕੇ ਸਮਾਜ ਦੇ ਖ਼ੂਬਸੂਰਤ ਆਖੇ ਜਾਂਦੇ ਚਿਹਰੇ ਤੇ ਲੱਗਾ ਇਕ ਬਦਨੁਮਾ ਦਾਗ਼ ਹੈ। ਉਂਜ ਸੱਭਿਅਕ ਸਮਾਜ ਚ ਪੜ੍ਹੇ-ਲਿਖੇ ਲੋਕ ਦਲੀਲ ਨਾਲ ਗੱਲ ਕਰ ਕੇ ਕਿਸੇ ਸਮੱਸਿਆ ਨੂੰ ਨਿਪਟਾਉਂਦੇ ਹਨ ਪਰ ਘਰੇਲੂ ਹਿੰਸਾ ਦੀ ਵਰਤੋਂ ਕਰ ਕੇ ਅਜੋਕਾ ਮਨੁੱਖ ਇਹ ਸਿੱਧ ਕਰ ਰਿਹਾ ਹੈ ਕਿ ਉਸ ਨੇ ਸਿੱਖਿਆ ਗ੍ਰਹਿਣ ਤਾਂ ਕਰ ਲਈ ਹੈ ਪਰ ਧਾਰਨ ਨਹੀਂ ਕੀਤੀ ਹੈ।

ਇਹ ਕੋਈ ਅਤਿਕਥਨੀ ਨਹੀਂ ਹੈ ਕਿ ਘਰੇਲੂ ਰਿਸ਼ਤਿਆਂ ਵਿਚ ਹਿੰਸਾ ਪੁਰਾਤਨ ਸਮੇਂ ਤੋਂ ਚਲਦੀ ਆ ਰਹੀ ਹੈ ਤੇ ਇਸ ਘਰੇਲੂ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਔਰਤਾਂ ਨੂੰ ਹੀ ਬਣਨਾ ਪਿਆ ਹੈ ਪਰ ਇਹ ਵੀ ਇਕ ਤੱਥ ਹੈ ਕਿ ਹੁਣ ਘਰੇਲੂ ਹਿੰਸਾ ਦਾ ਸ਼ਿਕਾਰ ਪਰਿਵਾਰ ਦੇ ਬੱਚੇ, ਬਜ਼ੁਰਗ ਤੇ ਮਰਦ ਵੀ ਹੋਣ ਲੱਗ ਪਏ ਹਨ। ਆਧੁਨਿਕ ਸਮਾਜ ਵਿਗਿਆਨੀਆਂ ਅਨੁਸਾਰ ਘਰੇਲੂ ਹਿੰਸਾ ਨੂੰ ਕੇਵਲ ਸਰੀਰਕ ਹਿੰਸਾ ਦੇ ਰੂਪ ਚ ਹੀ ਮੁਲਾਂਕਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ ਸਗੋਂ ਮੌਖਿਕ, ਭਾਵੁਕ ਜਾਂ ਮਾਨਸਿਕ ਹਿੰਸਾ ਨੂੰ ਵੀ ਇਸ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਔਰਤਾਂ ਨਾਲ ਵਾਪਰਨ ਵਾਲੀ ਘਰੇਲੂ ਹਿੰਸਾ ਦੇ ਮੁੱਖ ਕਾਰਨਾਂ ਵਿਚ ਪੁਰਸ਼ ਪ੍ਰਧਾਨਤਾ, ਦਹੇਜ, ਜਾਇਦਾਦ ਦਾ ਲਾਲਚ, ਧੀਆਂ ਦਾ ਜਨਮ ਜਾਂ ਸੱਚ ਆਖਣ ਦੀ ਬੇਬਾਕੀ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹ ਵੀ ਵੇਖਣ ਚ ਆਇਆ ਹੈ ਕਿ ਔਰਤਾਂ ਨਾਲ ਵਾਪਰਨ ਵਾਲੀ ਘਰੇਲੂ ਹਿੰਸਾ ਵਿਚ ਬਹੁਤੀ ਵਾਰ ਪਰਿਵਾਰ ਦੀ ਹੀ ਕਿਸੇ ਔਰਤ ਦਾ ਹੱਥ ਹੁੰਦਾ ਹੈ। ਅਜਿਹੀ ਔਰਤ ਕਈ ਵਾਰ ਸਿੱਧੇ ਤੌਰ ਤੇ ਆਪ ਹੀ ਜਾਂ ਕਈ ਵਾਰ ਪਰਿਵਾਰ ਦੇ ਕਿਸੇ ਮਰਦ ਮੈਂਬਰ ਰਾਹੀਂ ਦੂਜੀ ਔਰਤ ਉੱਤੇ ਸਰੀਰਕ, ਮਾਨਸਿਕ ਜਾਂ ਮੌਖਿਕ ਹਿੰਸਾ ਭਰਪੂਰ ਹਮਲਾ ਕਰਵਾਉਂਦੀ ਹੈ। ਔਰਤ ਦਾ ਦੁਖ਼ਾਂਤ ਇਹ ਹੈ ਕਿ ਉਸ ਨੂੰ ਘਰ ਵਿਚ,



ਬਾਜ਼ਾਰ ਵਿਚ, ਬੱਸ ਵਿਚ ਜਾਂ ਕੰਮਕਾਜ ਵਾਲੀ ਥਾਂ ਤੇ ਵੀ ਹਿੰਸਾ ਦੇ ਕੁਚੱਕਰ ਚੋਂ ਲੰਘਣਾ ਪੈਂਦਾ ਹੈ। ਮਾਪਿਆਂ ਦੇ ਵਧਦੇ ਰੁਝੇਵੇਂ ਤੇ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਪੈਸੇ ਦੀ ਵਧਦੀ ਲੋੜ ਨੇ ਮਾਪਿਆਂ ਦੇ ਸੰਬੰਧਾਂ ਵਿਚ ਤਣਾਅ ਪੈਦਾ ਕਰ ਦਿੱਤਾ ਹੈ। ਜ਼ਿਆਦਾਤਰ ਪਰਿਵਾਰਾਂ ਵਿਚ ਗੁਜ਼ਾਰਾ ਵਧੀਆ ਢੰਗ ਨਾਲ ਚਲਾਉਣ ਲਈ ਔਰਤਾਂ ਨੂੰ ਕੰਮ ਤੇ ਜਾਣਾ ਪੈਂਦਾ ਹੈ। ਥਕਾਵਟ ਤੇ ਰੁਝੇਵੇਂ ਵਧਣ ਕਰਕੇ ਮਾਪੇ ਆਪਣੇ ਬੱਚਿਆਂ ਲਈ ਸਮਾਂ ਨਹੀਂ ਕੱਢ ਪਾ ਰਹੇ ਹਨ ਤੇ ਉਨ੍ਹਾ ਦੁਆਰਾ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਖਿਝ ਕੇ ਬੱਚਿਆਂ ਨਾਲ ਹਿੰਸਾਤਮਿਕ ਦੁਰਵਿਵਹਾਰ ਕਰਨ ਤੇ ਉੱਤਰ ਆਉਂਦੇ ਹਨ। ਆਪਣਾ ਗੁੱਸਾ, ਥਕਾਵਟ, ਖਿਝ ਤੇ ਮਾਨਸਿਕ ਅਸ਼ਾਂਤੀ ਆਦਿ ਨੂੰ ਬੱਚਿਆਂ ਤੇ ਕੱਢਣਾ ਬਹੁਤੇ ਮਾਪਿਆਂ ਦਾ ਸੁਭਾਅ ਬਣ ਗਿਆ ਹੈ। ਕਈ ਪਰਿਵਾਰਾਂ ਵਿਚ ਬਜ਼ੁਰਗਾਂ ਦੀ ਹਾਲਤ ਕਾਫ਼ੀ ਤਰਸਯੋਗ ਬਣੀ ਹੋਈ ਹੈ। ਸਾਰੀ ਉਮਰ ਬੱਚਿਆਂ ਲਈ ਮਿਹਨਤ-ਮੁਸ਼ਕਤ ਕਰ ਕੇ ਉਨ੍ਹਾਂ ਦੀਆਂ ਲੋੜਾਂ ਤੇ ਖ਼ਾਹਿਸ਼ਾਂ ਪੂਰੀਆਂ ਕਰਨ ਵਾਲੇ ਮਾਪੇ ਜਦੋਂ ਬਜ਼ੁਰਗ ਹੋ ਜਾਂਦੇ ਹਨ ਤਾਂ ਉਹ ਆਪਣੇ ਧੀਆਂ-ਪੁੱਤਾਂ ਦੇ ਮੁਥਾਜ ਹੋ ਜਾਂਦੇ ਹਨ। ਬੁਢਾਪੇ ਚ ਪੈਸੇ ਦੀ ਕਮੀ ਤੇ ਸਰੀਰਕ ਅਯੋਗਤਾ ਹੋ ਜਾਣ ਕਰਕੇ ਉਨ੍ਹਾਂ ਨੂੰ ਆਪਣੇ ਪੁੱਤਰਾਂ ਜਾਂ ਨੂੰਹਾਂ ਹੱਥੋਂ ਮੌਖਿਕ, ਮਾਨਸਿਕ ਜਾਂ ਕਦੇ ਕਦੇ ਸਰੀਰਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅੱਜ ਲੋੜ ਹੈ ਕਿ ਘਰੇਲੂ ਹਿੰਸਾ ਦੇ ਕਾਰਨਾਂ ਦੀ ਪਛਾਣ ਕਰ ਕੇ ਉਨ੍ਹਾ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ ਤੇ ਘਰੇਲੂ ਹਿੰਸਾ ਨੂੰ ਠੱਲ੍ਹ ਪਾਉਣ ਲਈ ਲੋੜੀਂਦੇ ਕਾਨੂੰਨ ਤੇ ਉਪਾਅ ਅਮਲ ਵਿਚ ਲਿਆਂਦੇ ਜਾਣ। ਸਕੂਲਾਂ, ਕਾਲਜਾਂ ਤੇ ਦਫ਼ਤਰਾਂ ਵਿਚ ਘਰੇਲੂ ਹਿੰਸਾ ਰੋਕਣ ਸੰਬੰਧੀ ਸੈਮੀਨਾਰ ਕਰਵਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਟੀ.ਵੀ. ਤੇ ਅਜਿਹੇ ਨਾਟਕਾਂ ਤੇ ਫ਼ਿਲਮਾਂ ਦਾ ਪ੍ਰਸਾਰਣ ਕੀਤਾ ਜਾਵੇ ਜੋ ਨੈਤਿਕ ਗੁਣਾਂ ਨੂੰ ਵਧਾਉਣ ਉੱਤੇ ਅਤੇ ਘਰੇਲੂ ਹਿੰਸਾ ਦੀ ਥਾਂ ਘਰ ਵਿਚ ਪਿਆਰ, ਸਲੂਕ ਅਤੇ ਸਤਿਕਾਰ ਵਧਾਉਣ ਦੀ ਲੋੜ ਉੱਤੇ ਜ਼ੋਰ ਦਿੰਦੇ ਹੋਣ।







# ਪੰਜਾਬੀਆਂ ਨੇ ਮੂੰਹ ਨਹੀਂ ਲਾਏ ਦਲ ਬਦਲੂ

ਹਰ ਵਾਰ ਦੀ ਤਰ੍ਹਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਪੰਜਾਬੀਆਂ ਨੇ ਹੈਰਾਨੀਜਨਕ ਨਤੀਜੇ ਦਿੱਤੇ ਹਨ। ਇਸ ਵਾਰ ਚੋਣਾਂ ਤੋਂ ਐਨ ਪਹਿਲਾਂ ਤੱਕ ਜਿਸ ਤਰ੍ਹਾਂ ਵੱਡੇ-ਵੱਡੇ ਨੇਤਾਵਾਂ ਵੱਲੋਂ ਟਿਕਟਾਂ ਦੇ ਲਾਲਚਵੱਸ ਆਪਣੀ ਪਾਰਟੀ ਛੱਡ ਕੇ ਦੂਜੀਆਂ ਪਾਰਟੀਆਂ ਵਿੱਚ ਸ਼ਮੂਲੀਅਤ ਕੀਤੀ ਗਈ, ਜਿਸ ਤੋਂ ਸਪਸ਼ਟ ਤੌਰ @ਤੇ ਲੱਗਦਾ ਸੀ ਕਿ ਇਹ ਉਮੀਦਵਾਰ ਯਕੀਨੀ ਤੌਰ @ਤੇ ਜਿੱਤ ਪ੍ਰਾਪਤ ਕਰਨਗੇ ਪਰ ਇਹਨਾਂ ਦਲਬਦਲੂ ਉਮੀਦਵਾਰਾਂ ਦੀ ਸੋਚ ਦੇ ਉਲਟ ਪੰਜਾਬ ਦੇ ਵੋਟਰਾਂ ਨੇ ਉਹਨਾਂ ਨੂੰ ਮੂੰਹ ਨਾ ਲਗਾਉਂਦਿਆਂ ਹਾਰ ਦਾ ਮੂੰਹ ਵਿਖਾ ਦਿੱਤਾ ਹੈ। ਇਹਨਾਂ ਹਾਰਨ ਵਾਲੇ ਉਮੀਦਵਾਰਾਂ ਵਿੱਚੋਂ ਮੁੱਖ ਤੌਰ 'ਤੇ ਫਤਿਹਗੜ੍ਹ ਸਾਹਿਬ ਲੋਕ ਸਭਾ ਹਲਕਾ ਤੋਂ ਗੁਰਪ੍ਰੀਤ ਸਿੰਘ ਜੀਪੀ ਜੋ ਕਿ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਕਾਂਗਰਸ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਸਨ। ਇਸੇ ਤਰ੍ਹਾਂ ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ ਜਿਹੜੇ ਕਾਂਗਰਸ ਪਾਰਟੀ ਛੱਡ ਕੇ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਤੇ ਹੁਣ ਆਮ ਆਦਮੀ ਪਾਰਟੀ ਵੱਲੋਂ ਉਹਨਾਂ ਨੂੰ ਟਿਕਟ ਮਿਲਣ ਦੇ ਬਾਵਜੂਦ ਉਹ ਭਾਜਪਾ 'ਚ ਸ਼ਾਮਿਲ ਹੋਏ ਸਨ ਅਤੇ ਜਲੰਧਰ ਤੋਂ ਹੀ ਪਵਨ ਕੁਮਾਰ ਟੀਨੂ ਵੀ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਜੋਂ ਚੋਣ ਲੜੇ ਸਨ, ਇਹਨਾਂ ਦੋਵਾਂ ਨੂੰ ਹੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਭ ਤੋਂ ਵੱਡੀ ਲੀਡ ਨਾਲ ਮਾਤ ਦਿੱਤੀ ਹੈ।

ਆਪਣੇ ਵਿਵਾਦਿਤ ਬਿਆਨਾਂ ਕਾਰਨ ਅਕਸਰ ਸੁਰਖੀਆਂ 'ਚ ਰਹਿਣ ਵਾਲੇ ਸਾਬਕਾ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਵੀ ਕੁਝ ਸਮਾਂ ਪਹਿਲਾਂ ਹੀ ਕਾਂਗਰਸ ਪਾਰਟੀ ਛੱਡ ਭਾਜਪਾ 'ਚ ਸ਼ਾਮਿਲ ਹੋਏ ਸਨ ਤੇ ਉਹ ਵੀ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਚੋਣ ਹਾਰ ਗਏ। ਇਸੇ ਤਰ੍ਹਾਂ ਪਟਿਆਲਾ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਮਹਾਰਾਣੀ ਪਰਨੀਤ ਕੌਰ ਹੋਰਾਂ ਨੇ ਵੀ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਭਾਜਪਾ 'ਚ ਸ਼ਮੂਲੀਅਤ ਕੀਤੀ ਸੀ, ਜਿਨਾਂ ਨੂੰ ਕਾਂਗਰਸ ਦੇ ਡਾ. ਧਰਮਵੀਰ ਗਾਂਧੀ ਨੇ ਲਗਾਤਾਰ ਦੂਜੀ ਵਾਰ ਹਰਾਇਆ ਹੈ। ਉਕਤ ਉਮੀਦਵਾਰਾਂ ਨੂੰ ਹਾਰ ਦਾ ਫਤਵਾ ਦੇ ਕੇ ਇੱਕ ਤਰ੍ਹਾਂ ਨਾਲ ਪੰਜਾਬੀਆਂ ਨੇ ਸਬਕ ਸਿਖਾਇਆ ਹੈ।

ਹੁਣ ਪੰਜਾਬੀ ਪਹਿਲਾਂ ਵਾਂਗ ਨੇਤਾਵਾਂ ਦੀਆਂ ਗੱਲਾਂ ਜਾਂ ਉਹਨਾਂ ਵੱਲੋਂ ਕੀਤੇ ਝੂਠੇ ਵਾਅਦਿਆਂ ਵਿੱਚ ਨਹੀਂ ਆਉਂਦੇ। ਇਸ ਤੋਂ ਇਲਾਵਾ ਦਿੱਲੀ ਦੀਆਂ ਬਰੂਹਾਂ 'ਤੇ ਲਗਾਏ ਕਿਸਾਨ ਅੰਦੋਲਨ ਉਪਰੰਤ ਲੋਕ ਖਾਸ ਕਰਕੇ ਪੰਜਾਬੀ ਆਪਣੇ ਨੇਤਾਵਾਂ ਨੂੰ ਮੂੰਹ 'ਤੇ ਹੀ ਸਵਾਲ ਕਰਨ ਲੱਗੇ ਹਨ, ਜਿਨ੍ਹਾਂ ਦੇ ਜਵਾਬ ਦੇਣੇ ਹਰ ਨੇਤਾ ਦੇ ਵੱਸ ਦੀ ਗੱਲ ਨਹੀਂ ਹੁੰਦੀ।

ਇਹਨਾਂ ਚੋਣਾਂ ਵਿੱਚ ਕਈ ਹੋਰ ਗੱਲਾਂ ਵੀ ਸਾਹਮਣੇ ਆਈਆਂ ਹਨ। ਸਰਕਾਰਾਂ ਜਿਨ੍ਹਾਂ ਨੂੰ ਬਾਗੀ ਸਮਝ ਕੇ ਜੇਲ੍ਹਾਂ ਵਿੱਚ ਸੁੱਟ ਦਿੰਦੀਆਂ ਹਨ, ਪੰਜਾਬ ਦੇ ਵੋਟਰ ਉਨਾਂ ਦੀ ਝੋਲੀ 'ਚ ਵੱਡੀ ਜਿੱਤ ਪਾ ਕੇ ਉਹਨਾਂ ਨੂੰ ਆਪਣੇ ਸਿਰ ਮੱਥੇ ਬਿਠਾ ਲੈਂਦੇ ਹਨ। ਵਕਤ ਦੀ ਕਰਵਟ ਦੇਖੋ, ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਉੱਤੇ ਐਨਐਸਏ ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਉਹਨਾਂ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ ਤੇ ਪੰਜਾਬੀਆਂ ਨੇ ਉਸੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਵਿੱਚੋਂ ਸਭ ਤੋਂ ਵੱਧ ਗਿਣਤੀ ਦੇ ਫਰਕ ਨਾਲ ਜਿਤਾ ਕੇ ਮੈਂਬਰ ਪਾਰਲੀਮੈਂਟ ਬਣਾ ਦਿੱਤਾ ਹੈ। ਇਸੇ ਤਰ੍ਹਾਂ ਆਪਰੇਸ਼ਨ ਬਲਿਊ ਸਟਾਰ ਦਾ ਬਦਲਾ ਲੈਣ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਖਾਲਸਾ ਨੂੰ ਵੀ ਫਰੀਦਕੋਟ ਹਲਕੇ ਤੋਂ ਪੰਜਾਬੀਆਂ ਨੇ ਐਮਪੀ ਬਣਾ ਦਿੱਤਾ ਹੈ। ਇਹ ਦੋਵੇਂ ਉਮੀਦਵਾਰ ਬਿਨਾਂ ਕਿਸੇ ਪਾਰਟੀ ਦੀ ਟਿਕਟ ਤੋਂ ਆਜ਼ਾਦ ਉਮੀਦਵਾਰ ਵੱਜੋਂ ਚੋਣ ਜਿੱਤੇ ਹਨ। 2024 ਦੀਆਂ ਚੋਣਾਂ ਵਿੱਚ ਸਿਮਰਨਜੀਤ ਸਿੰਘ ਮਾਨ, ਸੁੱਖਪਾਲ ਸਿੰਘ ਖਹਿਰਾ, ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ, ਰਵਨੀਤ ਸਿੰਘ ਬਿੱਟੂ, ਹੰਸ ਰਾਜ ਹੰਸ ਵਰਗੇ ਕਈ ਦਿੱਗਜ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਹਨਾਂ ਵਿੱਚੋਂ ਰਵਨੀਤ ਬਿੱਟੂ ਤੇ ਹੰਸ ਰਾਜ ਹੰਸ ਦੀ ਹਾਰ ਦਾ ਇੱਕ ਕਾਰਨ ਦੇਸ਼ ਦੇ ਅੰਨਦਾਤੇ ਪ੍ਰਤੀ ਧਮਕੀਆਂ ਭਰੇ ਬਿਆਨ ਵੀ ਹੋ ਸਕਦੇ ਹਨ।

ਅਮਰਬੀਰ ਸਿੰਘ ਚੀਮਾ
9888940211

ਆਮ ਆਦਮੀ ਪਾਰਟੀ ਵੱਲੋਂ ਪੰਜ ਸੀਟਾਂ @ਤੇ ਆਪਣੇ ਮੰਤਰੀਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ, ਜਿਨ੍ਹਾਂ ਵਿੱਚੋਂ ਸਿਰਫ ਇੱਕ ਉਮੀਦਵਾਰ ਹੀ ਜਿੱਤ ਪ੍ਰਾਪਤ ਕਰ ਸਕਿਆ ਹੈ। ਪੰਜਾਬ ਸਰਕਾਰ ਦੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਸੰਗਰੂਰ ਵਿੱਚ ਸਿਮਰਨਜੀਤ ਸਿੰਘ ਮਾਨ ਤੇ ਸੁਖਪਾਲ ਸਿੰਘ ਖਹਿਰਾ ਨੂੰ ਹਰਾ ਕੇ ਵੱਡੀ ਜਿੱਤ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਤੋਂ ਚੋਣ ਲੜ ਰਹੇ ਐਨਆਰਆਈ ਅਫੇਅਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਪਟਿਆਲਾ ਤੋਂ ਚੋਣ ਲੜ ਰਹੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਬਠਿੰਡਾ ਤੋਂ ਚੋਣ ਲੜ ਰਹੇ ਫੂਡ ਪ੍ਰੋਸੈਸਿੰਗ ਮੰਤਰੀ ਗੁਰਮੀਤ ਸਿੰਘ ਖੁਡੀਆਂ ਅਤੇ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਰੂਰਲ ਡਿਵੈਲਪਮੈਂਟ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਚੋਣ ਹਾਰ ਗਏ ਹਨ। ਚਾਰ ਮੰਤਰੀਆਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਲੁਧਿਆਣੇ ਤੋਂ ਪੱਪੀ ਪ੍ਰਾਸ਼ਰ, ਗੁਰਦਾਸਪੁਰ ਤੋਂ ਸ਼ੈਰੀ ਕਲਸੀ ਅਤੇ ਫਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਹੈ।13-0 ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਨੂੰ ਸਿਰਫ਼ ਤਿੰਨ ਸੀਟਾਂ ਹੀ ਮਿਲੀਆਂ ਹਨ ਜਦਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਖਾਤਾ ਖੋਲ੍ਹਣ ਵਿੱਚ ਵੀ ਨਾਕਾਮਯਾਬ ਰਹੀ ਹੈ ਪਰ ਭਾਜਪਾ ਦਾ ਵੋਟ ਬੈਂਕ ਜ਼ਰੂਰ ਵਧਿਆ ਹੈ।

ਨਿਰਸੰਦੇਹ ਪਿਛਲੇ 25 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਛੋਟੇ ਭਰਾ ਵਜੋਂ ਭਾਈਵਾਲੀ ਨਿਭਾਉਣ ਵਾਲੀ ਭਾਜਪਾ ਦਾ ਭਵਿੱਖ ਵਿੱਚ ਜੇਕਰ ਸ਼੍ਰੋਮਣੀ ਅਕਾਲੀ ਦਲ ਨਾਲ ਦੁਬਾਰਾ ਗੱਠਜੋੜ ਹੁੰਦਾ ਹੈ ਤਾਂ ਭਾਜਪਾ ਵੱਡੇ ਭਰਾ ਵਜੋਂ ਭਾਈਵਾਲੀ ਨਿਭਾਉਣ ਦੇ ਸਮਰੱਥ ਹੋਵੇਗੀ, ਕਿਉਂਕਿ ਇਹਨਾਂ ਚੋਣਾਂ ਦੇ ਨਤੀਜਿਆਂ ਵਿੱਚ ਜਿਆਦਾਤਰ ਸੀਟਾਂ @ਤੇ ਭਾਰਤੀ ਜਨਤਾ ਪਾਰਟੀ ਤੀਜੇ ਨੰਬਰ ਉੱਤੇ ਜਦਕਿ ਸ਼੍ਰੋਮਣੀ ਅਕਾਲੀ ਦਲ ਚੌਥੇ ਨੰਬਰ ਉੱਤੇ ਰਿਹਾ ਹੈ।

ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪੰਥਕ ਪਾਰਟੀ ਅਖਵਾਉਣ ਵਾਲੀ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਿਰਫ ਇੱਕ ਸੀਟ @ਤੇ ਸਿਮਟ ਕੇ ਰਹਿ ਗਈ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 117 ਸੀਟਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਸਿਰਫ ਤਿੰਨ ਸੀਟਾਂ ਆਈਆਂ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਤੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣੀਆਂ, ਬਰਗਾੜੀ ਕਾਂਡ, ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਬਿਨਾਂ ਮੰਗੇ ਮਾਫੀ ਦੇਣੀ ਸ਼੍ਰੋਮਣੀ ਅਕਾਲੀ ਦਲ ਦੇ ਪਤਨ ਦੇ ਮੁੱਖ ਕਾਰਨ ਮੰਨੇ ਜਾ ਸਕਦੇ ਹਨ। ਵਾਰ-ਵਾਰ ਮਿਲ ਰਹੀਆਂ ਹਾਰਾਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਸਬਕ ਸਿੱਖਣ ਦੀ ਲੋੜ ਹੈ।

# ਬੱਚਿਆਂ ਦੇ ਖਿਡਾਉਣੇ ਨਹੀਂ ਹਨ ਮੋਬਾਈਲ ਫੋਨ

ਸਾਇੰਸ ਅਤੇ ਤਕਨੀਕ ਦੀ ਤਰੱਕੀ ਨੇ ਇਨਸਾਨ ਦੀ ਸੁੱਖ-ਸਹੂਲਤ ਲਈ ਬਹੁਤ ਸਾਰਿਆਂ ਚੀਜ਼ਾਂ ਦਾ ਨਿਰਮਾਣ ਕੀਤਾ ਹੈ। ਸਾਇੰਸ ਦੀਆਂ ਕੁਝ ਕਾਢਾਂ ਨੇ ਤਾਂ ਇਨਸਾਨ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ। ਜਿਵੇਂ ਹਵਾ ਅਤੇ ਪਾਣੀ ਤੋਂ ਬਾਅਦ ਬਿਜਲੀ ਮਨੁੱਖ ਦੀ ਤੀਜੀ ਬੁਨਿਆਦੀ ਜ਼ਰੂਰਤ ਬਣ ਗ ?ੀ ਹੈ। ਜੇਕਰ ਕੁਝ ਸਮੇਂ ਲਈ ਬਿਜਲੀ ਚਲੀ ਜਾਵੇ ਤਾਂ ਜ਼ਿੰਦਗੀ ਦੀ ਰਫ਼ਤਾਰ ਹੀ ਰੁਕ ਜਾਂਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਉਪਕਰਣ ਸਾਡੀ ਜ਼ਿੰਦਗੀ ਦਾ ਅੰਗ ਬਣ ਗਏ ਹਨ। ਪਹਿਲਾਂ ਕਿਸੇ ਨੇ ਕਦੇ ਇਹ ਨਹੀਂ ਸੋਚਿਆ ਹੋਵੇਗਾ ਕਿ ਮੋਬਾਇਲ ਫੋਨ ਨਾਂ ਦਾ ਯੰਤਰ ਮਨੁੱਖੀ ਸਰੀਰ ਦਾ ਅੰਗ ਹੀ ਬਣ ਜਾਵੇਗਾ। ਇਸ ਮੋਬਾਇਲ ਫੋਨ ਨੇ ਬਹੁਤ ਸਾਰੇ ਹੋਰ ਉਪਕਰਣ ਜਿਵੇਂ ਘੜੀ, ਕੈਲਕੁਲੇਟਰ, ਅਲਾਰਮ ਘੜੀ, ਰੇਡੀਓ, ਟੀ ਵੀ, ਟੇਪ ਰਿਕਾਰਡਰ, ਕੈਮਰਾ ਆਦਿ ਆਪਣੇ ਵਿੱਚ ਸਮੇਟ ਲਏ ਹਨ। ਸ਼ਾਇਦ ਹੀ ਕੋਈ ਵਿਰਲਾ ਹੋਵੇ ਜੋ ਇਸ ਉਪਕਰਣ ਦੀ ਵਰਤੋਂ ਨਾ ਕਰਦਾ ਹੋਵੇ। ਇਸ ਇਲੈਕਟ੍ਰਾਨਿਕ ਯੰਤਰ ਦਾ ਮਨੁੱਖੀ ਜੀਵਨ ਤੇ ਚੰਗਾ ਅਤੇ ਮਾੜਾ ਦੋਵੇਂ ਤਰ੍ਹਾਂ ਦਾ ਪ੍ਰਭਾਵ ਪਿਆ ਹੈ। ਬਿਨਾਂ ਸ਼ੱਕ ਮੋਬਾਇਲ ਫੋਨ ਜਾਂ ਸਮਾਰਟ ਫੋਨ ਨੇ ਮਨੁੱਖੀ ਜੀਵਨ ਦਾ ਹਰ ਕੰਮ ਬਹੁਤ ਸੌਖਾਲਾ ਬਣਾ ਦਿੱਤਾ ਹੈ। ਕਿਸੇ ਮਿੱਤਰ ਪਿਆਰੇ ਨੂੰ ਸੁਨੇਹਾ ਭੇਜਣ ਜਾਂ ਪ੍ਰਾਪਤ ਕਰਨ ਲਈ ਹੁਣ ਹਫਤਿਆਂ ਤੱਕ ਚਿੱਠੀਆਂ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਸਗੋਂ ਹੁਣ ਤਾਂ ਸਮਾਰਟ ਫੋਨ ਦੀ ਵਰਤੋਂ ਨਾਲ ਆਹਮਣੇ-ਸਾਹਮਣੇ ਵੀਡੀਓ ਗੱਲਬਾਤ ਵੀ ਕੀਤੀ ਜਾ ਸਕਦੀ ਹੈ। ਇੰਟਰਨੈੱਟ ਦੀ ਵਰਤੋਂ ਨਾਲ ਦੇਸ਼ ਦੁਨੀਆਂ ਦੀ ਜਾਣਕਾਰੀ ਪਲਾਂ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਬੈਂਕਿੰਗ ਲੈਣ ਦੇਣ ਬਹੁਤ ਅਸਾਨ ਹੋ ਗਿਆ ਹੈ।



ਇਸ ਦੇ ਫਾਇਦਿਆਂ ਦੀ ਕੀ ਕੀ ਗੱਲ ਕਰੀਏ ਇਸ ਨਾਲ ਸੱਚਮੁੱਚ ਦੁਨੀਆਂ ਮੁੱਠੀ ਦੇ ਵਿੱਚ ਹੋ ਗਈ ਹੈ। ਮੋਬਾਇਲ ਫੋਨ ਬਿਨਾਂ ਹੁਣ ਜ਼ਿੰਦਗੀ ਦੀ ਕਲਪਨਾ ਕਰਨੀ ਵੀ ਮੁਸ਼ਕਲ ਲੱਗਦੀ ਹੈ। ਮਹਾਂਮਾਰੀ ਵਿੱਚ ਲਾਕਡਾਊਨ ਦੌਰਾਨ ਮੋਬਾਇਲ ਫੋਨ ਹੀ ਸਭ ਦਾ ਸਹਾਰਾ ਬਣਿਆ। ਸਕੂਲ ਬੰਦ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਤੱਕ ਮੋਬਾਇਲ ਫੋਨ ਤੇ ਹੋ ਰਹੀ ਹੈ।ਮੋਬਾਇਲ ਫੋਨ ਖ਼ਾਸਕਰ ਨੌਜਵਾਨਾਂ ਅਤੇ ਬੱਚਿਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਉਹ ਆਪਣਾ ਜ਼ਿਆਦਾਤਰ ਸਮਾਂ ਮੋਬਾਇਲ ਫੋਨ ਤੇ ਸੋਸ਼ਲ ਮੀਡੀਆ ਵਰਤਣ, ਵੀਡੀਓ ਵੇਖਣ , ਚੈਟ ਕਰਨ ਅਤੇ ਗੇਮਾਂ ਖੇਡਣ ਤੇ ਬਿਤਾਉਂਦੇ ਹਨ। ਸੀਮਤ ਸਮੇਂ ਲਈ ਤਾਂ ਠੀਕ ਹੈ ਪਰ ਵਧੇਰੇ ਸਮਾਂ ਸਮਾਰਟ ਫੋਨ ਦੀ ਵਰਤੋਂ ਉਨ੍ਹਾਂ ਲਈ ਬਹੁਤ ਹਾਨੀਕਾਰਕ ਹੈ। ਇਸਦਾ ਜਿਥੇ ਉਨ੍ਹਾਂ ਦੀ ਪੜ੍ਹਾਈ ਤੇ ਮਾੜਾ ਪ੍ਰਭਾਵ ਪੈਂਦਾ ਹੈ ਉਥੇ ਇਹ ਉਨ੍ਹਾਂ ਦੀਆਂ ਅੱਖਾਂ ਤੇ ਵੀ ਅਸਰ ਪਾਉਂਦਾ ਹੈ। ਹੁਣ ਬੱਚੇ ਬਾਹਰੀ ਖੇਡਾਂ ਬਹੁਤ ਘੱਟ ਖੇਡਦੇ ਹਨ ਅਤੇ ਪਬਜੀ ਵਰਗੀਆਂ ਮੋਬਾਈਲ ਗੇਮਾਂ ਦੇ ਆਦੀ ਬਣਦੇ ਜਾ ਰਹੇ ਹਨ। ਮੋਬਾਇਲ ਫੋਨ ਦੀ ਰੇਡੀਏਸ਼ਨ ਵੀ ਉਨ੍ਹਾਂ ਦੀ ਸਿਹਤ ਤੇ ਬੁਰਾ ਅਸਰ ਪਾਉਂਦੀ ਹੈ। ਉਹ ਸਾਰਾ ਦਿਨ ਮੋਬਾਈਲ ਫੋਨ ਵਿੱਚ ਇਨ੍ਹਾਂ ਵਿਅਸਤ ਰਹਿੰਦੇ ਹਨ ਕਿ ਕਿਸੇ ਨਾਲ ਗੱਲਬਾਤ ਤੱਕ ਨਹੀਂ ਕਰਦੇ ਜਿਸ ਨਾਲ ?ਨ੍ਹਾਂ ਦਾ ਬੋਧਿਕ ਵਿਕਾਸ ਰੁਕ ਰਿਹਾ ਹੈ। ਉਹ ਆਪਣੇ ਆਸ ਪਾਸ ਤੋਂ ਅਣਜਾਣ ਬਣਦੇ ਜਾ ਰਹੇ ਹਨ। ਅੱਜਕਲ੍ਹ ਆਮ ਵੇਖਣ ਵਿਚ ਆਉਂਦਾ ਹੈ ਕਿ ਅਣਜਾਣਤਾ ਵਿੱਚ ਨੌਜਵਾਨ ਜਾਂ ਬੱਚੇ ਮਾਪਿਆਂ ਦੀ ਕਮਾਈ ਲੁਟਾ ਲੈਂਦੇ ਹਨ ਜਾਂ ਕ ?ੀ ਵਾਰ ਕੋਈ ਸਾਈਬਰ ਕਰਾਈਮ ਕਰ ਬੈਠਦੇ ਹਨ। ਨਤੀਜੇ ਤੋਂ ਅਣਜਾਣ ਕਿਸੇ ਨੂੰ ਗਲਤ ਸੰਦੇਸ਼ ਭੇਜਣ ਜਾਂ ਅਸ਼ਲੀਲ ਸਮੱਗਰੀ ਵੇਖਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਵਰਚੁਅਲ ਦੁਨੀਆਂ ਵਿੱਚ ਗੁਆਚੇ ਬਹੁਤਿਆਂ ਨੇ ਖ਼ੁਦਕੁਸ਼ੀ ਤੱਕ ਵੀ ਕੀਤੀ ਹੈ। ਗੂਗਲ ਪਲੇਅ ਸਟੋਰ ਅਤੇ ਐਪ ਸਟੋਰ ਤੇ ਹਜ਼ਾਰਾਂ ਮੁਫ਼ਤ ਐਪਸ ਮੌਜੂਦ ਹਨ ਜਿਨ੍ਹਾਂ ਵਿੱਚੋਂ ਬੱਚੇ ਤਰ੍ਹਾਂ ਤਰ੍ਹਾਂ ਦੀਆਂ ਐਪਸ ਆਪਣੇ ਫੋਨ ਵਿੱਚ ਇੰਸਟਾਲ ਕਰਕੇ ਵਰਤੋਂ ਕਰਦੇ ਹਨ। ਪਰ ਇਨ੍ਹਾਂ ਮੁਫ਼ਤ ਐਪਸ ਬਣਾਉਣ ਵਾਲੇ ਐਪ ਡਿਵੈਲਪਰ ਵੀ ਲੁਕਵੇਂ ਢੰਗ ਨਾਲ ਪੈਸੇ ਕਮਾਉਂਦੇ ਹਨ। ਉਹ ਅਲਾਓ ਕੀਤੀਆਂ ਫੋਨ ਵਿਚਲੀਆਂ ਸੂਚਨਾਵਾਂ ਦੀ ਵਰਤੋਂ ਪੈਸਾ ਕਮਾਉਣ ਅਤੇ ਹੋਰ ਗਲਤ ਕੰਮਾਂ ਲਈ ਵੀ ਕਰ ਸਕਦੇ ਹਨ। ਉਦਹਾਰਣ ਦੇ ਤੌਰ ਤੇ ਵੱਖ-ਵੱਖ ਵੀਡੀਓਜ਼ ਵਿੱਚ ਮਸ਼ਹੂਰ ਸਿਤਾਰਿਆਂ ਦੇ ਫੇਸ ਦੀ ਥਾਂ ਆਪਣਾ ਫੇਸ ਲਗਾਉਣ ਵਾਲੀ ਐਪ ਪੂਰੇ ਕੈਮਰਾ ਰੋਲ ਦੀਆਂ ਫੋਟੋਆਂ ਨੂੰ ਐਕਸੈੱਸ ਕਰ ਕੇ ਸਾਡੇ ਫੇਸ ਦੇ ਵੱਖ-ਵੱਖ ਕੋਣਾਂ ਨੂੰ ਪਹਿਚਾਣਦੀ ਹੈ। ਉਹ ਇਸ ਜਾਣਕਾਰੀ ਨੂੰ ਬਾਇਓਮੈਟ੍ਰਿਕ ਪਹਿਚਾਣ ਦੀ ਤਰ੍ਹਾਂ ਗਲਤ ਮਕਸਦ ਲਈ ਵੀ ਵਰਤ ਸਕਦੀ ਹੈ। ਸੋ ਮੋਬਾਇਲ ਫੋਨ ਦੇ ਫਾਇਦਿਆਂ ਦੇ ਨਾਲ ਨਾਲ ਸਾਨੂੰ ਇਸ ਤੋਂ ਹੋ ਸਕਣ ਵਾਲੇ ਨੁਕਸਾਨਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਮੋਬਾਈਲ ਫੋਨ ਬੱਚਿਆਂ ਦੇ ਖਿਡਾਉਣੇ ਨਹੀਂ ਹਨ। ਇਹ ਸੁਵਿਧਾ ਦੇ ਨਾਲ ਨਾਲ ਵੱਡੀ ਦੁਵਿਧਾ ਵੀ ਬਣ ਸਕਦੇ ਹਨ। ਇਸਦੀ ਸੀਮਤ ਵਰਤੋਂ ਅਤੇ ਮਾੜੇ ਪ੍ਰਭਾਵਾਂ ਬਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਜਾਣੂ ਕਰਾਇਆ ਜਾਣਾ ਬਹੁਤ ਜ਼ਰੂਰੀ ਹੈ।

ਚਾਨਣ ਦੀਪ ਸਿੰਘ ਔਲਖ
ਸੰਪਰਕ : 9876888177



# ਵਾਤਾਵਰਨ ਪ੍ਰਤੀ ਸਮਝੀਏ ਫ਼ਰਜ਼

ਵਾਤਾਵਰਨ ਨੂੰ ਬਚਾਉਣ ਤੇ ਜ਼ਿੰਦਗੀ ਨੂੰ ਕੁਦਰਤ ਨਾਲ ਜੋੜਨ ਲਈ ਹਰ ਸਾਲ 5 ਜੂਨ ਨੂੰ ਸਮਾਜ ਨੂੰ ਵਾਤਾਵਰਨ ਸਬੰਧੀ ਜਾਗਰੂਕ ਕਰਨ ਲਈ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਧਰਤੀ ’ਤੇ ਰਹਿ ਰਹੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸੀ ਤੇ ਹੈ। ਮੌਜੂਦਾ ਸਮੇਂ ਮਨੁੱਖ ਨੇ ਆਪਣੇ ਨਿੱਜੀ ਸਵਾਰਥਾਂ ਲਈ ਕੁਦਰਤੀ ਸਰੋਤਾਂ, ਸੋਮਿਆਂ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ ਹੋਇਆ ਹੈ, ਜੋ ਬੇਹੱਦ ਮੰਦਭਾਗਾ ਹੈ। ਵਾਤਾਵਰਨ ਨੂੰ ਬਚਾਉਣ ਲਈ ਅਸੀਂ ਕਿੰਨਾ ਕੁ ਸਹਿਯੋਗ ਕਰ ਰਹੇ ਹਾਂ, ਇਸ ਦਾ ਜਵਾਬ ਸ਼ਾਇਦ ਨਾਂਹ ਦੇ ਬਰਾਬਰ ਹੀ ਹੋਵੇਗਾ ।

**ਮਨੁੱਖੀ ਹੋਂਦ ਨੂੰ ਖ਼ਤਰਾ**

ਵਧਦੇ ਪ੍ਰਦੂਸ਼ਣ ਕਾਰਨ ਮਨੁੱਖ ਦੀ ਹੋਂਦ ਨੂੰ ਖ਼ਤਰਾ ਹੈ। ਇਸ ਲਈ ਸਾਡੇ ਕੋਲ ਅਜੇ ਵੀ ਮੌਕਾ ਹੈ ਕਿ ਸੰਭਲ ਜਾਈਏ। ਜੇ ਮਨੁੱਖ ਨੂੰ ਖ਼ੁਦ ਨੂੰ ਬਚਾਉਣਾ ਹੈ ਤਾਂ ਘੱਟੋ-ਘੱਟ ਇਕ ਦਰੱਖ਼ਤ ਜ਼ਰੂਰ ਲਾਵੇ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਤੇ ਜਲਵਾਯੂ ਸੰਕਟ ਵਿਚਾਲੇ ਤਾਲਮੇਲ ਬਣਾਉਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਵਾਤਾਵਰਨ ਪ੍ਰਦੂਸ਼ਣ ਕਾਰਨ ਹਰ ਸਾਲ 70 ਲੱਖ ਲੋਕਾਂ ਦੀ ਜਾਨ ਜਾਂਦੀ ਹੈ ਤੇ ਇਸ ਨਾਲ ਬੱਚਿਆਂ ਦੇ ਵਿਕਾਸ ਨੂੰ ਵੀ ਨੁਕਸਾਨ ਪਹੁੰਚਦਾ ਹੈ। ਮਨੁੱਖੀ ਗਤੀਵਿਧੀਆਂ ਕਾਰਨ ਵਾਤਾਵਰਨ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋਇਆ ਹੈ, ਜਿਸ ਦੇ ਨਤੀਜੇ ਸਾਡੇ ਸਾਹਮਣੇ ਆ ਰਹੇ ਹਨ।

**ਗਲੋਬਲ ਵਾਰਮਿੰਗ ਦਾ ਕਾਰਨ**

ਧਰਤੀ ਦਾ ਵਧਦਾ ਤਾਪਮਾਨ ਤੇ ਹਵਾ ਪ੍ਰਦੂਸ਼ਣ ‘ਗਲੋਬਲ ਵਾਰਮਿੰਗ’ ਦਾ ਕਾਰਨ ਬਣਦੇ ਹਨ, ਜੋ ਵੱਡਾ ਖ਼ਤਰਾ ਹੈ। ਸਾਡੀ ਧਰਤੀ ’ਤੇ ਪਿਛਲੇ ਸਾਲਾਂ ਵਿਚ ਭੂਚਾਲ, ਹੜ੍ਹ, ਸੁਨਾਮੀ ਵਰਗੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਇਸ ਦੇ ਪਿੱਛੇ ਦਾ ਕਾਰਨ ਸਾਡੀ ਧਰਤੀ ਦੇ ਈਕੋ-ਸਿਸਟਮ ਵਿਚ ਆਈ ਤਬੀਦਲੀ ਅਤੇ ਤੇਜ਼ੀ ਨਾਲ ਵਧਦੀ ਗਲੋਬਲ ਵਾਰਮਿੰਗ ਦੇ ਕਾਰਨ ਹੀ ਇਹ ਸਭ ਹੋ ਰਿਹਾ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਿਕ ਦੂਸ਼ਿਤ ਹਵਾ ਕਾਰਨ ਹਜ਼ਾਰਾਂ ਦੀ ਗਿਣਤੀ ’ਚ ਬੇਵਕਤੀ ਮੌਤਾਂ ਹੋ ਰਹੀਆਂ ਹਨ। ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ’ਚ 14 ਇਕੱਲੇ ਭਾਰਤ ਦੇ ਹਨ।

**ਵਾਤਾਵਰਨ ਦਿਵਸ ਦਾ ਇਤਿਹਾਸ**

ਵਿਸ਼ਵ ਵਾਤਾਵਰਨ ਦਿਵਸ ਵਾਤਾਵਰਨ ਦੀ ਸੁਰੱਖਿਆ ਲਈ ਪੂਰੀ ਦੁਨੀਆ ’ਚ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਲਈ 1972 ’ਚ ਸੰਯੁਕਤ ਰਾਸ਼ਟਰ ਵੱਲੋਂ ਮਹਾਸਭਾ ਦਾ ਆਯੋਜਨ ਕੀਤਾ ਗਿਆ ਸੀ। ਚਰਚਾ ਦੌਰਾਨ ਵਿਸ਼ਵ ਵਾਤਾਵਰਨ ਦਿਵਸ ਦਾ ਸੁਝਾਅ ਦਿੱਤਾ ਗਿਆ ਅਤੇ ਇਸ ਤੋਂ 2 ਸਾਲ ਬਾਅਦ 5 ਜੂਨ 1974 ਨੂੰ ਇਸ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ। ਇਸ ਦਿਵਸ ਨੂੰ ਮਨਾਉਣ ਲਈ ਹਰ ਸਾਲ 143 ਦੇਸ਼ ਹਿੱਸਾ ਲੈਂਦੇ ਹਨ ਅਤੇ ਇਸ ਵਿਚ ਸਰਕਾਰੀ, ਸਮਾਜਿਕ ਤੇ ਵਪਾਰਕ ਲੋਕ ਵਾਤਾਵਰਨ ਦੀ ਸੁਰੱਖਿਆ, ਸਮੱਸਿਆ ਆਦਿ ਵਿਸ਼ੇ ’ਤੇ ਗੱਲ ਕਰਦੇ ਹਨ। ਭਾਰਤ ’ਚ ਵਾਤਾਵਰਨ ਸੁਰੱਖਿਆ ਐਕਟ 19 ਨਵੰਬਰ 1986 ’ਚ ਲਾਗੂ ਕੀਤਾ ਗਿਆ।

**ਵੱਧ ਤੋਂ ਵੱਧ ਲਗਾਏ ਜਾਣ ਦਰੱਖ਼ਤ**

ਸਮੇਂ ਦੀ ਮੰਗ ਹੈ ਕਿ ਵੱਧ ਤੋਂ ਵੱਧ ਦਰੱਖ਼ਤ ਲਗਾਏ ਜਾਣ। ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ, ਕਾਰਖ਼ਨਿਆਂ ’ਚ ਵਿਸ਼ੇਸ਼ ਕਿਸਮ ਦੀਆਂ ਚਿਮਨੀਆ ਲੱਗਣ, ਘਰਾਂ ਤੇ ਦਫ਼ਤਰਾਂ ’ਚ ਏਅਰ ਕੰਡੀਸ਼ਨਰਾਂ ਦੀ ਘੱਟ ਤੋਂ ਘੱਟ ਵਰਤੋਂ ਹੋਵੇ, ਵਾਤਾਵਰਨ ਦੀ ਸੁਰੱਖਿਆ ਸਬੰਧੀ ਕਾਨੂੰਨਾਂ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇ। ਬੱਚਿਆਂ ਨੂੰ ਸਕੂਲਾਂ ’ਚ ਵਾਤਾਵਰਨ ਸਬੰਧੀ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ, ਜੋ ਆਪਣਾ ਬਣਦਾ ਯੋਗਦਾਨ ਪਾ ਸਕਣ। ਆਓ ਸਾਰੇ ਮਿਲ ਕੇ ਆਪਣੇ ਵਾਤਾਵਰਨ ਨੂੰ ਪ੍ਰਦੂਸ਼ਣ-ਮੁਕਤ ਬਣਾਈਏ ਤੇ ਇਸ ਧਰਤੀ ਨੂੰ ਸੁਹੱਪਣ ਨਾਲ ਭਰ ਦੇਈਏ। ਹਰ ਵਿਅਕਤੀ ਆਪਣੀ ਜ਼ਿੰਦਗੀ ’ਚ ਜਿੰਨੀ ਆਕਸੀਜਨ ਦੀ ਵਰਤੋਂ ਕਰਦਾ ਹੈ, ਉਸ ਦੇ ਲਿਹਾਜ਼ ਨਾਲ ਉਸ ਨੂੰ ਘੱਟ ਤੋਂ ਘੱਟ 7 ਬੂਟੇ ਲਾਉਣੇ ਚਾਹੀਦੇ ਹਨ। ਅਸੀਂ ਹੁਣ ਵੀ ਸੰਭਲ ਜਾਈਏ, ਵਿਸ਼ਵ ਵਾਤਾਵਰਨ ਦਿਵਸ ’ਤੇ ਸਾਨੂੰ ਸਾਰਿਆਂ ਨੂੰ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣਾ ਦਾ ਪ੍ਰਣ ਕਰਨਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣਾ ਸਾਡਾ ਸਭ ਦਾ ਸਮਾਜਿਕ ਫ਼ਰਜ਼ ਹੈ। ਜੇ ਅਸੀਂ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰਾਂਗੇ ਤਾਂ ਖ਼ਤਰਨਾਕ ਨਤੀਜੇ ਤਾਂ ਸਾਨੂੰ ਹੀ ਭੁਗਤਣੇ ਪੈਣਗੇ।

**ਵਧਦਾ ਤਾਪਮਾਨ ਆਲਮੀ ਸਮੱਸਿਆ**

ਪ੍ਰਦੂਸ਼ਣ ਕਾਰਨ ਵਧਦਾ ਤਾਪਮਾਨ ਵਿਸ਼ਵ-ਵਿਆਪੀ ਸਮੱਸਿਆ ਬਣ ਚੁੱਕਿਆ ਹੈ। ਜੇ ਆਲਮੀ ਤਪਸ਼ ਇਸੇ ਰਫ਼ਤਾਰ ਨਾਲ ਵਧਦੀ ਗਈ ਤਾਂ ਗਲੇਸ਼ੀਅਰ ਖ਼ਤਮ ਹੋ ਜਾਣਗੇ, ਸਮੁੰਦਰਾਂ ’ਚ ਪਾਣੀ ਵਧ ਜਾਵੇਗਾ, ਜਿਸ ਨਾਲ ਸਮੁੰਦਰ ਕੰਢੇ ਵਸਣ ਵਾਲੇ ਕਰੋੜਾਂ ਲੋਕਾਂ ਦਾ ਖ਼ਾਤਮਾ ਹੋ ਜਾਵੇਗਾ। ਦਰੱਖ਼ਤਾਂ ਦੀ ਕਟਾਈ ਲਗਾਤਾਰ ਬੇਰਹਿਮੀ ਨਾਲ ਹੋ ਰਹੀ ਹੈ, ਜੋ ਵਾਤਾਵਰਨ ਪ੍ਰਦੂਸ਼ਣ ਲਈ ਸਭ ਤੋ ਵੱਧ ਜ਼ਿੰਮੇਵਾਰ ਹੈ। ਮੋਟਰ ਵਾਹਨਾਂ ਨੇ ਜਿੱਥੇ ਮਨੁੱਖੀ ਜੀਵਨ ਦੀ ਰਫ਼ਤਾਰ ਨੂੰ ਤੇਜ਼ ਕੀਤਾ ਅਤੇ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਇਨ੍ਹਾਂ ਨਾਲ ਹੋਣ ਵਾਲੇ ਪ੍ਰਦੂਸ਼ਣ ਕਾਰਨ ਅਨੇਕਾਂ ਭਿਆਨਕ ਬਿਮਾਰੀਆਂ ਪੈਦਾ ਹੋ ਰਹੀਆਂ ਹਨ।

- ਮਾਸਟਰ ਪ੍ਰੇਮ ਸਰੂਪ
9417134982



# ਪ੍ਰੀਤ ਫੁਲਵਾੜੀ

## ਰੁੱਖ ਅਤੇ ਮਨੁੱਖ

ਆਓ ਮਿਲਜੁਲ ਰੁੱਖ ਲਗਾਈਏ
ਪ੍ਰਦੂਸ਼ਣ ਦਾ ਦੈਂਤ ਭਜਾਈਏ।
ਵਾਤਾਵਰਣ ਦੀ ਕਰਨ ਹਿਫ਼ਾਜ਼ਤ
ਧਰਤ ਸੁਹਾਵੀ ਨੂੰ ਅਪਣਾਈਏ।
ਕਦੇ ਨਾ ਰੁੱਖ ਤੇ ਫੇਰੀਏ ਆਰੀ
ਲਾਈਏ ਇਨ੍ਹਾਂ ਦੇ ਸੰਗ ਯਾਰੀ।
ਗਰਮੀ ਸਹਿੰਦੇ, ਛਾਂ ਦਿੰਦੇ ਨੇ
ਰਲ਼ ਇਨ੍ਹਾਂ ਦੀ ਖ਼ੈਰ ਮਨਾਈਏ।
ਰੁੱਖ ਨੇ ਸਾਡੇ ਭੈਣ-ਭਰਾ
ਰੱਖਣ ਚੁਗਿਰਦਾ ਹਰਾ-ਭਰਾ।
ਹੜ੍ਹ-ਸੋਕੇ ਤੋਂ ਦੇਵਣ ਰਾਹਤ
ਰੁੱਖਾਂ ਦੀ ਜੈਕਾਰ ਬੁਲਾਈਏ।
ਸੌਂਏਸੀ ਦਾ ਕੰਮ ਹੈ ਕਰਦਾ
ਬੋਹੜ ਦਾ ਇੱਕ ਰੁੱਖ ਜੇ ਲੱਗਦਾ।
ਰੁੱਖ ਨੇ ਸਾਰੇ ਹੀ ਗੁਣਕਾਰੀ
ਨਿੰਮ ਤੇ ਟਾਹਲੀ ਘਰ-ਘਰ ਲਾਈਏ।
ਰੁੱਖਾਂ ਨਾਲ ਹੈ ਧਰਤੀ ਸੋਂਹਦੀ
ਜੰਗਲ-ਬੇਲਿਆਂ ਨਾਲ ਹੈ ਮੋਂਹਦੀ।
ਖ਼ੁਸ਼ਹਾਲੀ ਦਾ ਰੰਗ ਹਰਾ ਹੈ
ਸਾਵੀ ਧਰਤੀ ਨੂੰ ਮਹਿਕਾਈਏ।
ਰੁੱਖ ਨੇ ਜੀਵਨ, ਰੁੱਖ ਨੇ ਸੁੱਖ
ਇਨ੍ਹਾਂ ਤੋਂ ਮਿਟਦੇ ਸਭ ਦੁੱਖ।
ਪੀਂਘ ਝੂਟੀਏ ਰੁੱਖਾਂ ਉੱਤੇ
ਵਿਰਸਾ ਆਪਣਾ ਮੋੜ ਲਿਆਈਏ।
ਅੱਜ ਤੋਂ ਸਾਰੇ ਕਰੀਏ ਪ੍ਰਣ
ਫੁੱਲਣ-ਫੈਲਣ ਸਾਡੇ ਵਣ।
ਪੰਛੀਆਂ ਨੂੰ ਇਹ ਦੇਣ ਆਸਰਾ
ਵਾਤਾਵਰਣ ਦਾ ਦਿਵਸ ਮਨਾਈਏ।
ਰੁੱਖ ਨੇ ਪੌਣ, ਪਾਣੀ, ਆਹਾਰ
ਸਾਡੇ ਜੀਵਨ ਦਾ ਆਧਾਰ।
ਸ਼ੁੱਧ ਕੁਦਰਤੀ ਹਵਾ ਦੇ ਸੋਮੇ
ਇਨ੍ਹਾਂ ਨੂੰ ਨਾ ਜੜ੍ਹੋਂ ਮਿਟਾਈਏ।
ਰੁੱਖ ਜਾਪਣ ਦਰਵੇਸ਼ਾਂ ਵਰਗੇ
ਧੁੱਪ, ਮੀਂਹ, ਨ੍ਹੇਰੀ ਤਨ ਤੇ ਜਰਦੇ।
ਖੇੜਾ, ਖ਼ੁਸ਼ਬੂ, ਖ਼ੁਸ਼ੀ ਵਾਸਤੇ
ਗੀਤ ਰੁੱਖਾਂ ਦੇ ਮਿਲ ਕੇ ਗਾਈਏ।
ਜੀਵੇ ਧਰਤੀ, ਖ਼ਲਕਤ ਸਾਰੀ
ਬੱਚੇ, ਬੁੱਢੇ ਤੇ ਨਰ-ਨਾਰੀ।
ਰੁੱਖ-ਮਨੁੱਖ ਦੀ ਸਾਂਝ ਪੁਰਾਣੀ
ਸਾਂਝ ਇਹ ਪੀਡੀ ਹੋਰ ਬਣਾਈਏ।
ਰੁੱਖਾਂ ਵਿਚ ਕਵਿਤਾ ਦਾ ਵਾਸਾ
ਜਿਉਂ ਰੂਹੀ ਦੇ ਹੋਠੀਂ ਹਾਸਾ।
ਪ੍ਰਕਿਰਤੀ ਦੀ ਗੋਦ 'ਚ ਬਹਿ ਕੇ
ਆਪਾਂ ਵੀ ਕਵਿਤਾ ਹੋ ਜਾਈਏ।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015.**

## ਮਾਮੇ ਪਿੰਡ

ਮਾਮੇ ਪਿੰਡ ਜਾਵਾਂਗੇ,
ਛੁੱਟੀਆਂ ਬਤਾਵਾਂਗੇ।
ਘੁੰਮਾਂਗੇ ਬਜ਼ਾਰ ਨਾਲੇ,
ਚੀਜੀ ਲ਼ੈ ਕੇ ਖਾਵਾਂਗੇ।
ਮਾਮੇ ਕੋਲ ਸਾਈਕਲ,
ਕੈਂਚੀ ਚਲਾਵਾਂਗੇ।
ਝੂਟੇ ਮਾਟੇ ਲੈ ਕੇ,
ਦਿਲ ਪਰਚਾਵਾਂਗੇ।
ਬੋਰ ਵਾਲੇ ਟੋਏ ਚ@,
ਧਾਰ ਥੱਲੇ ਨਹਾਵਾਂਗੇ।
ਖਾਵਾਂਗੇ ਪੀਵਾਂਗੇ,
ਮੌਜ ਉਡਾਵਾਂਗੇ।
ਭੈਣ ਭਰਾਵਾਂ ਨਾਲ,
ਪਿਆਰ ਵਧਾਵਾਂਗੇ।
ਨਾਨੀ ਕੋਲ ਬੈਠ ਕੇ,
ਬਾਤਾਂ ਵੀ ਪਾਵਾਂਗੇ।
ਮਾਮੇ ਪਿੰਡ ਦੀਆਂ ਗੱਲਾਂ,
ਪੱਤੋ,ਸਕੂਲੇ ਸੁਣਾਵਾਂਗੇ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਵੋਟਾਂ

ਪੰਜਾਂ ਸਾਲਾਂ ਪਿੱਛੋਂ ਆਵਣ ਵੋਟਾਂ,
ਗਲੀ ਗਲੀ ਫਿਰਾਵਣ ਵੋਟਾਂ।
ਕਿਸੇ ਨੂੰ ਭਾਅ ਜੀ,ਕਿਸੇ ਨੂੰ ਭੈਣ ਜੀ,
ਕਿਸੇ ਨੂੰ ਮਾਤਾ ਜੀ ਕਹਾਵਣ ਵੋਟਾਂ।
ਕਿਸੇ ਨੂੰ ਅਫੀਮ, ਕਿਸੇ ਨੂੰ ਦਾਰੂ,
ਕਿਸੇ ਨੂੰ ਨੋਟ ਦੁਆਵਣ ਵੋਟਾਂ।
ਨੇਤਾਵਾਂ ਦੀ ਆਕੜ ਭੰਨ ਕੇ,
ਗਰੀਬਾਂ ਦਾ ਮੁੱਲ ਵਧਾਵਣ ਵੋਟਾਂ।
ਛੋਟੇ, ਵੱਡੇ ਦਾ ਫਰਕ ਮਿਟਾ ਕੇ,
ਸਭ ਅੱਗੇ ਹੱਥ ਜੁੜਾਵਣ ਵੋਟਾਂ।
ਖਬਰੇ ਨਤੀਜਾ ਕਿਹੋ ਜਿਹਾ ਆਣਾ,
ਸਭ ਦੀ ਨੀਂਦ ਚੁਰਾਵਣ ਵੋਟਾਂ।
ਹਾਰਿਆਂ ਦਾ ਮੁੜ ਖੜ੍ਹਨਾ ਔਖਾ,
ਏਨਾ ਖਰਚ ਕਰਾਵਣ ਵੋਟਾਂ।
ਨੇਤਾ ਨਾ ਪਛਾਨਣ ਕਿਸੇ ਨੂੰ,
@ਮਾਨ@ ਜਦ ਪੈ ਜਾਵਣ ਵੋਟਾਂ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਚੈਨਲਾਂ ਵਾਲੀ ਕੋਠੀ**
**ਨਵਾਂ ਸ਼ਹਿਰ-9915803554**

## .ਗਜ਼ਲ

ਫੋਨਾਂ ਤੇ ਗੱਲਾਂ ਹੋਵਣ ਸ਼ਾਮ ਸਵੇਰੇ,
ਕੋਈ ਨਾ ਦੇਖੇ ਬੈਠਾ ਕਾਗ ਬਨੇਰੇ।
ਮਾਇਆ ਲੈ ਕੇ ਸਾਰੇ ਚੁੱਪ ਹੋ ਜਾਂਦੇ ਨੇ,
ਅੱਜ ਕਲ੍ਹ ਕੋਈ ਨਾ ਕਿਸੇ ਲਈ ਹੰਝੂ ਕੇਰੇ।
ਘਰ ਬਹਿ ਕੇ ਹੀ ਰੱਬ ਦਾ ਨਾਂ ਲੈ ਲਾ ਕੁੜੀਏ,
ਕੀ ਕਰਨਾ ਤੂੰ ਜਾ ਕੇ ਬਾਬੇ ਦੇ ਡੇਰੇ ?
ਉਸ ਦੇ ਮਾੜੇ ਕੰਮ ਕਦੇ ਨ੍ਹੀ ਲੁਕ ਸਕਦੇ,
ਜਿੰਨੀ ਮਰਜ਼ੀ ਉਹ ਬਹਿ ਕੇ ਮਾਲਾ ਫੇਰੇ।
ਉਹ ਕਿਸੇ ਮੁਸ਼ਕਿਲ 'ਚ ਨਾ ਫਸਿਆ ਹੋਵੇ ਕਿਧਰੇ,
ਮੇਰੇ ਘਰ ਉਹ ਆਇਆ ਹੈ ਮੂੰਹ ਹਨੇਰੇ।
ਹੌਲੀ ਹੌਲੀ ਮਿੱਤਰ ਤੁਰਦੇ ਜਾਂਦੇ ਨੇ,
ਕੋਈ ਕੋਈ ਦਿਸਦਾ ਹੁਣ ਚਾਰ ਚੁਫੇਰੇ।
ਉਸ ਦੇ ਵਰਗਾ ਮਿਲਿਆ ਨ੍ਹੀ ਕੋਈ ਦੂਜਾ,
ਜੀਵਨ 'ਚ ਮਿਲੇ ਨੇ ਯਾਰੋ,ਯਾਰ ਬਥੇਰੇ।

**ਮਹਿੰਦਰ ਸਿੰਘ ਮਾਨ ਸਲੋਹ ਰੋਡ**
**ਨਵਾਂ ਸ਼ਹਿਰ -9915803554**

## ਕਵਿਤਾ ਕੱਚੇ ਘਰ

ਹਾਂ ਕੀ ਹੋਇਆ ਘਰ ਕੱਚੇ ਨੇ ਸਾਡੇ,
ਪਰ ਦਿਲ ਤਾਂ ਸੱਜਣਾ ਸੱਚੇ ਨੇ ਸਾਡੇ....
ਕਦੇ ਆਣ ਕੇ ਤਾਂ ਵੇਖੀਂ ਤੂੰ ਸਾਡੇ ਵਿਹੜੇ
ਆਲਿਆਂ-ਭੋਲਿਆਂ ਵਾਲੇ ਬੱਚੇ ਨੇ ਸਾਡੇ....
ਖ਼ੁਸ਼ੀਆਂ ਵੇਲੇ ਤਾਂ ਦਿਲਾਂ ਦੇ ਕੀ ਕਹਿਣੇ
ਦੁੱਖਾਂ ਵੇਲੇ ਵੀ ਝੂਮਰ ਪਾ-ਪਾ ਨੱਚੇ ਨੇ ਸਾਡੇ....
ਸਿਰ 'ਤੇ ਛੱਤਰ ਨੇ ਮਾਂਵਾਂ ਦੀਆਂ ਦੁਆਵਾਂ ਦੇ
ਤਾਂਹੀ ਚਾਵ੍ਹਾਂ ਦੇ ਸਿਰ-ਕਲਮ ਹੋਣੋਂ ਬਚੇ ਨੇ ਸਾਡੇ....
ਚੁੰਨੀਆਂ ਲਾਹੁਣ ਵਾਲੇ ਨ੍ਹੀਂ ,ਰਖਵਾਲੇ ਹਾਂ ਅਸੀਂ
ਇੱਜ਼ਤ ਅਤੇ ਗੈਰਤ ਤਾਂ ਖ਼ੂਨ 'ਚ ਰਚੇ ਨੇ ਸਾਡੇ....
ਰੰਗ ਮੁਬਾਰਕ ਨੇ ਬਹਾਰਾਂ ਵਾਲਿਆਂ ਨੂੰ ਇੱਥੇ
ਉਜਾੜਾਂ ਵਾਲਿਆਂ ਹੀ ਇਤਿਹਾਸ ਰਚੇ ਨੇ ਡਾਢ੍ਹੇ....
ਉਹ ਹੱਥ ਹੋਰ ਹੋਣੇ ਜੋ ਮਸ਼ੂਕਾਂ ਲਈ "ਸਿਮਰਨ"
ਕਲਮਾਂ ਅਤੇ ਤਲਵਾਰਾਂ ਲਈ ਹੱਥ ਜਚੇ ਨੇ ਸਾਡੇ....।

**ਗੁਰਸਿਮਰਨਜੀਤ ਸਿੰਘ**
**ਜ਼ਿਲ੍ਹਾ:-ਸ਼੍ਰੀ ਮੁਕਤਸਰ ਸਾਹਿਬ**
**ਮੋ.ਨੰ. :- 9876889525**

## ਪੰਛੀਆਂ ਨੂੰ ਪਾਣੀ ਪਿਲਾਓ

ਗਰਮੀ ਨੇ ਹੈ ਕਹਿਰ ਦਿਖਾਇਆ , ਸਭ ਪਾਸੇ
ਹਾਹਾਕਾਰ ਮਚ ਆਇਆ ,
ਬੰਦੇ ਪੱਖਿਆਂ , ਕੂਲਰਾਂ , ਏ.ਸੀਆਂ ਥੱਲੇ
ਜਾਨਵਰ – ਪੰਛੀ ਰਹਿ ਗਏ @ਕੱਲੇ ,
ਬੰਦੇ ਸ਼ਰਬਤ ਪੀ ਕੇ ਆਇਸ ਕਰੀਮਾਂ ਖਾਵਣ
ਜਾਨਵਰ – ਪੰਛੀ ਕਿੱਧਰ ਜਾਵਣ ?
ਇਨ੍ਹਾਂ @ਤੇ ਅੱਜ ਵਖਤ ਬੁਰਾ ਆਇਆ
ਕਈਆਂ ਨੇ ਹੈ ਜੀਵਨ ਗੁਆਇਆ ,
ਜੇ ਆਪਾਂ ਥੋੜ੍ਹਾ ਉਪਰਾਲਾ ਕਰੀਏ
ਇਨ੍ਹਾਂ ਲਈ ਜੰਗਲਾਂ @ਚ ਦਾਣਾ – ਪਾਣੀ ਧਰੀਏ ,
ਬਹੁਤਾ ਕੁਝ ਨਾ ਕਹਿ ਕੇ ÷ ਧਰਮਾਣੀ ÷
ਆਓ !ਜਾਨਵਰਾਂ – ਪੰਛੀਆਂ ਨੂੰ ਪਾਈਏ ਪਾਣੀ ,
ਤਾਂ ਹੀ ਖਿੜੇਗੀ ਕੁਦਰਤ ਰਾਣੀ
ਤਾਂ ਹੀ ਚੱਲੇਗੀ ਇਨ੍ਹਾਂ ਦੀ ਜੀਵਨ ਕਹਾਣੀ ,
ਆਓ !ਪੰਛੀਆਂ ਨੂੰ ਪਾਈਏ ਪਾਣੀ
ਆਓ !ਪੰਛੀਆਂ ਨੂੰ ਪਾਈਏ ਪਾਣੀ।

**ਮਾਸਟਰ ਸੰਜੀਵ ਧਰਮਾਣੀ**
**9478561356**

## ਹਾਦਸਿਆਂ ਦੇ ਰੂ-ਬ-ਰੂ

ਹਾਦਸਿਆਂ ਦੇ ਰੂ-ਬ-ਰੂ ਹੋਇਆ ਹਾਂ ਸਦਾ ਮੈਂ।
ਯਾਰਾ ਤੇਰੀ ਦੀਦ ਲਈ ਰੋਇਆ ਹਾਂ ਸਦਾ ਮੈਂ।
ਤੜਫਿਆ ਹਾਂ ਲੁੜਛਿਆ ਹਾਂ ਬਿਖਰਿਆ ਤੇ ਟੁੱਟਿਆ,
ਜਿਸਮ ਤੋਂ ਲੈ ਜ਼ਿਹਨ ਤੱਕ ਕੋਹਿਆ ਹਾਂ ਸਦਾ ਮੈਂ।
ਨਾਜ਼ੁਕ ਨਰਮ ਨਿਮਾਣਾ ਲੱਗਦਾ ਕੰਡਿਆਂ ਨੂੰ,
ਫੁੱਲਾਂ ਦੇ ਲਈ ਪੱਥਰ ਲੋਹਿਆ ਹਾਂ ਸਦਾ ਮੈਂ।
ਤੇਰੀਆਂ ਸੱਧਰਾਂ ਅਰਮਾਨਾਂ ਦਾ ਕਾਤਲ ਹਾਂ ਭਾਵੇਂ,
ਆਪਣੇ ਵੀ ਜਜ਼ਬਾਤਾਂ ਤੋਂ ਖੋਹਿਆ ਹਾਂ ਸਦਾ ਮੈਂ।
ਸਾਹਾਂ ਦਾ ਚੱਲਣਾ ਹੀ ਜ਼ਿੰਦਗੀ ਨਹੀਂ ਹੁੰਦੀ,
ਜਿਊਂਦਾ ਜਾਗਦਾ ਤੁਰਦਾ ਵੀ ਮੋਇਆ ਹਾਂ ਸਦਾ ਮੈਂ।

**ਡਾ. ਆਤਮਾ ਸਿੰਘ ਗਿੱਲ**
**9878883680**

## ਲੀਡਰ

ਲੀਡਰ ਚੋਣ ਜਿੱਤ ਖੁਸ਼ੀ ਪਰਗਟ ਕਰਦਾ,
ਉਹ ਝੱਟ ਉਂਗਲਾਂ ਦੀ ਵੀ ਸ਼ੇਪ ਬਣਾ ਲੈਂਦਾ।
ਮੱਥਾ ਟੇਕੇ ਧਾਰਮਿਕ ਅਸਥਾਨ ਤੇ ਜਾਕੇ,
ਢੋਲ ਢੱਮਕਿਆਂ ਨਾਲ ਖੁਸ਼ੀ ਮਨਾ ਲੈਂਦਾ।
ਰਾਤ ਨੂੰ ਖੁਸ਼ੀ ਵਿਚ ਬੋਤਲਾਂ ਦੇ ਡੱਟ ਖੁੱਲ੍ਹਦੇ,
ਵਰਕਰਾਂ ਨਾਲ ਰਲਕੇ ਮਹਿਫ਼ਲ ਜਮਾ ਲੈਂਦਾ।
ਦੂਸਰਾ ਦਿਨ ਚੜ੍ਹਦਾ ਤਾਂ ਮਹੌਲ ਹੋਰ ਹੁੰਦਾ,
ਕੀਤੇ ਹੋਏ ਵਾਅਦਿਆਂ ਨੂੰ ਲੀਡਰ ਭੁਲਾ ਲੈਂਦਾ।
ਪੰਜ ਸਾਲ ਮੰਤਰੀ ਬਣ ਕੇ ਉਹ ਮੌਜ਼ ਕਰਦਾ,
ਆਪਣੀ ਕਾਰ ਉੱਪਰ ਲਾਲ ਬੱਤੀ ਲਵਾ ਲੈਂਦਾ।
ਵਰਕਰਾਂ ਨੂੰ ਹੂਟਰ ਮਾਰ ਕਾਰ ਥੱਲੇ ਦੇਣ ਜਾਵੇ,
ਸਿਆਸਤ ਦੇ ਨਸ਼ੇ ਵਿਚ ਕਦਰ ਗਵਾ ਲੈਂਦਾ।
ਮੁੱਲਾਂਪੁਰ ਚਿਰਾਂ ਦਾ ਇਹੋ ਚਲਦਾ ਆ ਰਿਹਾ,
ਖਰਚ ਕੀਤੀ ਦੌਲਤ ਲੀਡਰ ਫਿਰ ਕਮਾ ਲੈਂਦਾ।

**ਸੁਖਵਿੰਦਰ ਸਿੰਘ ਮੱਲਾਂਪੁਰ**
**ਵ. ਅੱਪ +91 9914184794**

## ਮਿੱਠੀ

ਮਿੱਠੀ ਕੁਲਫੀ ਖਾਓ,
ਕੁਲਫੀ ਖਾ ਕੇ ਠੰਢ ਤੁਸੀਂ ਪਾਓ ,
ਗਰਮੀਆਂ ਵਿੱਚ ਦੁੱਧ ਵਾਲੀ ,
ਕੁਲ਼ਫ਼ੀ ਲੱਗਦੀ ਬੜੀ ਸੁਆਦ ,
ਦੁਪਹਿਰ ਨੂੰ ਕੁਲਫੀ ਵਾਲਾ ਆਉਂਦਾ ,
ਬੱਚਿਆਂ ਨੂੰ ਖ਼ੁਸ਼ੀ ਦੇ ਜਾਂਦਾ ,
ਮਿੱਠੀ – ਮਿੱਠੀ ਕੁਲਫੀ ਖਾਓ ,
ਕੁਲਫੀ ਖਾ ਕੇ ਠੰਢ ਤੁਸੀਂ ਪਾਓ ,
ਮਿੱਠੀ – ਮਿੱਠੀ ਕੁਲਫੀ ਖਾਓ ,
ਕੁਲਫੀ ਖਾ ਕੇ ਮੌਜ ਉਡਾਓ।

**ਸਿਮਰਨ ਕੌਰ**
**ਸ਼੍ਰੀ ਅਨੰਦਪੁਰ ਸਾਹਿਬ**

## ਸ਼੍ਰੀ ਗੁਰੂ ਅਰਜਨ ਦੇਵ ਜੀ

ਜੂਨ ਦਾ ਮਹੀਨਾ ਗਰਮੀ ਸੀ ਕਹਿਰ ਦੀ ।
ਮਘਦੀ ਸੀ ਧੁੱਪ ਸਿਰ @ਤੇ ਦੁਪਹਿਰ ਦੀ ।
ਤੱਤੀ ਤਵੀ ਉਤੇ ਗੁਰੂ ਸਾਹਿਬ ਬਹਿ ਗਏ ।
ਜ਼ਾਲਮਾਂ ਦਾ ਹੋ ਜਾਏਗਾ ਨਾਸ਼ ਕਹਿ ਗਏ ।
ਪਾ ਕੇ ਸ਼ਹੀਦੀ ਇਤਿਹਾਸ ਰਚ ਗਏ ।
ਸੂਰਜ ਦੇ ਵਾਂਗ ਇਕ ਆਸ ਰਚ ਗਏ ।
ਇਹੋ ਜਿਹਾ ਦੁਨੀਆਂ @ਤੇ ਹੋਰ ਹੋਣਾ ਨਈਂ ।
ਆਪਾ ਜ਼ਿੰਦਗਾਨੀ ਦਾ ਕਿਸੇ ਵੀ ਖੋਣ੍ਹਾਂ ਨਈਂ।
ਸਾਲ ਤਰਤਾਲੀ ਤੇ ਮਹੀਨਾ, ਸੋਲ੍ਹਾਂ ਦਿਨ ।
ਸ਼ਹੀਦੀ ਨੂੰ ਉਹ ਦੇ ਗਏ ਸਦੀਆਂ ਦੇ ਛਿਣ ।
ਗੁਰੂ ਰਾਮ ਦਾਸ ਜੀ ਦੇ ਘਰ ਪੈਦਾ ਹੋਏ ।
ਫਿਰ ਮਾਤਾ ਭਾਨੀ ਜੀ ਦੀ ਖੁਸ਼ੀ ਨਾ ਸਮੋਏ ।
ਜਨਮ ਸਥਾਨ ਸੀਗਾ ਗੋਇੰਦਵਾਲ ਜੀ।
ਨੇਕੀ ਵਾਲੇ ਫੁਲਾਂ ਨਾਲ ਭਰੀ ਡਾਲ ਜੀ।
ਹੋਇਆ ਸੀ ਵਿਆਹ ਮਾਤਾ ਗੰਗਾ ਨਾਲ ਜੀ।
ਪੈਦਾ ਹੋਏ ਫਿਰ ਹਰਿਗੋਬਿੰਦ ਲਾਲ ਜੀ।
ਅੰਮ੍ਰਿਤਸਰ ਪ੍ਰਚਾਰ ਦਾ ਸਥਾਨ ਸੋਹਣਾ ਸੀ ।
ਵਾਤਾਵਰਨ ਕੁਦਰਤ ਦਾ ਮਨਮੋਹਣਾ ਸੀ ।
ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਹੋਏ ਨੇ ।
ਗ੍ਰੰਥ ਦੀ ਸੰਪਾਦਨਾ ਦੇ ਦਾਤਾ ਹੋਏ ਨੇ ।
ਚੌਦਾਂ ਸੌ ਤੀਹ ਪੰਨਿਆਂ ਨੂੰ ਸਿਰਜਿਆ ।
ਸੱਚੇ ਸੁੱਚੇ ਕਵੀਆਂ ਨੂੰ ਮਾਣ ਬਖਸ਼ਿਆ ।
ਭੱਟ, ਗੁਰਸਿੱਖ, ਭਗਤਾਂ ਦੀ ਬਾਣੀ ਹੈ ।
ਗੁਰੂ ਜੀ ਦੀ ਬਾਣੀ ਇਸ 'ਚ ਲਾਸਾਨੀ ਹੈ ।
ਜਾਤ ਪਾਤ ਰੰਗ ਰੂਪ ਨੂੰ ਤਿਆਗ ਕੇ ।
ਇਨਸਾਨੀ ਕਦਰਾਂ ਤੇ ਕੀਮਤਾਂ ਪਿਆਰ ਕੇ ।
ਗੁਰੂ ਜੀ ਦੇ ਦੋ ਸੌ ਸਤੱਤਰ ਸਲੋਕ ਨੇ ।
ਚੰਨ ਅਤੇ ਤਾਰਿਆਂ ਦੇ ਵਾਂਗ ਬੋਲ ਨੇ ।
ਉਹਨਾਂ ਦਾ ਸੀ ਯਾਰ ਮੀਆਂ ਮੀਰ ਬਾਲਮਾ ।
ਉੱਚ ਕੋਟੀ ਵਾਲਾ ਸੀ ਫ਼ਕੀਰ 'ਬਾਲਮ'।
ਇਹੋ ਜਿਹੇ ਯਾਰਾਨੇ ਟਾਂਵੇਂ-ਟਾਂਵੇਂ 'ਬਾਲਮਾ' ।
ਜਗਦੇ ਨੇ ਦੀਵੇ ਛਾਂਵੇਂ-ਛਾਂਵੇਂ 'ਬਾਲਮਾ' ।
ਸੂਰਜ ਦਾ ਜਗਦਾ ਪੈਗਾਮ ਰਵੇਗਾ ।
ਗੁਰੂ ਜੀ ਦਾ ਜੱਗ ਉਤੇ ਨਾਮ ਰਵੇਗਾ ।

**ਬਲਵਿੰਦਰ ਬਾਲਮ**
**ਓਕਾਂਰ ਨਗਰ, ਗੁਰਦਾਸਪੁਰ (ਪੰਜਾਬ)**
**ਮੋ. 9815625409**

## ਅਸੀਂ ਬੰਦੇ ਸੀ ਓਏ ਲੱਖਾਂ ਦੇ

ਬਣ ਪ੍ਰਛਾਵੇ ਰਹਿੰਦੇ ਸੀ ਓਹ ,
ਅੱਜ ਸੁਪਨੇ ਬਣਗੇ ਅੱਖਾਂ ਦੇ ,
ਕਰ ਗਏ ਮਿੱਟੀ ਦੇਖ ਲੈ ਤੂੰ ,
ਅਸੀਂ ਬੰਦੇ ਸੀ ਓਏ ਲੱਖਾਂ ਦੇ ।
ਭਟਕ ਰਹੀ , ਰੂਹ ਮੇਰੀ ,
ਦੀਦਾਰ ਓਹਦਾ ਕਰਨ ਨੂੰ ,
ਬਸ ਇੱਕ ਝਲਕ ਮਿਲਜੇ ਕਾਫੀ,
ਥਾਂ ਮਿਲ ਜਾਵੇ , ਕਿਤੇ ਮਰਨ ਨੂੰ
ਮੁੱਲ ਵਫਾਂ ਦਾ ਕੋਈ ਏਥੇ ,
ਮੁੱਲ ਪੈਂਦੇ ਨਾ ਜਿਵੇਂ ,ਕੱਖਾਂ ਦੇ ।
ਕਰ ਗਏ ਮਿੱਟੀ ..............
ਹਰੀ ਭਰੀ ਸੜਦੀ ਧਰਤੀ ,
ਬੱਦਲਾਂ ਦੇ ਓਏ ,ਪਾਣੀ ਬਿਨਾਂ
ਦਿਲ ਮੇਰਾ ਵੀ, ਇੰਝ ਸੜਦਾ
ਦਿਲਬਰ , ਦਿਲਜਾਨੀ ਬਿਨਾਂ ,
ਬੇਵੱਸ ,ਇਸਕ ਦੇ ਭੂਤ ਅੱਗੇ
ਯਾਦੂ ਮੰਤਰ , ਤਵੀਤ ਰੱਖਾਂ ਦੇ ।
ਕਰ ਗਏ ਮਿੱਟੀ ................
ਖੁਦ ਨੂੰ , ਕਿਵੇਂ ਮੈ ਯਾਰਾਂ
ਬਿਰਹੋਂ ਦੀ ਭੱਠੀ ਝੋਕ ਲਵਾਂ ,
ਉਸਦੇ ਵੱਲ ਜਾਂਦੇ ਕਦਮਾਂ ਨੂੰ ,
ਦੱਸ ਕਿਵੇਂ ਮੈਂ ਰੋਕ ਲਵਾਂ ,
ਸੁੱਕ ਕੇ ਕਾਨਾ ,'ਦਰਦੀ' ਹੋਇਆਂ ,
ਦਿਲ ਵਿੱਚ ਪੰਡ ਰੱਖ ਸੱਕਾਂ ਦੇ ।
ਕਰ ਗਏ ਮਿੱਟੀ ................ .

**ਸਿਵਨਾਥ ਦਰਦੀ**
**ਸੰਪਰਕ :- 9855155392**

## ਕੋਇਲ

ਕੋਇਲ ਮਿੱਠੀ ਬੋਲੀ ਬੋਲੇ,
ਕੰਨਾਂ ਦੇ ਵਿੱਚ ਰਸ ਪਈ ਘੋਲੇ।
ਲੰਮੀਆਂ ਲੰਮੀਆਂ ਹੇਕਾਂ ਲਾਉਦੀ,
ਜਦ ਕੂਕੇ ਖਿਚ ਜੇਹੀ ਪਾਉਂਦੀ।
ਹਰੇ ਭਰੇ ਦਰੱਖਤਾਂ ਉੱਤੇ,
ਆਉਦੀ ਇਹ ਸਾਵਣ ਰੁੱਤੇ।
ਬਾਗਾਂ ਦੇ ਵਿੱਚ ਨੱਚੇ ਬਹਾਰ,
ਅੰਬਾਂ ਦੇ ਨਾਲ ਇਸ ਦਾ ਪਿਆਰ।
ਹੁੰਦੀ ਇਹ ਕਾਲੇ ਰੰਗਦੀ,
ਸਦਾ ਹੀ ਖੁਸਹਾਲੀ ਮੰਗਦੀ।
ਬੱਚਿਓ ਪੰਛੀ ਬੜੇ ਪਿਆਰੇ,
ਇੱਕ ਤੋਂ ਇੱਕ ਸਾਰੇ ਦੇ ਸਾਰੇ।
ਖੁਸੀਆਂ ਦੇ ਨਾਲ ਰਹਿਣ ਜਿਉਂਦੇ,
ਪੱਤੋ, ਸਭ ਦੀ ਸੁੱਖ ਮਨਾਉਂਦੇ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਕਵਿਤਾ

ਕੁਰਸੀ ਹੋਵੇ ਜਿਸ ਦੇ ਥੱਲੇ,
ਉਸ ਦੀ ਹੋ ਜਾਏ ਬੱਲੇ, ਬੱਲੇ।
ਕੁਰਸੀ ਪਛਾਨਣ ਨਾ ਦੇਵੇ ਭੈਣ,ਭਰਾ,
ਕੁਰਸੀ ਹੋਵੇ ਭੁੱਲ ਜਾਏ ਖ਼ੁਦਾ।
ਕੁਰਸੀ ਲਈ ਧਨ ਦੇਣਾ ਪੈਂਦਾ,
ਗਧੇ ਨੂੰ ਪਿਉ ਕਹਿਣਾ ਪੈਂਦਾ।
ਧਨ ਦੇ ਕੇ ਜੋ ਕੁਰਸੀ ਲੈਂਦਾ,
ਮੌਤ ਤੱਕ ਉਹ ਇਸ ਤੇ ਬਹਿੰਦਾ।
ਕੁਰਸੀ ਲਈ ਨੇਤਾ ਜੋਤਸ਼ੀਆਂ ਕੋਲ ਜਾਣ,
ਬਾਬਿਆਂ ਤੇ ਸੰਤਾਂ ਦੇ ਪੈਰੀਂ ਹੱਥ ਲਾਣ।
ਕੁਰਸੀ ਲਈ ਉਹ ਲੋਕਾਂ ਨੂੰ ਲੜਾਣ,
ਕੁਰਸੀ ਲਈ ਉਹ ਹਰ ਹੱਦ ਤੱਕ ਜਾਣ।
ਕੁਰਸੀ ਕਹੇ,"ਹੁਣ ਮੈਨੂੰ ਛੱਡੋ,
ਬੁੱਢੇ ਹੋ ਗਏ ਹੋ,ਰੱਬ ਦਾ ਨਾਂ ਜਪੋ।
ਤੁਹਾਡੇ ਪਿੱਛੇ ਹੋਰ ਬਹੁਤ ਖੜ੍ਹੇ ਨੇ,
ਤੁਹਾਡੇ ਨਾਲੋਂ ਉਹ ਸਿਆਣੇ ਬੜੇ ਨੇ।"
ਬਹਿ ਜਾਵੇ ਜੋ ਕੁਰਸੀ ਨੂੰ ਮਾਰ ਕੇ ਜੱਫਾ,
ਲੋਕ ਉਸ ਨੂੰ ਥੱਲੇ ਸੁੱਟਣ ਮਾਰ ਕੇ ਧੱਫਾ।
'ਮਾਨ'ਜੋ ਕੁਰਸੀ ਦਾ ਕਰੇ ਸਤਿਕਾਰ,
ਲੋਕ ਵੀ ਉਸ ਨੂੰ ਦਿਲੋਂ ਕਰਨ ਪਿਆਰ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

## ਦੋਗਲੇ ਚਿਹਰੇ

ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ
ਇੱਕੋ ਥਾਲੀ ਵਿੱਚ ਖਾ ਜਹਿਰ ਬਣਾਉਂਦੇ
ਉੱਤੋਂ -ਉੱਤੋਂ ਜੋ ਪੱਗ ਵਟਾਉਂਦੇ
ਯਾਰ ਮਾਰ ਉਹੀ ਨੇ ਕਰਦੇ ਜੋ ਦਿਲ ਦੇ ਨੇੜੇ ਨੇ
ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ
ਜਿੰਨ੍ਹਾਂ ਉੱਤੇ ਤੂੰ ਫਿਰਦਾ ਏ ਡੁੱਲਿਆ
ਉਹਨਾਂ ਤੇਰਾ ਚੇਤਾ ਵੀ ਭੁੱਲਿਆ
ਉਹ ਫਿਰ ਨਹੀਓ ਸੁਣਦੇ
ਜੋ ਬਣ ਜਾਂਦੇ ਗੂੰਗੇ ਬਹਿਰੇ ਨੇ
ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ
ਭੱਜ-ਭੱਜ ਜੋ ਗਲ ਨੂੰ ਆਉਂਦੇ
ਇੱਕ ਦਿਨ ਓਹੀ ਗਲ ਫਾਹਾ ਲਾਉਂਦੇ
ਗਗਨ ਏਥੇ ਹੀ ਅਮਲਾਂ ਦੇ ਹੋਣੇ ਨਿਬੇੜੇ ਨੇ
ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ

**ਗਗਨਦੀਪ ਕੌਰ ਧਾਲੀਵਾਲ**

# Preetnama

Khara Sach

ਪ੍ਰੀਤਨਾਮਾ ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 256 | Website: www.preetnama.com Email preetnamausa@gmail.com | 07 JUNE TO 13 JUNE , 2024




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 256

Website: www.preetnama.com Email preetnamausa@gmail.com

07 JUNE TO 13 JUNE , 2024

No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

**Doesn't matter where are you.**

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com